

INTERNATIONAL MAGAZINE
RNI No. 61816/95
Postal Regd. No. CHD/0081/2015-17
Date of Publishing : 24/11/2015
Page No. From 1 to 68
Date of Posting 30/11/2015
Last Date of Every Month
30/-
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥
ਆਤਮ ਮਾਰਗ
ਦਸੰਬਰ 2015
ਸ਼ਹੀਦਾਂ ਨੂੰ ਕੋਟਿ-ਕੋਟਿ ਪ੍ਰਣਾਮ

# ਆਤਮ ਮਾਰਗ

**ਸਾਲ ਇੱਕੀਵਾਂ, ਮਹੀਨਾ ਦਸੰਬਰ, 2015**


ਵਿਸ਼ਵ ਗੁਰਮਤਿ ਰੂਹਾਨੀ ਮਿੱਸ਼ਨ ਚੈਰੀਟੇਬਲ ਟਰੱਸਟ
ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

ਬਾਨੀ
ਸਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

**ਚੇਅਰਮੈਨ**
ਸੰਤ ਬਾਬਾ ਲਖਬੀਰ ਸਿੰਘ ਜੀ

ਐਡੀਟਰ-ਇਨ-ਚੀਫ
ਬਾਬਾ ਹਰਪਾਲ ਸਿੰਘ ਜੀ

ਮੈਨੇਜਿੰਗ ਐਡੀਟਰ
ਭਾਈ ਸੁਖਵਿੰਦਰ ਸਿੰਘ

ਚੀਫ ਐਡੀਟਰ
ਡਾ. ਜਗਜੀਤ ਸਿੰਘ


## ਆਤਮ ਮਾਰਗ ਸਬੰਧੀ ਪੁੱਛਗਿਛ

9417214391, 9592009106


Postal Address for any Enquiry, Money Order, Cheque and drafts :

**VISHAV GURMAT ROOHANI MISSION CHARITABLE TRUST**
**Gurdwara Ishar Parkash, Ratwara Sahib**
(Near Chandigarh) P.o. Mullanpur Garibdas, Teh. Kharar, Distt. S.A.S Nagar (MOHALI) - 140901, Pb. India



Registration Under Foreign Contribution (Regulation) Act 1976 R.No.115320023

Exemption U/S 80-G vide Cir. No. 7/2010 [F.No. 197/21/2010-ITA-II]


**SUBSCRIPTION – ਚੰਦਾ – (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 300/- | 3000/- | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| ਸਾਲਾਨਾ | ਜੀਵਨ ਕਾਲ |
|---|---|
| $ 60/- | $ 600/- |


Please visit us on internet at :-
For Atam Marg Email : atammarg1@yahoo.co.in,
Website - www.ratwarasahib.in
for other information :
Email :sratwarasahib.in@gmail.com

**ਹੋਰ ਸੰਪਰਕ ਨੰਬਰ** :-94172-14391, 94172-14381, 9417214379 96461-01996, 98889-10777



ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


## ਮੈਗਜ਼ੀਨ ਨਾ ਪਹੁੰਚਣ ਸੰਬੰਧੀ ਪੁੱਛਗਿੱਛ

**ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਰੀਕ ਤੱਕ ਮੈਗਜੀਨ ਨਹੀਂ ਪਹੁੰਚਦਾ ਤਾਂ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 6.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।**

ਫੋਨ :- 9417214391, 9592009106, 9417214379
Email : atammarg1@yahoo.co.in

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

**ਅਮਰੀਕਾ** - ਬਾਬਾ ਸਤਨਾਮ ਸਿੰਘ ਅਟਵਾਲ
ਫੋਨ ਅਤੇ ਫੈਕਸ : 001-408-263-1844

**ਕਨੇਡਾ** - ਭਾਈ ਸਰਮੁਖ ਸਿੰਘ ਪੰਨੂੰ, ਵੈਨਕੂਵਰ
ਫੋਨ : 001-604-433-0408
ਭਾਈ ਤਰਸੇਮ ਸਿੰਘ ਬੈਂਸ - ਮੋਬਾਇਲ : 001-604-862-9525
ਫੋਨ : 001-604-599-5000
ਭਾਈ ਜਸਬੀਰ ਸਿੰਘ ਰਾਣੂ ਫੋਨ : 001-604-589-9189

**ਇੰਗਲੈਂਡ**- ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
ਫੋਨ : 0044-121-200-2818
ਫੈਕਸ : 0044-121-200-2879
ਭਾਈ ਅਰਵਿੰਦਰ ਸਿੰਘ (ਰਾਜ) ਮੋਬਾਇਲ : 0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ : ਮੋਬਾਇਲ - 0061-406619858

## ਸੰਸਥਾ ਦੇ ਅਦਾਰੇ - ਸੰਪਰਕ ਨੰਬਰ

1. ਆਤਮ ਮਾਰਗ ਮੈਗਜ਼ੀਨ (ਪੰਜਾਬੀ, ਹਿੰਦੀ, ਅੰਗ੍ਰੇਜ਼ੀ)
   9417214391, 9417214379, 9814612900
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ (CBSE)
   ਫੋਨ : 0160-2255003
3. ਮਾਤਾ ਸਾਹਿਬ ਕੌਰ ਫਰੀ ਸਿਲਾਈ ਸੈਂਟਰ
   ਮੋਬਾਇਲ : 96461-01996
4. ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸੀਨੀਅਰ ਸੈਕੰਡਰੀ ਸਕੂਲ (PSEB)
   ਫੋਨ : 95920-55581, 01602255004
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ
   ਮੋਬਾਇਲ : 98148-01860
6. ਮਾਤਾ ਰਣਜੀਤ ਕੌਰ ਕਾਲਜ ਆਫ ਨਰਸਿੰਗ
   ਮੋਬਾਇਲ : 94172-14382
7. ਇੰਟਰਨੈਸ਼ਨਲ ਡੀਵਾਇਨ ਕਾਲਜ ਆਫ ਐਜੂਕੇਸ਼ਨ
   (ਬੀ.ਐੱਡ) ਮੋਬਾਇਲ : 94172-14382
8. ਅਕਾਲ ਬਿਰਧ ਆਸ਼ਰਮ (ਫਰੀ)
   ਮੋਬਾਇਲ : 98157-28220

### ਵਿਸ਼ੇਸ਼ ਜਾਣਕਾਰੀ ਲਈ

| | | |
|---|---|---|
| ਸ੍ਰੀ ਮਾਨ ਜੀ | - | 98551-32009 |
| ਸ੍ਰੀ ਅਖੰਡਪਾਠ ਸਾਹਿਬ ਸੇਵਾ | - | 96532-18294 |
| ਆਡੀਓ-ਵੀਡੀਓ ਲਾਇਬ੍ਰੇਰੀ | - | 98728-14385 |
| | | 98555-28517, 94172-14385 |

# ਤੱਤਕਰਾ


| | | |
|---|---|---|
| 1. | ਸੰਪਾਦਕੀ | 5 |
| | *ਭਾਈ ਸੁਖਵਿੰਦਰ ਸਿੰਘ* | |
| 2. | ਬਾਰਹਮਾਹਾ | 6 |
| | *ਸੰਤ ਬਾਬਾ ਵਰਿਆਮ ਸਿੰਘ ਜੀ* | |
| 3. | ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ | 9 |
| | *ਸੰਤ ਬਾਬਾ ਵਰਿਆਮ ਸਿੰਘ ਜੀ* | |
| 4. | ਸਾਲਾਨਾ ਗੁਰਮਤਿ ਸਮਾਗਮ ਦੀ ਵਿਸਥਾਰ ਸਹਿਤ ਰਿਪੋਰਟ | 31 |
| 5. | ਨਿਰਭਉ ਜਪੈ ਸਗਲ ਭਉ ਮਿਟੈ.......॥ | 41 |
| | *ਸੰਤ ਬਾਬਾ ਹਰਪਾਲ ਸਿੰਘ ਜੀ* | |
| 6. | ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ | 44 |
| | *ਡਾ. ਜਗਜੀਤ ਸਿੰਘ* | |
| 7. | ਅੱਖੀਂ ਡਿੱਠਾ-ਕੰਨੀ ਸੁਣਿਆ-ਅਲੌਕਿਕ ਅਤੇ ਨਿਵੇਕਲਾ ਸਾਲਾਨਾ ਗੁਰਮਤਿ ਸਮਾਗਮ | 47 |
| | *ਭਾਈ ਸੁਖਵਿੰਦਰ ਸਿੰਘ* | |
| 8. | ਰਹਿਰਾਸ ਸਾਹਿਬ (ਗੁਰਬਾਣੀ ਅਰਥ-ਭੰਡਾਰ) | 57 |
| | *ਸੰਤ ਹਰੀ ਸਿੰਘ ਜੀ, ਰੰਧਾਵੇ ਵਾਲੇ* | |
| 9. | ਪੂਰਨ ਤੰਦਰੁਸਤੀ ਲਈ ਅਨੁਭਵੀ ਮਾਰਗ | 59 |
| | *ਡਾ. ਸਵਾਮੀ ਰਾਮ ਜੀ* | |
| 10. | ਸਿਹਤ ਵਿਗਿਆਨ | 61 |
| | *ਵੈਦ ਚਰਨ ਕਮਲ ਨਾਥ* | |
| 11. | ਵਿਸ਼ੇਸ਼ ਜਾਣਕਾਰੀ :- ਬੈਂਕ ਅਕਾਊਂਟ, ਮੈਂਬਰਸ਼ਿਪ ਫਾਰਮ, ਹਸਪਤਾਲ, ਰਤਵਾੜਾ ਸਾਹਿਬ ਦੇ ਦੀਵਾਨ ਅਤੇ ਪੁਸਤਕ ਸੂਚੀ | 63 |

# ਸੰਪਾਦਕੀ

ਗੁਰਬਾਣੀ ਸਤਿ ਸਰੂਪ ਹੈ। ਸਤਿ ਦੇ ਪ੍ਰਕਾਸ਼ ਵਿਚੋਂ ਜੀਵਨ ਜੁਗਤਿ ਦੀ ਪ੍ਰਾਪਤੀ ਹੁੰਦੀ ਹੈ। ਸਤਿ ਨਾਲ ਜੁੜੇ ਹਰ ਧਰਮ ਨੂੰ, ਲੋਕਾਈ ਨੇ ਸਵੀਕਾਰਿਆ ਹੈ। ਇਸ ਸਤਿ ਨਾਲ ਜੁੜਨ ਵਾਲਾ ਵੀ ਸਤਿ ਸਰੂਪ ਹੀ ਹੋ ਜਾਂਦਾ ਹੈ। ਜੁਗਾਂ-ਜੁਗਾਤਰਾਂ ਦੇ ਇਤਿਹਾਸ ਤੇ ਨਜ਼ਰਸਾਨੀ ਕਰਦਿਆਂ ਇਹ ਗੱਲ ਭਲੀਭਾਂਤ ਪ੍ਰਗਟ ਹੋ ਜਾਂਦੀ ਹੈ ਕਿ ਸਤਿ ਦੇ ਰਾਹ 'ਤੇ ਚੱਲਣ ਵਾਲੇ ਵਿਰਲੇ ਹੀ ਹੋਏ ਹਨ। ਜਿਨ੍ਹਾਂ ਨੇ ਸਤਿ/ਸੱਚ ਦਾ ਰਾਹ ਪਕੜਿਆ ਉਨ੍ਹਾਂ ਨੂੰ ਇਸ ਮਾਰਗ 'ਤੇ ਅਨੇਕਾਂ ਤਰ੍ਹਾਂ ਦੀਆਂ ਮੁਸੀਬਤਾਂ ਦਾ ਸਾਮ੍ਹਣਾ ਕਰਨਾ ਪਿਆ। ਇਸ ਰਸਤੇ 'ਤੇ ਚੱਲਣ ਵਾਲਿਆਂ ਨੂੰ ਆਪਣੇ ਸਰੀਰ ਦੀ ਆਹੂਤੀ ਵੀ ਦੇਣੀ ਪਈ। ਸੱਚ ਦੇ ਰਾਹ 'ਤੇ ਤੁਰਦਿਆਂ ਸਤਿ ਦੀ ਸਥਿਰਤਾ ਲਈ ਸਰੀਰ ਦੀ ਦਿਤੀ ਆਹੂਤੀ ਨੂੰ 'ਸ਼ਹਾਦਤ' ਦੇ ਨਾਮ ਨਾਲ ਸਤਿਕਾਰਿਆ ਜਾਂਦਾ ਹੈ। ਧਰਮਾਂ ਦੇ ਇਤਿਹਾਸ ਵਿਚ ਸ਼ਹਾਦਤ ਦਾ ਸੰਕਲਪ ਵੱਖੋ-ਵੱਖਰੇ ਰੂਪ ਵਿਚ ਸਾਮ੍ਹਣੇ ਆਇਆ ਹੈ ਜਿਸਦਾ ਦਾਇਰਾ ਸੀਮਤ ਅਤੇ ਨਿਜਵਾਦ ਦੇ ਦਾਇਰੇ ਵਿਚ ਹੀ ਸੁੰਘੜ ਕੇ ਰਹਿ ਜਾਂਦਾ ਹੈ। ਸਿੱਖ ਧਰਮ ਵਿਚ ਸ਼ਹਾਦਤ ਦਾ ਨਿਵੇਕਲਾ ਪ੍ਰਸੰਗ ਉਸਰਦਾ ਹੈ। ਇਸਦਾ ਘੇਰਾ ਸੀਮਤ ਨਹੀਂ, ਨਿਜਵਾਦ ਤੋਂ ਉਪਰ ਉੱਠ ਕੇ ਦੂਸਰਿਆਂ ਦੇ ਸੱਚ ਲਈ ਕੁਰਬਾਨੀ ਦੇਣ ਦਾ ਜਜ਼ਬਾ ਹੈ। ਦੇਸ਼, ਧਰਮ ਅਤੇ ਸੱਚ ਲਈ ਜੂਝਣ ਦੀ ਪ੍ਰੇਰਨਾ ਹੈ। ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਲੜ ਮਰਨ ਦਾ ਚਾਅ ਹੈ। 'ਧਰਮ ਯੁੱਧ ਕੈ ਚਾਇ' ਦਾ ਪ੍ਰਸੰਗ ਸਥਾਪਿਤ ਹੁੰਦਾ ਹੈ। ਜ਼ਾਲਮ ਅਤੇ ਜ਼ੁਲਮ ਦੇ ਵਿਰੁੱਧ ਕੁਰਬਾਨੀ ਦੇਣਾ ਭਾਵ ਆਪਣੇ ਸਰੀਰ ਦੀ ਅਹੂਤੀ ਦੇ ਕੇ ਜ਼ੁਲਮ ਦੀ ਅੱਗ ਨੂੰ ਠੰਢਾ ਕਰਨਾ ਹੈ। ਜ਼ੁਲਮ ਕਰਨਾ ਵੀ ਪ੍ਰਵਾਨ ਨਹੀਂ ਅਤੇ ਜ਼ੁਲਮ ਸਹਿਣਾ ਵੀ ਕਦਾਚਿਤ ਪ੍ਰਵਾਨਿਤ ਨਹੀਂ। ***'ਬੋਲੀਐ ਸੱਚ ਧਰਮ, ਝੂਠ ਨਾ ਬੋਲੀਐ'*** ਦਾ ਪ੍ਰਸੰਗ ਸਥਾਪਿਤ ਹੁੰਦਾ ਹੈ। ***'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥'*** ਦੇ ਅਸੂਲਾਂ 'ਤੇ ਪਹਿਰਾ ਦੇਣ ਦੀ ਤਾਕੀਦ ਹੈ। ਧਰਮ ਚਲਾਵਨ ਸੰਤ ਉਭਾਰਨ, ਦੁਸਟ ਸਭਨ ਕੋ ਮੂਲ ਉਪਾਰਨ' ਦਾ ਉਦੇਸ਼ ਸਿਰਜਿਆ ਹੈ -

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥ ਅੰਗ- ੧੩੬੫*

ਅਸਲ ਵਿਚ ਗੁਰੂ ਦਾ ਸਿੱਖ ਹੈ ਹੀ ਜੀਵਨ ਮੁਕਤਿ, ਜੀਵਨ ਵਿਚ ਰਹਿੰਦੇ ਦੇਹ ਅਧਿਆਸ ਨੂੰ ਖਤਮ ਕਰਕੇ, ਦੇਹ ਦੇ ਬੰਧਨਾਂ ਤੋਂ ਉਪਰ ਉਠ ਕੇ ਇਸ ਨੂੰ ਨਾਸ਼ਵਾਨ ਸਮਝਣਾ ਹੈ। ਜਦੋਂ ਵੀ ਇਸ ਵਾਹਿਗੁਰੂ ਵਲੋਂ ਸਿਰਜੀ ਲੋਕਾਈ ਉਤੇ ਕੋਈ ਭੀੜ ਬਣਦੀ ਹੈ ਤਾਂ ਸਭ ਤੋਂ ਅੱਗੇ ਹੋ ਕੇ ਆਪਣੇ ਸਰੀਰ ਦੀ ਕੁਰਬਾਨੀ ਦੇਣਾ ਗੁਰਸਿੱਖ ਦਾ ਪਰਮ ਫਰਜ਼ ਬਣ ਜਾਂਦਾ ਹੈ। ਸਿੱਖ ਧਰਮ ਅੰਦਰ ਸਾਰੀਆਂ ਸ਼ਹੀਦੀਆਂ ਉਪਰੋਕਤ ਸਿਧਾਂਤਾਂ ਦੀ ਰਖਵਾਲੀ ਹਿਤ ਹੋਈਆਂ। ਗੁਰੂ ਸਾਹਿਬਾਨ ਦੇ ਸਮੇਂ ਨਾਮ ਬਾਣੀ ਨਾਲ ਅਭੇਦ ਗੁਰਸਿੱਖ ਭਾਈ ਤਾਰੂ ਸਿੰਘ ਜੀ ਤੋਂ ਲੈ ਕੇ ਵਰਤਮਾਨ ਸਮੇਂ ਤਕ ਹੋਈਆਂ ਸਮੂੰਹ ਸ਼ਹਾਦਤਾਂ ਆਪਣੇ ਗੁਰੂ ਦੇ ਦਰਸਾਏ ਸਿਧਾਂਤਾਂ ਦੀ ਪਾਲਣਾ ਹੈ। ਸ਼ਹੀਦਾਂ ਦੇ ਸਿਰਤਾਜ, ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਸ਼ਹੀਦੀ, ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਜੀ ਦੀ ਸ਼ਹੀਦੀ, ਅਨੇਕਾਂ ਗੁਰਸਿਖਾਂ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ, ਵੱਡੇ ਸਾਹਿਬਜ਼ਾਦੇ, ਛੋਟੇ ਸਾਹਿਬਜ਼ਾਦੇ, ਜਗਤ ਮਾਤਾ ਗੁਜਰ ਕੌਰ ਜੀ ਦੀ ਸ਼ਹੀਦੀ, ਬਾਬਾ ਬੰਦਾ ਸਿੰਘ ਬਹਾਦਰ, ਭਾਈ ਮਨੀ ਸਿੰਘ ਜੀ ਦੀ ਸ਼ਹੀਦੀ, ਭਾਈ ਸੁਬੇਗ ਸਿੰਘ, ਭਾਈ ਸ਼ਾਹਬਾਜ਼ ਸਿੰਘ, ਭਾਈ ਤਾਰੂ ਸਿੰਘ ਜੀ, ਛੋਟੇ-ਵੱਡੇ ਘੱਲੂਘਾਰੇ ਅਤੇ ਹੋਰ ਅਨੇਕਾਂ ਅਤੀਤ ਅਤੇ ਵਰਤਮਾਨ ਸਮੇਂ ਵਿਚ ਹੋਈਆਂ ਸ਼ਹੀਦੀਆਂ ਸਿੱਖ ਧਰਮ ਦੇ ਸ਼ਹਾਦਤ ਦੇ ਪ੍ਰਸੰਗ ਨੂੰ ਨਿਰੂਪਣ ਕਰਦੀਆਂ ਹਨ। ਇਨ੍ਹਾਂ ਸਮੂੰਹ ਸ਼ਹੀਦੀਆਂ ਦਾ ਮੰਤਵ ਕੇਵਲ ਤੇ ਕੇਵਲ ਸੱਚ ਦੇ ਪ੍ਰਕਾਸ਼ ਨੂੰ ਸਦੀਵੀ ਤੌਰ 'ਤੇ ਅਮਰ ਰੱਖਣਾ ਸੀ। ਦਸੰਬਰ ਦਾ ਮਹੀਨਾ ਹਰ ਸਾਲ ਸਾਨੂੰ 'ਨਿੱਕੀਆਂ ਜਿੰਦਾਂ ਵੱਡੇ ਸਾਕੇ, ਸ਼ਹੀਦੀ ਦਾ ਨਿਵੇਕਲਾ ਪ੍ਰਸੰਗ ਸਿਰਜਦੀਆਂ ਹਨ। ਗੁਰੂ ਨਾਨਕ ਸਾਹਿਬ ਦੇ ਆਗਮਨ 'ਤੇ ਸੱਚ ਦਾ ਪ੍ਰਕਾਸ਼ ਹੁੰਦਾ ਹੈ। ਸੱਚ ਦੇ ਪ੍ਰਕਾਸ਼ ਨੂੰ ਸਦੀਵੀ ਤੌਰ 'ਤੇ ਕਾਇਮ ਰੱਖਣ ਲਈ ਬਾਬੇ ਕੇ ਤੇ ਬਾਬਰ ਕੇ ਦਾ ਵਿਚਾਰਧਾਰਾ ਦੀ ਸੰਘਰਸ਼ ਸ਼ੁਰੂ ਹੁੰਦਾ ਹੈ।

ਇਹ ਸੰਘਰਸ਼ ਜਾਂ ਧਰਮ ਯੁੱਧ ਪੰਜਵੇਂ ਪਾਤਸ਼ਾਹ ਦੀ ਸ਼ਹੀਦੀ ਅਤੇ ਦਸਵੇਂ ਪਾਤਸ਼ਾਹ ਦੇ ਸਰਬੰਸ ਵਾਰਨ ਤੱਕ ਪੁੱਜਦਾ ਹੈ। ਅੰਧਕਾਰ ਵਿਚ ਖਚਿਤ ਸਮਕਾਲੀ ਰਾਜਿਆਂ ਨੇ, ਰਾਜ ਮਦ ਵਿਚ ਆ ਕੇ ਪ੍ਰਕਾਸ਼ ਤੇ ਪਰਦਾ ਪਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਪਰ ਗੁਰੂ ਘਰ ਵਿਚ ਇਨ੍ਹਾਂ ਦੇ ਜਬਰ ਦਾ ਮੁਕਾਬਲਾ ਸਬਰ ਨਾਲ ਕੀਤਾ ਗਿਆ। ਅੰਤ ਜਿੱਤ ਸੱਚ ਅਤੇ ਸਬਰ ਦੀ ਹੋਈ। ਅੱਜ ਲੋੜ ਹੈ ਇਤਿਹਾਸ ਤੋਂ ਸਬਕ ਲੈ ਕੇ ਸਿਰਜੇ ਸਿਧਾਂਤੇ ਤੇ ਪਹਿਰਾ ਦੇਣ ਦੀ। ਦਸੰਬਰ ਮਹੀਨਾ ਸਿੱਖ ਜਗਤ ਅਤੇ ਸਮੂੰਹ ਮਾਨਵਤਾ ਨੂੰ ਪਿਆਰ ਤੇ ਵੈਰਾਗ ਵਿਚ ਰਹਿਣ ਦੀ ਪ੍ਰੇਰਨਾ ਦਿੰਦਾ ਹੈ। ਆਉ ਅਸੀਂ ਸਾਰੇ ਪਵਿੱਤਰ ਅਸਥਾਨ ਸ੍ਰੀ ਫਤਹਿਗੜ੍ਹ ਸਾਹਿਬ ਨੂੰ ਨਤਮਸਤਕ ਹੋ ਕੇ ਇਸ ਮਹੀਨੇ ਵਿਚ ਉਨ੍ਹਾਂ ਪਵਿੱਤਰ ਆਤਮਾਵਾਂ ਦੇ ਪਿਆਰ ਅਤੇ ਸਤਿਕਾਰ ਵਿਚ ਵੈਰਾਗਮਈ ਜੀਵਨ ਬਸਰ ਕਰੀਏ। ਸ਼ਹੀਦਾਂ ਦੀ ਯਾਦ ਵਿਚ ਜੁੜਨਾ, ਨਾਮ ਬਾਣੀ ਨਾਲ ਜੁੜ ਕੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਾ ਹੀ ਸੱਚੀ ਸ਼ਰਧਾ ਹੈ।

*(ਬਾਕੀ ਪੰਨਾ 40 'ਤੇ)*

# ਪੋਖਿ

## (ਪੋਹ ਮਹੀਨੇ ਦੀ ਸੰਗਰਾਂਦ : 16 ਦਸੰਬਰ, ਦਿਨ ਬੁੱਧਵਾਰ)

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

***ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥***
***ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ॥***
***ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ ॥***
***ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ॥***
***ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ॥***
***ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ ॥***
***ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ ।।***
***ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ।।***
***ਪੋਖੁ ਸੁੋਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ***
***ਅੰਗ - 135***

ਸਮਾਂ ਆਪਣੀ ਚਾਲ ਨਾਲ ਚਲਦਾ ਰਹਿੰਦਾ ਹੈ, ਇਹ ਕਿਸੇ ਦੇ ਰੋਕਿਆਂ ਰੁਕਿਆ ਨਹੀਂ ਕਰਦਾ। ਜਿਸ ਤਰ੍ਹਾਂ ਨਾਲ ਇਕ ਗੋਲ ਪਹੀਆ ਘੁੰਮਦਾ ਹੈ, ਉਸੇ ਤਰ੍ਹਾਂ ਨਾਲ ਸਮਾਂ ਘੁੰਮਦਾ ਹੋਇਆ ਅੱਗੇ ਵਧਦਾ ਚਲਿਆ ਜਾਂਦਾ ਹੈ। ਸਮੇਂ ਦੀ ਵੰਡ ਕਰਨ ਵਾਲਿਆਂ ਨੇ ਇਸਨੂੰ ਕਲਪਾਂ, ਜੁਗਾਂ, ਸਦੀਆਂ, ਸਾਲਾਂ, ਮਹੀਨਿਆਂ, ਹਫਤਿਆਂ ਅਤੇ ਦਿਨਾਂ ਵਿਚ ਵੰਡਿਆ ਹੋਇਆ ਹੈ। ਭੂਤਕਾਲ ਨੂੰ ਇਹ ਪਿਛੇ ਛਡਦਾ ਤੁਰਿਆ ਜਾਂਦਾ ਹੈ। ਭਵਿੱਖਤ ਨੂੰ ਫੜਨ ਦਾ ਇਹ ਬਹੁਤ ਜਤਨ ਕਰਦਾ ਹੈ ਪਰ ਜਦੋਂ ਭਵਿੱਖਤ ਨੂੰ ਹੱਥ ਪਾਉਣ ਲਗਦਾ ਹੈ ਤਾਂ ਉਹ ਵਰਤਮਾਨ ਵਿਚ ਪਲਟ ਜਾਂਦਾ ਹੈ। ਇਸ ਤਰ੍ਹਾਂ ਇਹ ਸਮਾਂ ਆਪਣੀ ਤੀਬਰ ਗਤੀ ਵਿਚ ਚਲ ਰਿਹਾ ਹੈ। ਅੱਜ ਇਕ ਬੱਚੇ ਨੂੰ ਵੇਖਦੇ ਹਾਂ, ਥੋੜ੍ਹੀ ਦੇਰ ਬਾਦ ਉਹ ਕੁਛ ਹੋਰ ਅਵਸਥਾ ਵਿਚ ਨਜ਼ਰੀਂ ਪੈਂਦਾ ਹੈ। ਫੇਰ ਜੁਆਨੀ ਆ ਜਾਂਦੀ ਹੈ, ਜੁਆਨੀ ਨੂੰ ਬੁਢੇਪਾ ਹੌਲੀ-ਹੌਲੀ ਖਾ ਜਾਂਦਾ ਹੈ ਅਤੇ ਜੁਆਨੀ ਦਾ ਕਿਤੇ ਨਾਮ ਨਿਸ਼ਾਨ ਹੀ ਨਹੀਂ ਰਹਿੰਦਾ। ਬੁਢੇਪਾ ਮੌਤ ਦੇ ਅਟੱਲ ਨਿਯਮ ਵਿਚ ਲੀਨ ਹੋ ਜਾਂਦਾ ਹੈ। 'ਆਇਆ ਗਇਆ ਮੁਇਆ ਨਾਉ' ਵਾਲੀ ਅਵਸਥਾ ਵਿਚੋਂ ਇਹ ਸੰਸਾਰ ਲੰਘ ਰਿਹਾ ਹੈ। ਇਸ ਸੰਸਾਰ ਉਪਰ ਉਹ ਮਹਾਨ ਪੁਰਸ਼ ਵੀ ਆਏ ਜਿਨ੍ਹਾਂ ਨੇ ਆਪਣੇ ਡੌਲਿਆਂ ਦੇ ਬਲ ਕਰਕੇ ਸਮੇਂ ਨੂੰ ਬਦਲਣਾ ਚਾਹਿਆ। ਵੱਡੇ-ਵੱਡੇ ਰਿਸ਼ੀ-ਮੁਨੀ, ਗੁਰੂ, ਪੀਰ, ਪੈਗੰਬਰ, ਅਉਲੀਏ ਇਸ ਸੰਸਾਰ ਤੋਂ ਲੰਘ ਗਏ। ਧਰਤੀ, ਜਿਸ ਉਪਰ ਇਹ ਆਪਣੇ ਜੀਵਨ ਦਾ ਨਾਟ ਕਰਦੇ ਰਹੇ ਅਤੇ ਬਹੁਤ ਮਹੱਤਵਪੂਰਨ ਇਤਿਹਾਸ ਦੀ ਰਚਨਾ ਰਚਦੇ ਰਹੇ। ਉਸ ਦਾ ਪਤਾ ਹੀ ਨਹੀਂ ਲਗਦਾ ਕਿ ਉਹ ਕਿਥੋਂ ਆਏ ਸਨ ਤੇ ਕਿਥੇ ਚਲੇ ਗਏ, ਐਨਾ ਜ਼ਰੂਰ ਹੈ ਕਿ ਕੁਝ ਸਮਾਂ ਉਨ੍ਹਾਂ ਦੀਆਂ ਕਥਾਵਾਂ ਅਸਾਨੂੰ ਪ੍ਰੇਰਨਾ ਦਿੰਦੀਆਂ ਰਹਿਣਗੀਆਂ। ਗੁਰਬਾਣੀ ਵਿਚ ਵਾਕ ਆਉਂਦਾ ਹੈ ਕਿ ਧਰਤੀ ਅਸਮਾਨ ਨੂੰ ਪੁਛਦੀ ਹੈ, ਇਹ ਕਹਿ ਕੇ, ਕਿ ਮੈਂ ਤਾਂ ਛੋਟੀ ਜਿਹੀ ਹਾਂ, ਮੇਰੀ ਗਿਣਤੀ-ਮਿਣਤੀ, ਨਾਪ, ਤੋਲ, ਠੰਢਾ, ਤੱਤਾ ਮਨੁੱਖ ਨੇ ਸਭ ਨਾਪ ਲਿਆ ਹੈ ਅਤੇ ਮੇਰੇ ਪੇਟ ਵਿਚ ਛੁਪਾਏ ਅਨੇਕ ਭੇਤਾਂ ਤੋਂ ਉਹ ਜਾਣੂੰ ਹੋ ਗਿਆ ਹੈ। ਇਹ ਸੰਸਾਰ ਨੂੰ ਤਾਰਨ ਵਾਲੇ ਥੋੜ੍ਹੀ ਦੇਰ ਮੇਰੇ ਉਤੇ ਆ ਕੇ ਆਪਣਾ ਨਾਟ ਕਰਦੇ ਹਨ ਅਤੇ ਫੇਰ ਪਤਾ ਨਹੀਂ ਲਗਦਾ ਕਿ ਕਿਥੇ ਚਲੇ ਜਾਂਦੇ ਹਨ। ਅੱਜ ਤੱਕ ਬਹੁਤ ਸਮਰਥਾਵਾਨ ਪੀਰ, ਪੈਗੰਬਰ, ਗੁਰੂ, ਸਾਧਕ, ਰਿਸ਼ੀ-ਮੁਨੀ, ਅਬਦਾਲ ਅਤੇ ਹੋਰ ਅਨੇਕਾਂ ਆ ਕੇ ਚਲੇ ਗਏ। ਮੇਰੀ ਪਹੁੰਚ ਬਹੁਤ ਸੀਮਤ ਹੈ, ਮੈਂ ਨਹੀਂ ਜਾਣ ਸਕਦੀ ਕਿ ਉਹ ਕਿਥੇ ਚਲੇ ਗਏ। ਹੇ ਅਸਮਾਨ! ਤੇਰਾ ਫੈਲਾਓ ਬੇਅੰਤ ਹੈ, ਜਿਥੋਂ ਤੱਕ ਨਿਰੰਕਾਰ ਦੀ ਰਚਨਾ ਹੈ ਤੂੰ ਵੀ ਨਾਲ ਹੀ ਰਹਿੰਦਾ ਹੈਂ, ਤੂੰ ਸਾਰੀਆਂ ਥਾਵਾਂ ਦਾ ਜਾਣੂੰ ਹੈਂ, ਕੀ ਤੂੰ ਦਸ ਸਕਦਾ ਹੈਂ ਕਿ ਉਹ ਕਿਥੇ ਚਲੇ ਗਏ? ਅਸਮਾਨ ਨੇ ਕਿਹਾ ਕਿ ਤੈਨੂੰ ਪਤਾ ਹੋਣਾ ਚਾਹੀਦਾ ਹੈ, ਤੂੰ ਮਾਤਾ ਧਰਤ ਮਹਤ ਕਹਾਉਂਦੀ ਹੈਂ, ਤੇਰੇ ਵਿਚੋਂ ਹੀ ਅਨੇਕ ਕਿਸਮ ਦੀ ਬਨਸਪਤੀ, ਜੀਵ ਜੰਤੂ, ਸਮਰੱਥ ਪੁਰਸ਼, ਰਿਸ਼ੀ-ਮੁਨੀ, ਗੁਰੂ, ਪੀਰ, ਪੈਗੰਬਰ, ਅਉਲੀਏ ਰੂਪਮਾਨ ਹੁੰਦੇ ਹਨ। ਤੇਰੇ ਤੋਂ ਖੁਰਾਕ ਲੈ ਕੇ ਵਧਦੇ ਫੁਲਦੇ ਹਨ, ਤੇਰੇ ਤੋਂ ਪਾਣੀ ਲੈ ਕੇ ਜੀਵਨ ਨੂੰ ਅੱਗੇ ਤੋਰਦੇ ਹਨ। ਤੈਨੂੰ ਵੀ ਕੁਛ ਪਤਾ ਹੋਣਾ ਚਾਹੀਦਾ ਹੈ ਕਿ ਉਹ ਕਿਥੇ ਚਲੇ ਗਏ। ਉਸ ਵੇਲੇ ਜ਼ਮੀਨ ਨੇ

ਕਿਹਾ, ਐ ਅਸਮਾਨ! ਮੈਂ ਤਾਂ ਇਸ ਗੱਲ ਨੂੰ ਭਲੀਭਾਂਤ ਜਾਣਿਆ ਹੈ ਕਿ ਜੀਵ ਜੰਤੂਆਂ, ਰਿਸ਼ੀਆਂ-ਮੁਨੀਆਂ, ਪੁੰਨੀਆਂ-ਪਾਪੀਆਂ ਦਾ ਜੋ ਸਥੂਲ ਹਿੱਸਾ ਹੈ, ਜਿਸਨੂੰ ਸਰੀਰ ਕਹਿੰਦੇ ਹਨ ਉਹ ਮਰਨ ਉਪਰੰਤ ਆਪਣੇ-ਆਪਣੇ ਤੱਤਾਂ ਵਿਚ ਸਮਾਅ ਜਾਂਦਾ ਹੈ। ਪਰ ਇਸ ਵਿਚ ਜੋ ਬੋਲਣ ਵਾਲਾ ਸਮਰੱਥਾਵਾਨ ਅੰਸ ਰਹਿੰਦਾ ਸੀ, ਜਿਸ ਕਰਕੇ ਸਰੀਰ ਜਿਉਂਦਾ ਸੀ, ਜਿਸ ਕਰਕੇ ਸਰੀਰ ਰਾਹੀਂ ਸਾਰੇ ਕੰਮ ਹੁੰਦੇ ਸਨ ਉਸ ਦਾ ਮੈਨੂੰ ਪਤਾ ਨਹੀਂ ਲਗਦਾ ਕਿ ਉਹ ਕਿਥੇ ਚਲਿਆ ਜਾਂਦਾ ਹੈ? ਮੇਰੇ ਪਾਸੋਂ ਤਾਂ ਜੜ੍ਹ ਤੱਤ ਪ੍ਰਾਪਤ ਕਰਕੇ ਸਰੀਰ ਬਣਦਾ ਹੈ ਜਿਸਨੂੰ ਪੰਜ ਤੱਤ ਕਹਿੰਦੇ ਹਨ ਜਿਸ ਵਿਚ ਹੇ ਅਕਾਸ਼, ਤੂੰ ਵੀ ਆ ਜਾਂਦਾ ਹੈਂ। ਇਸ ਬਾਰੇ ਤਾਂ ਮੈਨੂੰ ਸੋਝੀ ਹੈ ਪਰ ਇਸ ਦੇ ਵਿਚ ਜੋ ਅਸਲੀ ਨਾਟ ਕਰ ਰਿਹਾ ਸੀ, ਹੱਸ ਰਿਹਾ ਸੀ, ਬੋਲ ਰਿਹਾ ਸੀ, ਅਨੇਕ ਕਿਸਮ ਦੇ ਕੌਤਕ ਕਰ ਰਿਹਾ ਸੀ, ਜਿਸਦੇ ਚਲੇ ਜਾਣ ਤੋਂ ਪਿਛੋਂ ਇਹ ਸਰੀਰ ਗਲੀ ਹੋਈ ਮਿੱਟੀ ਦੀ ਢੇਰੀ ਤੋਂ ਇਲਾਵਾ ਕੁਝ ਵੀ ਨਹੀਂ ਰਹਿੰਦਾ। ਜੋ ਇਸ ਸਰੀਰ ਵਿਚ ਅਸਲ ਚੀਜ਼ ਹੈ ਮੈਂ ਉਸ ਬਾਰੇ ਜਾਣਨਾ ਚਾਹੁੰਦੀ ਹਾਂ -

***ਬਾਬਾ ਬੋਲਤੇ ਤੇ ਕਹਾ ਗਏ ਦੇਹੀ ਕੇ ਸੰਗਿ ਰਹਤੇ॥***
***ਸੁਰਤਿ ਮਾਹਿ ਜੋ ਨਿਰਤੇ ਕਰਤੇ***
***ਕਥਾ ਬਾਰਤਾ ਕਹਤੇ॥ ਅੰਗ - 480***

ਉਸ ਵੇਲੇ ਅਸਮਾਨ ਨੇ ਦੱਸਿਆ ਕਿ ਹੇ ਧਰਤੀ ਮਾਤਾ! ਜਦੋਂ ਆਦਮੀ ਸਰੀਰ ਛੱਡਦਾ ਹੈ ਤਾਂ ਤੇਰੇ ਪੰਜਾਂ ਤੱਤਾਂ ਵਿਚੋਂ ਲਈਆਂ ਹੋਈਆਂ ਚੀਜ਼ਾਂ ਆਪਣੇ ਤੱਤਾਂ ਵਿਚ ਸਮਾਅ ਜਾਂਦੀਆਂ ਹਨ। ਕੋਈ ਇਸ ਸਰੀਰ ਨੂੰ ਜਲਾ ਦਿੰਦਾ ਹੈ, ਕੋਈ ਮਿੱਟੀ ਵਿਚ ਦਬਾ ਦਿੰਦਾ ਹੈ, ਕੋਈ ਪਾਣੀ ਵਿਚ ਹੜ੍ਹਾ ਦਿੰਦਾ ਹੈ, ਪਰ ਜੋ ਸਥੂਲ ਤੱਤ ਪ੍ਰਭੂ ਨੇ ਪੈਦਾ ਕਰ ਦਿਤੇ ਉਹ ਨਾ ਹੀ ਕਦੇ ਘਟਦੇ ਹਨ ਤੇ ਨਾ ਹੀ ਵਧਿਆ ਕਰਦੇ ਹਨ ਪਰ ਇਹਦੇ ਵਿਚ ਜੋ ਅਸਲੀ ਅੰਸ ਸੀ ਜਿਸ ਨੂੰ ਜੀਵ ਆਤਮਾ ਆਖਿਆ ਜਾਂਦਾ ਹੈ, ਇਹ ਆਪਣੇ ਕੀਤੇ ਹੋਏ ਕਰਮਾਂ ਦਾ ਫਲ ਭੋਗਣ ਲਈ ਧਰਮਰਾਜ ਦੀ ਕਚਹਿਰੀ ਵਿਚ ਚਲਿਆ ਜਾਂਦਾ ਹੈ। ਉਸ ਥਾਂ ਦੇ ਉਤੇ ਉਸਨੂੰ ਉਲਾਂਭੇ ਪੈਂਦੇ ਹਨ ਅਤੇ ਉਹ ਸਦਾ ਉਲਾਂਭੇ ਸਹਿੰਦਾ ਰਹਿੰਦਾ ਹੈ।

***ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ॥***
***ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ॥***
***ਅੰਗ - 488***

ਸੋ ਇਹ ਕ੍ਰਿਆ ਸਦੀਵ ਕਾਲ ਤੋਂ ਚਲ ਰਹੀ ਹੈ ਜਿਸ ਚਾਲ ਵਿਚ ਕਦੇ ਸੁਖ ਆ ਜਾਂਦੇ ਹਨ ਅਤੇ ਕਦੇ ਦੁਖ ਆ ਜਾਂਦੇ ਹਨ, ਕਦੇ ਖੁਸ਼ੀਆਂ ਆ ਜਾਂਦੀਆਂ ਹਨ, ਕਦੇ ਗਮੀਆਂ ਆ ਜਾਂਦੀਆਂ ਹਨ, ਕਦੇ ਮੇਲ ਹੋ ਜਾਂਦੇ ਹਨ, ਕਦੇ ਵਿਜੋਗ ਹੋ ਜਾਂਦੇ ਹਨ। ਜੀਵ ਜੁੜ-ਜੁੜ ਕੇ ਟੁਟਦੇ ਹਨ, ਵਿਛੜ-ਵਿਛੜ ਕੇ ਜੁੜਦੇ ਹਨ, ਅਨੇਕਾਂ ਰੂਪ ਧਾਰਨ ਕਰਦੇ ਹਨ ਜਿਸ ਨਾਲ ਪ੍ਰਕ੍ਰਿਤੀ ਸਮੇਂ ਦੇ ਨਾਲ ਆਪਣਾ ਰੂਪ ਵਟਾਉਂਦੀ ਹੈ। ਮਾਘ ਦੇ ਮਹੀਨੇ ਬਨਸਪਤੀ ਵਿਚ ਰਸ ਭਰ ਜਾਂਦਾ ਹੈ ਅਤੇ ਉਹ ਹਰੀ ਗੁਲਜ਼ਾਰ ਵਿਚ ਦ੍ਰਿਸ਼ਟਮਾਨ ਹੁੰਦੀ ਹੈ ਪਰ ਸਮਾਂ ਲੰਘਦਾ ਜਾਂਦਾ ਹੈ। ਮੱਘਰ ਤੋਂ ਪਿਛੋਂ ਪੋਹ ਦਾ ਮਹੀਨਾ ਆਉਂਦਾ ਹੈ ਜਿਸ ਵਿਚ ਕੱਕਰ ਤੇ ਬਰਫ ਦਾ ਬਹੁਤ ਜ਼ੋਰ ਹੋਇਆ ਕਰਦਾ ਹੈ। ਇਹ ਸਾਰੀ ਬਨਸਪਤੀ ਨੂੰ ਸੁਕਾ ਦਿੰਦੀ ਹੈ ਅਤੇ ਪਤਝੜ ਵਾਲੀ ਹਾਲਤ ਹੋ ਜਾਂਦੀ ਹੈ। ਹਰਿਆਵਲ ਖਤਮ ਹੋ ਜਾਂਦੀ ਹੈ ਪਰ ਕੁਝ ਬਨਸਪਤੀ ਐਸੀ ਹੈ ਜਿਸ ਦੇ ਉਤੇ ਮੌਸਮ ਦਾ ਅਸਰ ਬਹੁਤ ਘਟ ਹੋਇਆ ਕਰਦਾ ਹੈ। ਉਨ੍ਹਾਂ ਦੀ ਹਰਿਆਵਲ ਕਾਇਮ ਰਹਿੰਦੀ ਹੈ। ਇਸੇ ਤਰ੍ਹਾਂ ਨਾਲ ਮਨੁੱਖੀ ਮਨਾਂ ਵਿਚ ਰੁਤਾਂ, ਥਿਤਾਂ, ਵਾਰਾਂ ਦੇ ਮੁਤਾਬਿਕ ਉਤਰਾਅ ਚੜ੍ਹਾਅ ਆਉਂਦੇ ਰਹਿੰਦੇ ਹਨ। ਕਦੇ ਆਦਮੀ ਖੁਸ਼ੀਆਂ ਦੇ ਹੁਲਾਰੇ ਮਾਰਦਾ ਹੈ, ਅਨੰਦ ਦੇ ਸਾਗਰ ਵਿਚ ਟੁੱਭੀਆਂ ਲਾਉਂਦਾ ਹੈ। ਉਸ ਵੇਲੇ ਕੁਝ ਵੀ ਯਾਦ ਨਹੀਂ ਰਹਿੰਦਾ। ਕੇਵਲ ਅਨੰਦ ਮਾਨਣਾ ਹੀ ਉਸ ਦਾ ਧੇਅ ਬਣ ਜਾਂਦਾ ਹੈ ਪਰ ਜਦੋਂ ਸਮਾਂ ਬਦਲਦਾ ਹੈ ਉਸ ਦੇ ਹੱਥੋਂ ਇਹ ਖੁਸ਼ੀਆਂ, ਹੁਲਾਰ, ਚਾਓ, ਉਦਾਸੀਆਂ ਵਿਚ ਬਦਲ ਜਾਂਦੇ ਹਨ। ਐਉਂ ਸਮਝੋ ਕਿ ਲਹਿ-ਲਹਾਉਂਦੀ ਬਨਸਪਤੀ ਮੌਸਮ ਦੇ ਕੋਪ ਦੇ ਸੰਤਾਪ ਨਾਲ ਉਦਾਸ ਹੋ ਜਾਂਦੀ ਹੈ, ਪਤਝੜ ਆ ਜਾਂਦੀ ਹੈ। ਇਸੇ ਤਰ੍ਹਾਂ ਨਾਲ ਆਦਮੀ ਦੇ ਮਨ ਵਿਚ ਸਮੇਂ ਦੀ ਚਾਲ ਨਾਲ ਖੁਸ਼ੀਆਂ ਦੀ ਥਾਂ ਤੇ ਉਦਾਸੀਆਂ ਆ ਜਾਂਦੀਆਂ ਹਨ। ਇਸੇ ਹਾਲਤ ਨੂੰ ਗੁਰੂ ਮਹਾਰਾਜ ਜੀ ਬਾਰਹਮਾਹਾ ਵਿਚ ਪੋਹ ਦੇ ਮਹੀਨੇ ਵਿਚ ਫੁਰਮਾਨ ਕਰਦੇ ਹੋਏ ਦਸਦੇ ਹਨ ਕਿ ਇਕ ਤਾਂ ਉਹ ਵਿਅਕਤੀ ਹਨ ਜਿਨ੍ਹਾਂ ਉਤੇ ਦੁਖਾਂ ਦੇ ਕੱਕਰ ਤੇ ਸਮੇਂ ਦੀਆਂ ਥਪੇੜਾਂ, ਦੀਆਂ ਬਰਫਾਨੀ ਹਵਾਵਾਂ ਚਿੰਤਾਵਾਂ, ਤੋਟੇ, ਵਿਘਨ, ਆਪਣਾ ਅਸਰ ਪਾਉਂਦੇ ਹਨ ਅਤੇ ਆਦਮੀ ਨਿਰਾਸ਼ਾਜਨਕ ਹਾਲਤ ਵਿਚ ਗਿਰ ਜਾਂਦਾ ਹੈ। ਇਕ ਉਹ ਹਨ ਜਿਹੜੇ ਕਿਸੇ ਸੁਘੜ ਮਾਲੀ ਦੀ ਦੇਖ-ਰੇਖ ਵਿਚ ਪਲਮਦੇ ਹਨ, ਉਹ ਮਾਲੀ ਉਨ੍ਹਾਂ ਨੂੰ ਸ਼ੀਤ ਤੋਂ ਬਚਾਉਣ ਲਈ ਨਿੱਘ ਦਿੰਦਾ ਹੈ, ਠੰਢੀਆਂ ਹਵਾਵਾਂ ਵਾਲੇ ਪਾਸੇ ਰੋਕ ਕਰਦਾ ਹੈ, ਅਜਿਹੇ ਜੀਵਨ ਪ੍ਰਫੁੱਲਤ ਰਹਿੰਦੇ ਹਨ।

ਸੋ ਇਸ ਪੋਹ ਦੇ ਮਹੀਨੇ ਤੋਂ ਸਾਨੂੰ ਇਕ ਜਬਰਦਸਤ ਉਪਦੇਸ਼ ਮਿਲਦਾ ਹੈ ਕਿ ਇਕ ਤਾਂ ਉਹ ਜੀਵਨ ਹਨ ਜੋ ਵਾਹਿਗੁਰੂ ਜੀ ਦੇ ਪਿਆਰ ਤੋਂ ਟੁੱਟੇ ਹੋਏ ਹਨ, ਸਿਮਰਨ ਤੋਂ ਹੀਣੇ ਹਨ, ਸੇਵਾ ਤੇ ਪਿਆਰ ਤੋਂ ਖਾਲੀ ਹਨ, ਉਹ ਆਪਣੇ ਛਿੰਨ ਭੰਗਰ ਸੁਖਾਂ ਵਿਚ ਪਰਚ ਕੇ ਪ੍ਰਮੇਸ਼ਰ ਨੂੰ ਭੁੱਲ ਜਾਂਦੇ ਹਨ ਪਰ ਜਦੋਂ ਦੁੱਖਾਂ, ਘਾਟਿਆਂ ਦੇ ਝੱਖੜ ਝੁਲਦੇ ਹਨ ਉਸ ਵੇਲੇ ਉਹ ਬਹੁਤ ਉਦਾਸ ਹੋ ਕੇ ਨਿਰਾਸਤਾ ਦੀ ਖੱਡ ਵਿਚ ਗਿਰ ਜਾਂਦੇ ਹਨ ਪਰ ਦੂਜੇ ਪਾਸੇ ਉਹ ਪ੍ਰੇਮੀ ਹਨ ਜਿਹੜੇ ਪ੍ਰਭੂ ਦੇ ਨਾਲ, ਗੁਰੂ ਦੀ ਕ੍ਰਿਪਾ ਦੇ ਸਦਕੇ ਸਦਾ ਹੀ ਜੁੜੇ ਰਹਿੰਦੇ ਹਨ। ਅੰਮ੍ਰਿਤ ਵੇਲੇ ਉਠਦੇ ਹਨ, ਸਰੀਰ ਦੀ ਪਵਿੱਤਰਤਾ ਲਈ ਅਤੇ ਸਾਵਧਾਨਤਾ ਲਈ ਇਸ਼ਨਾਨ ਕਰਦੇ ਹਨ, ਗੁਰੂ ਦੀ ਬਾਣੀ ਭਾਵਲੀਨ ਹੋ ਕੇ, ਵਿਚਾਰ ਕੇ ਪੜ੍ਹਦੇ ਹਨ ਅਤੇ ਪ੍ਰਭੂ ਦੀ ਯਾਦ ਵਿਚ ਘੰਟਿਆਂ ਬੱਧੀ ਬੈਠਦੇ ਹਨ ਅਤੇ ਉਹ ਯਾਦ ਨੂੰ ਵਧਾਉਂਦੇ ਚਲੇ ਜਾਂਦੇ ਹਨ; ਇਥੋਂ ਤੱਕ ਕਿ ਉਹ ਲਿਵ ਦੀ ਅਵਸਥਾ ਵਿਚ ਬਦਲ ਜਾਵੇ ਅਤੇ ਅਜਿਹੀ ਅਵਸਥਾ ਹੋ ਜਾਵੇ ਕਿ ਜਦੋਂ ਪ੍ਰਭੂ ਵਿਸਰੇ ਤਾਂ ਮੌਤ ਦੇ ਬਰਾਬਰ ਸਮਝਦੇ ਹੋਣ। ਭਾਵ ਇਹ ਹੈ ਕਿ ਉਨ੍ਹਾਂ ਦਾ ਜੀਵਨ ਉਸ ਮੱਛੀ ਵਰਗਾ ਹੋਵੇ

ਜਿਹੜੀ ਪਾਣੀ ਤੋਂ ਵਿਛੜ ਕੇ ਆਪਣੇ ਪ੍ਰਾਣ ਤਜ ਦਿੰਦੀ ਹੈ ਜਿਵੇਂ ਕਿ –

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ*
*ਦੇਖਿ ਦਰਸੁ ਅਘਾਵੈ॥ ਅੰਗ – 708*
*ਆਖਾ ਜੀਵਾ ਵਿਸਰੈ ਮਰਿ ਜਾਉ॥ ਅੰਗ – 9*

ਉਨ੍ਹਾਂ ਦੇ ਰੋਮ-ਰੋਮ ਵਿਚੋਂ ਵਾਹਿਗੁਰੂ ਜੀ ਦਾ ਝਰਨ੍ਹਾਟਾਂ ਦਿੰਦਾ, ਅਗਿਆਨ ਦੇ ਛੌੜ ਕਟਦਾ ਪਿਆਰ ਰਮਿਆ ਹੋਇਆ ਹੈ ਅਤੇ ਉਹ ਸਦੀਵ ਵਾਹਿਗੁਰੂ ਜੀ ਦੇ ਪਿਆਰ ਵਿਚ ਰੱਤੇ, ਉਸ ਦੇ ਨਾਲ ਅਭੇਦ ਅਵਸਥਾ ਵਿਚ ਜੁੜੇ ਰਹਿੰਦੇ ਹਨ। ਅਜਿਹੇ ਪੁਰਸ਼ਾਂ ਨੂੰ ਦੁਖਾਂ, ਤਕਲੀਫਾਂ, ਵਿਘਨਾਂ ਦੇ ਝੋਲੇ ਕੁਝ ਵੀ ਨੁਕਸਾਨ ਨਹੀਂ ਪਹੁੰਚਾ ਸਕਿਆ ਕਰਦੇ ਜਿਸ ਦੇ ਬਾਰੇ ਫੁਰਮਾਨ ਹੈ –

*ਪੋਖਿ ਤੁਖਾਰੁ ਨ ਵਿਆਪਈ*
*ਕੰਠਿ ਮਿਲਿਆ ਹਰਿ ਨਾਹੁ॥ ਅੰਗ – 135*

ਉਨ੍ਹਾਂ ਦਾ ਪਿਆਰ ਦਿਖਾਵੇ ਦਾ ਨਹੀਂ ਹੁੰਦਾ ਪਰ ਉਨ੍ਹਾਂ ਦੇ ਮਨ ਵਿਚ ਪਿਆਰ ਦੇ ਅਣੀਆਂ ਵਾਲੇ ਤੀਰ ਲਗ ਕੇ ਛੇਕ ਪੈ ਜਾਂਦੇ ਹਨ ਅਤੇ ਹਰ ਵਕਤ ਪ੍ਰਭੂ ਦੇ ਦਰਸ਼ਨ ਵਿਚ ਲੀਨ ਰਹਿੰਦੇ ਹਨ। ਉਹ ਆਪਣੇ ਪਿਆਰੇ ਦੀ ਓਟ ਵਿਚ ਰਹਿੰਦੇ ਹਨ ਅਤੇ ਪ੍ਰਭੂ ਦੀ ਸੇਵਾ, ਸਿਮਰਨ ਵਿਚ ਆਪਣਾ ਜੀਵਨ ਬਤੀਤ ਕਰਦੇ ਹਨ। ਉਨ੍ਹਾਂ ਨੂੰ ਪ੍ਰਭੂ ਦੀ ਤ੍ਰਿਗੁਣੀ ਮਾਇਆ ਕਿਸੇ ਤਰ੍ਹਾਂ ਵੀ ਭੁਲਾ ਨਹੀਂ ਸਕਦੀ ਅਤੇ ਨਾ ਹੀ ਉਨ੍ਹਾਂ ਦੀ ਪ੍ਰੀਤੀ ਨੂੰ ਤੋੜ ਸਕਦੀ ਹੈ, ਉਨ੍ਹਾਂ ਨੂੰ ਮਾਇਆ ਮੋਹ ਨਹੀਂ ਸਕਦੀ। ਇਥੋਂ ਤਕ ਕਿ ਵੱਡੀਆਂ ਤੋਂ ਵੱਡੀਆਂ ਪ੍ਰਾਪਤੀਆਂ ਹੋ ਜਾਣ ਕਰਕੇ ਵੀ ਉਹ ਆਪਣੇ ਪਿਆਰੇ ਨੂੰ ਕਿਸੇ ਸੁਆਸ ਵੀ ਭੁਲਦੇ ਨਹੀਂ ਹਨ। ਮਹਾਰਾਜ ਜੀ ਦਾ ਫੁਰਮਾਨ ਹੈ –

*ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ॥*
*ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ॥*
*ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ॥*
*ਅੰਗ – 135*

ਉਹ ਮਹਾਂਪੁਰਸ਼ਾਂ ਦੇ ਨਾਲ ਮਿਲ ਕੇ ਆਪਣੇ ਪਿਆਰੇ ਦੇ ਗੁਣ ਗਾ ਕੇ ਜੀਵਨ ਪਦਵੀ ਦੇ ਹੁਲਾਰੇ ਸਦੀਵੀ ਲੈਂਦੇ ਹਨ, ਉਨ੍ਹਾਂ ਉਤੇ ਕਦੇ ਵੀ ਮੁਰਦਾਪੁਣਾ ਨਹੀਂ ਛਾਉਂਦਾ। ਪ੍ਰੀਤ ਵਿਹੂਣੇ ਕਿਸੇ ਸਮੇਂ ਵੀ ਨਹੀਂ ਹੁੰਦੇ, ਪ੍ਰੀਤ ਤੋਂ ਖਾਲੀ ਹੋਣਾ ਹੀ ਮੁਰਦਾਪੁਣ ਹੋਇਆ ਕਰਦਾ ਹੈ –

*ਅਤਿ ਸੁੰਦਰ ਕੁਲੀਨ ਚਤੁਰ*
*ਮੁਖਿ ਙਿਆਨੀ ਧਨਵੰਤ॥*
*ਮਿਰਤਕ ਕਹੀਅਹਿ ਨਾਨਕਾ*
*ਜਿਹ ਪ੍ਰੀਤਿ ਨਹੀ ਭਗਵੰਤ॥ ਅੰਗ – 253*

ਵਾਹਿਗੁਰੂ ਜੀ ਤੋਂ ਵਿਛੜ ਕੇ ਇਹ ਜੀਵ 84 ਦੇ ਚੱਕਰ ਵਿਚ ਘੁਮੇਟਣੀਆਂ ਖਾ ਰਿਹਾ ਸੀ ਕਿਉਂਕਿ ਹਉਮੈ ਤੱਤ ਨੇ ਇਸ ਨੂੰ ਵਿਛੋੜਿਆਂ ਵਿਚ ਪਾ ਦਿਤਾ ਸੀ, ਦੁਖੀ ਹੋ-ਹੋ ਕੇ ਰੋਂਦਾ-ਕੁਰਲਾਉਂਦਾ ਸੀ ਪਰ ਜਦੋਂ ਸੱਚੀ ਲਿਵ ਅਤੇ ਸਾਧੂਆਂ ਦੀ ਸੰਗਤ ਕਰਕੇ ਉਹ ਆਪਣੇ ਮੀਤ ਦੇ ਗੁਣ ਗਾਉਂਦਾ ਹੈ ਤਾਂ ਉਹ ਪਿਆਰ ਐਨਾ ਪ੍ਰਬਲ ਹੋਇਆ ਕਰਦਾ ਹੈ ਕਿ ਉਹ ਹਉਮੈ ਦੇ ਬੰਧਨ ਕੱਟ ਕੇ ਪ੍ਰਭੂ ਵਿਚ ਐਉਂ ਮਿਲ ਜਾਂਦਾ ਹੈ ਜਿਵੇਂ –

*ਜਿਉ ਜਲ ਮਹਿ ਜਲੁ ਆਇ ਖਟਾਨਾ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ॥ ਅੰਗ – 278*

ਉਹ ਪਿਆਰਾ ਪ੍ਰਭੂ ਇਸ ਨਿਮਾਣੇ ਨਿਤਾਣੇ ਆਪਣੇ ਅੰਸ, ਜਿਸਨੂੰ ਜੀਵ ਆਤਮਾ ਆਖਿਆ ਜਾਂਦਾ ਹੈ, ਉਸਨੂੰ ਹੱਥ ਫੜ ਕੇ ਜਾਂ ਬਾਹੋਂ ਫੜ ਕੇ ਆਪਣੇ ਸਰੂਪ ਵਿਚ ਸਮਾਈ ਕਰਾ ਦਿੰਦਾ ਹੈ। ਆਪਣੀ ਪ੍ਰੇਮ ਜੋਤ ਵਿਚ ਨਿਵਾਸ ਦੇ ਦਿੰਦਾ ਹੈ ਅਤੇ ਐਉਂ ਅਭੇਦ ਕਰ ਦਿੰਦਾ ਹੈ ਜਿਸ ਤਰ੍ਹਾਂ ਨਾਲ ਸਮੁੰਦਰ ਵਿਚ ਅਨੇਕ ਦਰਿਆਵਾਂ ਵਿਚੋਂ ਆਇਆ ਪਾਣੀ ਆਪਣੀ ਹੋਂਦ ਖਤਮ ਕਰਕੇ ਮੁੜ ਸਮੁੰਦਰ ਬਣ ਜਾਂਦਾ ਹੈ ਫਿਰ ਉਸ ਦਾ ਕਦੇ ਵੀ ਵਿਛੋੜਾ ਨਹੀਂ ਹੁੰਦਾ, ਕਿਉਂਕਿ ਪ੍ਰਭੂ ਨੇ ਉਸ ਨੂੰ ਕਦੇ ਵੀ ਅੱਡ ਨਹੀਂ ਰਹਿਣ ਦਿਤਾ, ਆਪਣਾ ਹੀ ਸਰੂਪ ਬਣਾ ਲਿਆ। ਹੁਣ ਉਹ ਜੀਵ ਆਤਮਾ ਨਾ ਰਿਹਾ, ਹੁਣ ਉਹ ਨਾ ਮੈਂ ਰਿਹਾ, ਨਾ ਤੂੰ ਰਿਹਾ, ਉਹ ਆਪੇ ਆਪ ਹੋ ਗਿਆ। ਜਿਸ ਤਰ੍ਹਾਂ ਪਾਣੀ ਦੀ ਲਹਿਰ ਸਮੁੰਦਰ ਵਿਚ ਹੀ ਸਮਾਅ ਜਾਂਦੀ ਹੈ, ਪਾਣੀ ਵਿਚ ਉਠੇ ਬੁਲਬਲੇ ਪਾਣੀ ਵਿਚ ਹੀ ਸਮਾਅ ਜਾਂਦੇ ਹਨ ਇਸੇ ਤਰ੍ਹਾਂ ਨਾਲ ਪੂਰਨ ਪ੍ਰੇਮ ਦੇ ਅਨੰਦ ਵਿਚ ਲੀਨ ਹੋਇਆ ਇਹ ਜੀਵ ਆਪ ਹੀ ਪ੍ਰਮੇਸ਼ਰ ਬਣ ਜਾਇਆ ਕਰਦਾ ਹੈ –

*ਕਬੀਰ ਤੂੰ ਤੂੰ ਕਰਤਾ ਤੂ ਹੂਆ*
*ਮੁਝ ਮਹਿ ਰਹਾ ਨ ਹੂੰ॥*
*ਜਬ ਆਪਾ ਪਰ ਕਾ ਮਿਟਿ ਗਇਆ*
*ਜਤ ਦੇਖਉ ਤਤ ਤੂ॥ ਅੰਗ – 1375*
*ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ॥*
*ਅੰਗ – 135*

ਹੁਣ ਵਿਛੋੜੇ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ, ਐਸੇ ਪ੍ਰਭੂ ਤੋਂ ਲੱਖਾਂ ਵਾਰੀ ਵਾਰਨੇ ਹੁੰਦੇ ਹਾਂ, ਕੁਰਬਾਨ ਹੁੰਦੇ ਹਾਂ ਜੋ ਗੰਮਤਾ ਵਿਚ ਨਹੀਂ ਆ ਸਕਦਾ, ਜਿਸ ਦਾ ਕੋਈ ਥਾਹ ਨਹੀਂ ਪਾਇਆ ਜਾ ਸਕਦਾ ਪਰ ਆਪਣੀ ਹੋਂਦ ਵਿਚ ਅਸਥਿਤ ਹੋ ਕੇ ਆਪੇ ਆਪ ਆਪਣੀ ਮਹਿਮਾ ਵਿਚ ਆਪ ਹੀ ਅਨੇਕ ਰੂਪਾਂ ਵਿਚ ਵਰਤਦਾ ਹੈ ਜਿਸ ਬਾਰੇ ਇਸ ਜੀਵ ਕੋਲ ਕੋਈ ਐਸੀ ਚੀਜ਼ ਨਹੀਂ ਜਿਸ ਨਾਲ ਉਹ ਉਸ ਦਾ ਥਾਹ ਪਾ ਸਕੇ।

*ਕਰੁ ਗਹਿ ਲੀਨੀ ਪਾਰਬ੍ਰਹਮਿ*
*ਬਹੁੜਿ ਨ ਵਿਛੁੜੀਆਹੁ॥*
*ਬਾਰਿ ਜਾਉ ਲਖ ਬੇਰੀਆ*
*ਹਰਿ ਸਜਣੁ ਅਗਮ ਅਗਾਹੁ॥ ਅੰਗ – 135*
*ਨਹੀ ਜਾਨ ਜਾਈ ਕਛੂ ਰੂਪ ਰੇਖੰ॥*
*ਕਹਾ ਬਾਸ ਤਾਂਕੋ ਫਿਰੈ ਕਉਨ ਭੇਖੰ॥*

*(ਬਾਕੀ ਪੰਨਾ 63 'ਤੇ)*

# ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂਹਾਨੀ ਮਿਸ਼ਨ*

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥ ਅੰਗ - ੨੫੬*
*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥*
*ਅੰਗ - ੨੮੯*
*ਅਪਨੀ ਮਾਇਆ ਆਪਿ ਪਸਾਰੀ*
*ਆਪਹਿ ਦੇਖਨਹਾਰਾ ॥*
*ਨਾਨਾ ਰੂਪੁ ਧਰੇ ਬਹੁ ਰੰਗੀ*
*ਸਭ ਤੇ ਰਹੈ ਨਿਆਰਾ ॥ ਅੰਗ - ੫੩੭*
*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥*
*ਅੰਗ - ੨੯੦*
*ਧਾਰਨਾ - ਖੇਲੇ ਸੁਆਮੀ ਮੇਰਾ ਨਿਰਗੁਣ ਹੋ ਕੇ,*
*ਸਰਗੁਣ ਹੋ ਕੇ।*
*ਕਤਹੂੰ ਸੁਚੇਤ ਹੁਇਕੈ, ਚੇਤਨਾ ਕੋ ਚਾਰ ਕੀਓ,*
*ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ।*
*ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ,*
*ਕਹੂੰ ਮਹਾਂ ਦਾਨ ਹੁਇਕੈ*
*ਮਾਂਗਿਓ ਧਨ ਦੇਤ ਹੋ।*
*ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,*
*ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ।*
*ਕਹੂੰ ਬੇਦ ਰੀਤ ਕਹੂੰ ਤਾ ਸਿਉ ਬਿਪ੍ਰੀਤ*
*ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ।*

ਸਾਧਸੰਗਤ ਜੀ ਗੱਜ ਕੇ ਬੋਲਣਾ ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ। ਗੁਰਮਤਿ ਦੇ ਅਨੁਸਾਰ ਸਾਰੀ ਸ੍ਰਿਸ਼ਟੀ ਜੋ ਹੈ ਵਾਹਿਗੂਰੂ ਦੀ ਖੇਲ੍ਹ ਹੈ, ਜਿਹੋ ਜਿਹਾ ਕਿਸੇ ਨੂੰ part ਮਿਲਿਆ ਹੋਇਆ ਹੈ, ਓਹੋ ਜਿਹਾ ਉਹ ਖੇਲ੍ਹ ਕਰ ਰਿਹਾ ਹੈ। ਸ੍ਰਿਸ਼ਟੀ, ਰਚਨਾ ਵਾਹਿਗੁਰੂ ਤੋਂ ਕਿਵੇਂ ਬਣ ਗਈ, ਜਦ ਕਿ ਵਾਹਿਗੂਰੂ ਦੇ ਵਿਚ ਕੋਈ ਦੁਖ ਨਹੀਂ ਹੈ, ਕੋਈ ਘਾਟਾ ਨਹੀਂ ਹੈ, ਕੋਈ ਫਿਕਰ ਨਹੀਂ ਹੈ, ਕੋਈ ਸੋਚ ਨਹੀਂ ਹੈ, ਕੋਈ ਆਸਾ ਨਹੀਂ, ਕੋਈ ਅੰਦੇਸਾ ਨਹੀਂ, ਇਹ ਚੀਜ਼ਾਂ ਕਿਥੋਂ ਆ ਗਈਆਂ? ਜੋ ਸੋਝੀ ਵਾਲਾ ਦਿਮਾਗ ਹੈ, ਬੰਦਾ ਹੈ, ਤਰਕ ਦਾ ਜਿਹਦੇ ਵਿਚ ਕੁਛ ਅੰਸ ਹੈ, ਉਹ ਸੋਚ ਕੇ ਗੱਲ ਕਰੇਗਾ ਕਿ ਜੇ ਵਾਹਿਗੁਰੂ ਹੀ ਹੈ ਫੇਰ ਇਹ ਚੀਜ਼ਾਂ ਕਿਥੋਂ ਆ ਗਈਆਂ, ਐਨੀਆਂ ਮਾੜੀਆਂ? ਮਹਾਰਾਜ ਕਹਿਣ ਲੱਗੇ ਜਦੋਂ ਪ੍ਰਮੇਸ਼ਰ ਨੇ ਇਕ ਤੋਂ ਅਨੇਕ ਰੂਪ ਧਾਰੇ, ਆਪ ਹੀ ਆਪਣੇ ਆਪ ਨੂੰ ਸਾਜਿਆ -

*ਨਿਰੰਕਾਰੁ ਆਕਾਰੁ ਹੋਇ*
*ਏਕੰਕਾਰੁ ਅਪਾਰੁ ਸਦਾਇਆ।*
*ਭਾਈ ਗੁਰਦਾਸ ਜੀ, ਵਾਰ ੨੬/੨*

ਆਕਾਰ ਜਦੋਂ ਆਪ ਨੇ ਧਾਰਨ ਕਰਿਆ, ਵਾਹਿਗੁਰੂ ਜੀ ਨੇ ਏਕੰਕਾਰ ਦਾ ਨਾਮ ਰੱਖਿਆ -

*ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ।*
*ਭਾਈ ਗੁਰਦਾਸ ਜੀ, ਵਾਰ ੨੬/੨*

ਸ਼ਬਦ ਧੁਨ ਹੋਈ ਉਸ ਦੇ ਨਾਲ ਬੇਅੰਤ ਆਕਾਰ ਬਣ ਗਏ-

*ਕੀਤਾ ਪਸਾਉ ਏਕੋ ਕਵਾਉ ॥*
*ਤਿਸ ਤੇ ਹੋਏ ਲਖ ਦਰੀਆਉ ॥ ਅੰਗ - ੩*

ਇਹਦੇ ਵਿਚ ਜਿਥੇ ਬਾਕੀ ਚੀਜ਼ਾਂ ਪਾਈਆਂ, ਇਕ ਚੀਜ਼ ਜਿਹਨੂੰ ਹਉਮੈ ਕਹਿੰਦੇ ਨੇ ਉਹ ਪਾ ਦਿਤੀ -

*ਜਿਨਿ ਰਚਿ ਰਚਿਆ ਪੁਰਖਿ ਬਿਧਾਤੈ*
*ਨਾਲੇ ਹਉਮੈ ਪਾਈ ॥*
*ਜਨਮ ਮਰਣੁ ਉਸ ਹੀ ਕਉ ਹੈ ਰੇ*
*ਓਹਾ ਆਵੈ ਜਾਈ ॥ ਅੰਗ - ੯੯੯*

ਜੰਮਦੀ ਕੀ ਹੈ ਹਉਮੈ ਤੇ ਮਰਦੀ ਵੀ ਹਉਮੈ ਹੈ। ਉਹੀ ਜਨਮ ਧਾਰਦੀ ਹੈ, ਉਹੀ ਮੁਕਤ ਹੁੰਦੀ ਹੈ। ਹਉਮੈ ਇਕ ਐਸੀ ਚੀਜ਼ ਹੈ, ਜੋ ਪ੍ਰਮੇਸ਼ਰ ਨੇ ਨਾਲ ਹੀ ਲਾ ਦਿਤੀ ਜਦ ਸੰਸਾਰ ਰਚਿਆ। ਹਉਮੈ ਹੀ ਜੰਮਦੀ ਹੈ, ਹਉਮੈ ਹੀ ਮਰਦੀ ਹੈ, ਓਹੀ ਆਉਂਦੀ ਹੈ, ਓਹੀ ਜਾਂਦੀ ਹੈ।

ਗੁਰੂ ਨਾਨਕ ਪਾਤਸ਼ਾਹ ਸਿੱਧਾਂ ਨਾਲ ਸੁਮੇਰ ਪਰਬਤ 'ਤੇ ਬਚਨ ਇਹ ਕਰ ਰਹੇ ਸੀ, ਕਿਉਂਕਿ ਉਹ ਸ਼ਾਖਸਾਤ ਨੂੰ ਮੰਨਦੇ ਸੀ, ਪਾਤੰਜਲ ਨੂੰ ਮੰਨਦੇ ਸੀ, ਨਿਆਏ ਸ਼ਾਸਤਰ ਨੂੰ ਮੰਨਦੇ ਸੀ, ਉਹਨਾਂ ਦੇ ਹਿਸਾਬ ਨਾਲ ਜੋ ਈਸ਼ਵਰ ਹੈ, ਵਾਹਿਗੁਰੂ ਹੈ, ਉਹ ਸੰਸਾਰ ਤੋਂ ਅਲੱਗ ਥਲੱਗ ਰਹਿੰਦਾ ਹੈ। ਇਹਦੇ ਦੁਖ ਸੁਖ ਦਾ ਇਹਨੂੰ ਕੋਈ ਲੇਪ ਨਹੀਂ ਹੈ। ਉਹ ਆਪ ਸਤਿ ਚਿਤ ਅਨੰਦ ਰਹਿੰਦਾ ਹੈ, ਸੰਸਾਰ ਦੁਖੀ ਹੁੰਦਾ ਹੈ ਕਿਉਂਕਿ ਕਰਮਾਂ ਦਾ ਬੰਨ੍ਹਿਆ ਹੋਇਆ ਸੰਸਾਰ ਦੁਖੀ ਹੋ ਜਾਇਆ ਕਰਦਾ ਹੈ ਤੇ ਕਰਮਾਂ ਤੋਂ ਫਰੀ ਕਰ ਲੈਣਾ ਆਪਣੇ ਆਪ ਨੂੰ ਅਸ਼ਟਾਂਗ ਯੋਗ ਦੇ ਨਾਲ, ਇਹਦੇ ਨਾਲ ਇਹ ਕਹਿੰਦੇ ਨੇ ਕਿ ਇਹ ਮੁਕਤ ਹੋ ਜਾਂਦਾ ਹੈ। ਗੁਰੂ

ਮਹਾਰਾਜ ਏਸ ਮੁਕਤੀ ਨੂੰ ਤਾਂ ਨਹੀਂ ਮੰਨਦੇ, ਏਸ ਤੋਂ ਅਗਲੀ ਮੁਕਤੀ ਨੂੰ ਮੰਨਦੇ ਨੇ। ਕਿਉਂਕਿ ਜੋ ਉਨ੍ਹਾਂ ਨੇ ਸਾਧਨ ਰੱਖੇ ਨੇ, ਸਮ ਦਾ, ਦਮ ਦਾ, ਆਸਣ ਹੈ, ਪ੍ਰਾਣਾਯਾਮ ਹੈ, ਪ੍ਰਤੀਹਾਰ ਹੈ, ਪੰਜ ਹੋ ਜਾਂਦੇ ਨੇ - ਧਾਰਨਾ, ਧਿਆਨ, ਸਮਾਧੀ, ਅਸ਼ਟਾਂਗ ਯੋਗ ਇਹਨੂੰ ਕਹਿੰਦੇ ਨੇ, ਅੱਠ ਹੋਇਆ ਕਰਦੇ ਨੇ, ਇਹਦੇ ਹਿਸਾਬ ਨਾਲ ਜੀਵ ਨੂੰ ਪ੍ਰਕ੍ਰਿਤੀ ਤੋਂ ਲਾਂਭੇ ਕਰਨਾ ਹੈ, ਬਸ ਫੇਰ ਉਹਨੂੰ ਕਹਿੰਦੇ ਨੇ ਮੁਕਤ ਹੋ ਜਾਣਾ। ਗੁਰਮਤਿ ਨਹੀਂ ਏਸ ਤਰ੍ਹਾਂ ਕਹਿੰਦੀ, ਗੁਰਮਤਿ ਕਹਿੰਦੀ ਹੈ ਕਿ ਜੀਵ ਨੂੰ ਪ੍ਰਮੇਸ਼ਰ ਦੇ ਵਿਚ ਰਲਾਉਣਾ ਹੈ, ਉਥੇ ਨਹੀਂ ਹੈ ਕਿ ਇਹਨੂੰ ਆਪਣੇ ਆਪ ਹੀ ਆਤਮ ਗਿਆਨ ਹੋ ਗਿਆ। ਆਤਮ ਗਿਆਨ ਤੋਂ ਅੱਗੇ ਬ੍ਰਹਮਗਿਆਨ ਹੋਇਆ ਕਰਦਾ ਹੈ।

*ਆਤਮਾ ਪਰਾਤਮਾ ਏਕੋ ਕਰੈ ॥*
*ਅੰਤਰ ਕੀ ਦੁਬਿਧਾ ਅੰਤਰਿ ਮਰੈ ॥* *ਅੰਗ - ੬੬੧*

ਸੋ ਮਹਾਰਾਜ ਕਹਿਣ ਲੱਗੇ, ਗੋਰਖਨਾਥ! ਇਹ ਸੰਸਾਰ 'ਚ ਦੁਖ ਜੋ ਪੈਦਾ ਹੋਇਆ ਹੈ, ਪ੍ਰਮੇਸ਼ਰ ਨੇ ਨਹੀਂ ਕਰਿਆ, ਪ੍ਰਮੇਸ਼ਰ ਨੇ ਇਕ ਤੱਤ ਬਣਾਇਆ ਹੈ, ਜਿਹਨੂੰ ਹਉਮੈ ਤੱਤ ਕਹਿੰਦੇ ਨੇ,-

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ*
*ਕਿਤੁ ਕਿਤੁ ਦੁਖਿ ਬਿਨਸਿ ਜਾਈ ॥*
*ਹਉਮੈ ਵਿਚਿ ਜਗੁ ਉਪਜੈ ਪੁਰਖਾ*
*ਨਾਮਿ ਵਿਸਰਿਐ ਦੁਖੁ ਪਾਈ ॥* *ਅੰਗ - ੯੪੬*

ਦੁਖ ਕਿਵੇਂ ਜਾਵੇ ਤੇ ਕਿਸ ਤਰੀਕੇ ਦੇ ਨਾਲ ਸੰਸਾਰ ਬਣ ਗਿਆ। ਕਿਉਂਕਿ ਇਕ ਵਾਹਿਗੁਰੂ ਜੇ ਸਾਰੇ ਹੀ ਹੈ ਤਾਂ ਉਹਦੇ ਵਿਚ ਅਗਿਆਨ ਤਾਂ ਆ ਨਹੀਂ ਨਾ ਸਕਦਾ। ਅਗਿਆਨ ਕਿਥੋਂ ਆ ਗਿਆ, ਮਹਾਰਾਜ ਕਹਿੰਦੇ, ਹਉਮੈ ਤੱਤ ਪੈ ਗਿਆ, ਪਰਦਾ ਪੈ ਗਿਆ, ਓਸ ਪਰਦੇ ਨੇ ਜਿਹੜੀ ਪਛਾਣ (awareness) ਬਾਕੀ ਦੀ ਆਈ, ਬ੍ਰਹਮਗਿਆਨ ਜਿਸਨੂੰ ਆਖਦੇ ਨੇ, ਬ੍ਰਹਮ ਦੀ (awareness) ਆਖਦੇ ਨੇ, ਉਥੋਂ ਜੀਵ ਭਾਵ ਦੀ ਸੂਝ (awareness) ਪੜਦੇ ਦੇ ਓਹਲੇ ਆ ਗਈ। ਜਿਵੇਂ ਸੂਰਜ ਹੁੰਦਾ ਹੈ, ਉਹਦੀਆਂ ਕਿਰਨਾਂ ਜਦ ਬੰਨ੍ਹ ਕੇ ਪਾਈਆਂ ਜਾਂਦੀਆਂ ਨੇ, ਪਾਣੀ ਵੀ ਗਰਮ ਕਰਦੇ ਹਾਂ, ਸਬਜ਼ੀਆਂ ਵੀ ਬਣਦੀਆਂ ਨੇ, ਉਹ ਸੂਰਜ ਦੀ ਸ਼ਕਤੀ ਨੂੰ ਸ਼ੀਸ਼ੇ ਨੇ ਬੰਨ੍ਹ ਲਿਆ। ਐਸੇ ਤਰ੍ਹਾਂ ਪ੍ਰਮੇਸ਼ਰ ਨੇ ਪ੍ਰਕ੍ਰਿਤੀ ਪੈਦਾ ਕਰ ਦਿਤੀ, ਪ੍ਰਕ੍ਰਿਤੀ ਦੇ ਉਤੇ ਜਦ ਇਹਦਾ ਪ੍ਰਕਾਸ਼ ਪਿਆ, ਇਹਦੇ ਵਿਚ awareness ਆ ਗਈ, ਇਹਦੇ ਵਿਚ ਇਕ ਸੁਰਤ ਹੋ ਗਈ ਮੈਂ ਦੀ, ਮੈਂ ਸਰੀਰ ਹਾਂ, ਮੇਰਾ ਨਾਉਂ ਫਲਾਣਾ ਹੈ, ਮੈਂ ਸੁਖੀ ਹਾਂ, ਮੈਂ ਦੁਖੀ ਹਾਂ, ਮੈਂ ਅਮੀਰ ਹਾਂ, ਮੈਂ ਗਰੀਬ ਹਾਂ, ਮੈਂ ਗੋਰਾ ਹਾਂ, ਮੈਂ ਪਤਲਾ ਹਾਂ। ਇਹਦੇ ਆਉਣ ਦੇ ਨਾਲ ਇਹ ਪ੍ਰਮੇਸ਼ਰ ਤੋਂ ਅੱਡ ਹੋ ਜਾਂਦਾ ਹੈ। ਕਿਸ ਤਰ੍ਹਾਂ ਅੱਡ ਹੋ ਜਾਂਦਾ ਹੈ, ਜਿਵੇਂ ਦਰਿਆ ਉਛਲੇ ਤੇ ਛੋਟੇ-ਛੋਟੇ ਟੋਭਿਆਂ ਦੇ ਵਿਚ ਨਿੱਕੀਆਂ-ਨਿੱਕੀਆਂ ਛਪੜੀਆਂ ਦੇ ਵਿਚ ਪਾਣੀ ਚਲਿਆ ਜਾਵੇ, ਪਾਣੀ ਓਹੀ ਹੈ ਦਰਿਆ ਦਾ ਹੀ, ਨਿਰਮਲ ਜਲ ਹੈ ਗੰਗਾ ਦਾ, ਲੇਕਿਨ ਉਛਲ ਕੇ ਜਦ ਇਹ ਵਖਰਾ ਹੋ ਜਾਂਦਾ ਹੈ ਤਾਂ ਇਹਦੇ ਵਿਚ ਫੇਰ ਕਿਰਮ ਪੈ ਜਾਂਦੇ ਨੇ, ਬਦਬੂ ਛੱਡ ਜਾਂਦਾ ਹੈ, ਪਸ਼ੂ ਆ ਕੇ ਇਹਦੇ ਵਿਚ ਇਹਨੂੰ ਗੰਦਾ ਕਰ ਜਾਂਦੇ ਨੇ, ਕਿਰਮ ਪੈ ਜਾਂਦੇ ਨੇ, ਪਾਣੀ ਓਹੀ ਹੈ, ਇਹੀ ਪਾਣੀ ਜੇ ਦਰਿਆ ਦੇ ਨਾਲ ਫੇਰ ਮੁੜ ਕੇ ਸੋਮੇ ਨਾਲ ਮਿਲ ਜਾਵੇ ਤਾਂ ਇਹਦੇ ਵਿਚ ਪਵਿਤਰਤਾ ਫੇਰ ਆ ਜਾਂਦੀ ਹੈ, ਸਿਥਲ ਰੌਂ ਟੁਟ ਜਾਂਦੀ ਹੈ, ਸਾਂਝ (conection) ਟੁਟਣ ਦੇ ਨਾਲ ਇਹ ਚੀਜ਼ ਗਲ ਜਾਂਦੀ ਹੈ, ਇਸੇ ਤਰ੍ਹਾਂ ਪ੍ਰਕ੍ਰਿਤੀ ਦੇ ਉਤੇ ਜਿਹੜਾ ਪ੍ਰਭਾਵ ਪੈਂਦਾ ਹੈ, ਪ੍ਰਤੀਬਿੰਬ ਪੈਂਦਾ ਹੈ ਉਹਦੇ ਨਾਲ ਇਹ ਜੀਵ ਬਣ ਕੇ ਅਗਿਆਨ ਵਿਚ ਆ ਗਿਆ। ਅਗਿਆਨੀ ਜੀਵ ਫੇਰ ਭਟਕਦੇ ਫਿਰਦੇ ਨੇ, ਜੰਮੀ ਜਾਂਦੇ ਨੇ, ਮਰੀ ਜਾਂਦੇ ਨੇ, ਐਹ ਜੂਨੀ ਚਲੇ ਗਏ, ਔਹ ਜੂਨੀ 'ਚ ਚਲੇ ਗਏ, ਇਹ ਕੋਈ imagenar ਬਾਤਾਂ ਨਹੀਂ ਕਿ ਮੈਂ ਐਵੇਂ ਕਹੀ ਜਾਂਦਾ ਹਾਂ, ਐਸੀਆਂ ਬਾਤਾਂ ਸੰਸਾਰ ਦੇ ਅੰਦਰ ਚਲ ਰਹੀਆਂ ਨੇ। ਮੈਨੂੰ ਇਕ ਦਿਨ ਇਕ ਪ੍ਰੇਮੀ ਨੇ ਦਸਿਆ ਸੰਗਤ 'ਚ ਆਉਂਦੇ ਨੇ, ਟਰਾਂਸਪੋਰਟਰ ਨੇ ਕਿ ਸਾਡੇ ਪਿੰਡ ਦੇ ਕੋਲ ਇਕ ਬੱਚਾ ਪੜਦਾ ਸੀ, ਉਹ ਜਦ ਰੌਣੀ ਆਇਆ, ਸਾਡੇ ਪਿੰਡਾਂ ਕੋਲ ਹੈ ਪਿੰਡ ਰੌਣੀ। ਸਕੂਲ ਹੈ ਉਥੇ ਹਾਈ ਸਕੂਲ ਤੇ ਉਥੇ ਖੇਲ੍ਹਾਂ ਹੋ ਰਹੀਆਂ ਨੇ, ਤਾਂ ਉਹ ਕਹਿਣ ਲਗਿਆ ਮਾਸਟਰ ਜੀ ਜੇ ਮੈਨੂੰ ਆਗਿਆ ਹੋਵੇ ਮੈਂ ਆਪਣੇ ਇਲਾਕੇ ਵਿਚ ਆ ਗਿਆ ਹਾਂ, ਤੇ ਮੈਂ ਆਪਣੇ ਮਾਂ ਬਾਪ ਨੂੰ ਮਿਲ ਆਵਾਂ। ਉਹ ਕਹਿੰਦਾ ਓ ਕਾਕਾ! ਤੇਰਾ ਇਲਾਕਾ ਇਥੇ ਕਿਥੇ ਹੈ, ਤੇਰਾ ਤਾਂ ਇਲਾਕਾ ਦੂਰ ਹੈ, ਇਹ ਤੇਰਾ ਇਲਾਕਾ ਨਹੀਂ ਹੈ। ਕਹਿਣ ਲੱਗਿਆ ਜੀ ਨਹੀਂ ਮੇਰਾ ਇਲਾਕਾ ਇਹੀ ਹੈ। ਉਹ ਇਲਾਕਾ ਮੇਰਾ ਨਹੀਂ ਹੈ। ਇਥੇ ਮੇਰੇ ਮਾਂ ਬਾਪ ਨੇ, ਅੱਠਵੀਂ ਜਮਾਤ ਦਾ ਵਿਦਿਆਰਥੀ ਹੈ, ਤਾਂ ਉਨ੍ਹਾਂ ਸਾਰਿਆਂ ਨੂੰ ਦਿਲਚਸਪੀ ਪੈਦਾ ਹੋ ਗਈ, ਕਹਿੰਦੇ ਚਲੋ ਇਹਦਾ ਪਿੰਡ ਕਿਹੜਾ ਦੂਰ ਹੈ ਆਪਾਂ ਪੁਛ ਆਉਂਦੇ ਹਾਂ। ਇਹਨੂੰ ਮੂਹਰੇ ਕਰ ਲੈਂਦੇ ਹਾਂ, ਆਪਣੇ ਘਰ ਲੈ ਕੇ ਜਾਏਗਾ ਹੀ। ਬੱਚੇ ਨੂੰ ਅੱਗੇ ਕਰ ਲਿਆ ਤੇ ਜਦੋਂ ਉਥੇ ਚਲੇ ਗਏ, ਕਹਿੰਦੇ ਘਰ ਪਤਾ ਹੈ ਤੈਨੂੰ, ਕਹਿੰਦਾ ਹਾਂ ਜੀ। ਗਲੀ ਵਿਚ ਤੁਰਿਆ ਜਾਂਦਾ ਹੈ ਕਹਿੰਦਾ ਮਾਸੀ ਕੀ ਹਾਲ ਹੈ? ਤਕੜੀ ਹੈਂ ਹਾਕ ਮਾਰੀ। ਕਹਿੰਦਾ ਇਹ ਮੇਰੀ ਮਾਸੀ ਦਾ ਘਰ ਹੈ। ਉਹ ਸਾਰੇ ਹੈਰਾਨ ਕਿ ਇਹ ਮੁੰਡਾ ਜਿਹਾ ਨਾ ਕਦੇ ਦੇਖਿਆ ਹੈ ਇਥੇ, ਇਹ ਮਾਸੀ ਕਹਿੰਦਾ ਹੈ। ਅੱਗੇ ਆਪਣੇ ਘਰ ਚਲਿਆ ਗਿਆ, ਉਥੇ ਗਿਆ ਹੋਇਆ ਐਉਂ ਚਲਿਆ ਗਿਆ ਜਿਵੇਂ ਪਹਿਲਾਂ ਤੋਂ ਹੀ ਆਉਂਦਾ ਹੈ। ਮਾਂ ਨੂੰ ਮਿਲਿਆ ਉਹ ਹੈਰਾਨ ਕਿ ਇਹ ਬੱਚਾ ਕੌਣ ਹੈ। ਕਹਿੰਦਾ ਮੈਨੂੰ ਮਾਤਾ ਪਛਾਣਿਆ ਨਹੀਂ ਮੈਂ ਫਲਾਣਾ ਸਿੰਘ ਹਾਂ, ਜਦੋਂ ਉਸ ਨੇ ਉਹਦੇ ਲੜਕੇ ਦਾ ਨਾਉਂ ਲਿਆ ਉਹ ਚੁਕੰਨੀ ਹੋ ਗਈ, ਕਹਿਣ ਲੱਗੀ ਹੈਂ ਕਾਕਾ! ਉਹਨੂੰ

ਤਾਂ ਬੜੀ ਦੇਰ ਹੋ ਗਈ ਮਰ ਗਿਆ। ਕਹਿੰਦਾ ਮੈਂ ਹੀ ਹਾਂ ਉਹ। ਮੇਰੀਆਂ ਕਿਤਾਬਾਂ ਕਿਥੇ ਰੱਖੀਆ ਨੇ? ਇੰਜਨੀਅਰ ਸੀਗਾ ਉਹ, ਇੰਜਨੀਅਰੀ ਕਰਕੇ ਚੰਗੇ ਨੰਬਰ ਲੈ ਕੇ ਪਾਸ ਹੋਇਆ ਸੀ। ਕਹਿੰਦਾ ਮੇਰੀਆਂ ਕਿਤਾਬਾਂ ਤਾਂ ਨਹੀਂ ਸੁੱਟ ਦਿਤੀਆਂ, ਕਹਿੰਦੀ ਨਾ ਬੇਟਾ, ਉਹ ਤਾਂ ਪਈਆਂ ਨੇ, ਪਹਿਲੇ ਬੱਚੇ ਦਾ ਨਾਉਂ ਲੈਂਦੀ ਹੈ ਇਹਦੇ ਉਤੇ ਨਹੀਂ ਇਹਨੂੰ ਯਕੀਨ ਆਉਂਦਾ। ਉਸ ਤੋਂ ਬਾਅਦ ਬਾਹਰ ਚਲਿਆ ਗਿਆ, ਕਹਿੰਦਾ ਆਪਣੇ ਖੇਤ ਦੇ ਵਿਚ ਟਿੱਬਾ ਹੁੰਦਾ ਸੀ ਉਹ ਕਿਥੇ ਚਲਿਆ ਗਿਆ? ਕਹਿੰਦੇ ਕਰਾਹ ਲਿਆ, ਟਿਊਬਵੈਲ ਲਾ ਲਏ, ਟਿਬੇ ਖਤਮ ਹੋ ਗਏ। ਕਹਿੰਦਾ ਬਹੁਤ ਸਾਰੀ ਜ਼ਮੀਨ ਬਣ ਗਈ, ਰਾਹ ਵੀ ਬਦਲ ਗਏ ਸਾਰੇ। ਇਸ ਤਰ੍ਹਾਂ ਦੀਆਂ ਗੱਲਾਂ ਕਰਦਾ ਰਿਹਾ, ਪਿਤਾ ਵੀ ਆ ਗਿਆ, ਉਹਨੇ ਪਛਾਣ ਲਿਆ ਕਿ ਪਿਤਾ ਜੀ ਆ ਗਏ, ਫੇਰ ਉਹਨੇ ਦਸਿਆ ਕਿ ਆਹ ਕਿਤਾਬਾਂ ਵੀ ਮੇਰੀਆਂ ਨੇ, ਆਹ ਕਪੜੇ ਵੀ ਮੇਰੇ ਨੇ ਤੇ ਮੈਂ ਖੰਨੇ ਨੂੰ ਜਾਂਦਾ ਸੀ, ਇਥੇ ਲੰਘੇ ਜਾਂਦੇ ਅਸੀਂ ਮੇਰੇ ਨਾਲ ਸੀ ਭਣੋਈਆ, ਉਹਨੇ ਸ਼ਰਾਬ ਬਹੁਤੀ ਪੀਤੀ ਹੋਈ ਸੀ, ਈਸੜੂ ਕੋਲ ਜਾ ਕੇ ਅਸੀਂ ਖੱਡੇ ਵਿਚ ਗਿਰ ਗਏ ਤੇ ਅਸੀਂ ਦੋਵੇਂ ਮਰ ਗਏ। ਮੇਰਾ ਜਨਮ ਓਸ ਪਿੰਡ ਵਿਚ ਹੋ ਗਿਆ। ਹੁਣ ਮੇਰਾ ਪਿੰਡ ਇਹ ਸੀ, ਕਾਫੀ ਲੰਮੀ ਚੌੜੀ ਗੱਲ ਹੋ ਗਈ, ਮਾਸਟਰ ਲੈ ਗਏ। ਕਹਿਣ ਲੱਗੇ ਕਿ ਤੁਹਾਡੇ ਘਰ ਦੇ ਜਿਹੜੇ ਨੇ ਉਹ ਗੱਲ ਕਰਨ, ਸਾਡੇ ਕਹਿਣ ਤੇ ਨਾ ਗੱਲ ਕਰੋ। ਉਹ ਵੀ ਕਾਫੀ ਕਰਨ ਕਿ ਇਹ ਤਾਂ ਸਾਡਾ ਬੱਚਾ ਹੈ ਸਾਡੇ ਕੋਲ ਰਹਿਣ ਦਿਓ। ਉਹਦੇ ਮਾਂ ਬਾਪ ਕਹਿਣ ਸਾਡਾ ਬੱਚਾ ਹੈ। ਉਹ ਕਹੇ ਕਿ ਮੈਂ ਤਾਂ ਇਨ੍ਹਾਂ ਦਾ ਹਾਂ ਜਿਥੇ ਮੇਰਾ ਪਹਿਲਾਂ ਜਨਮ ਹੋਇਆ ਸੀ। ਅਖੀਰ ਇਹ ਹੋਇਆ ਕਿ ਛੁਟੀਆਂ ਤਾਂ ਤੂੰ ਐਥੇ ਕਟਿਆ ਕਰ। ਪੜ੍ਹਿਆ ਕਰ ਓਥੇ ਜੋ ਇਸ ਜਨਮ ਦੇ ਤੇਰੇ ਮਾਂ ਬਾਪ ਨੇ।

ਕਿਤੇ-ਕਿਤੇ ਐਸੀਆਂ ਬੇਅੰਤ ਗੱਲਾਂ ਨੇ ਸੰਸਾਰ ਦੇ ਅੰਦਰ, ਜਿਥੋਂ ਇਹ ਪਤਾ ਲਗ ਜਾਂਦਾ ਹੈ ਕਿ ਜੀਵ ਜਿਹੜਾ ਹੈ, ਇਹ ਭਟਕਦਾ ਫਿਰਦਾ ਹੈ -

*ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ ॥*
*ਜੇਤਾ ਊਡਹਿ ਦੁਖ ਘਣੇ ਨਿਤ ਦਾਝਹਿ ਤੈ ਬਿਲਲਾਹਿ॥*
*ਅੰਗ - ੬੬*

ਜਿੰਨੀਆਂ ਉਡਾਰੀਆਂ ਮਾਰਦਾ ਹੈ ਓਨਾਂ ਹੀ ਦੁਖੀ ਹੁੰਦਾ ਹੈ, ਇਹਦਾ ਦੁਖ ਤਾਂ ਖਤਮ ਹੁੰਦਾ ਹੈ ਜੇ ਇਹਨੂੰ ਗਿਆਨ ਦੀ ਪ੍ਰਾਪਤੀ ਹੋ ਜਾਵੇ, ਗਿਆਨ ਤੋਂ ਬਗੈਰ ਨਹੀਂ ਇਹਦਾ ਖਹਿੜਾ ਛੁਟਣਾ, ਇਹ ਜੰਮਦਾ ਮਰਦਾ ਰਹੇਗਾ। ਮਹਾਰਾਜ ਕਹਿਣ ਲੱਗੇ ਗੋਰਖਨਾਥ! ਇਹ ਸਾਰਾ ਕੌਤਕ ਜੋ ਸੰਸਾਰ 'ਚ ਹੋ ਰਿਹਾ ਹੈ, ਇਹ ਹਉਮੈ ਤੱਤ ਨੇ ਕੀਤਾ ਹੋਇਆ ਹੈ, ਹਉਮੈ ਤੱਤ ਨੇ ਪ੍ਰਮੇਸ਼ਰ ਨੂੰ ਜੀਵ ਬਣਾਇਆ ਹੋਇਆ ਹੈ, ਹਉਮੈ ਤੱਤ ਨੇ ਇਕ ਦੂਜੇ ਦੇ ਖਿਲਾਫ ਨਫਰਤ ਪੈਦਾ ਕਰੀ ਹੋਈ ਹੈ, ਮਿਤਰਤਾ ਪੈਦਾ ਕਰੀ ਹੋਈ ਹੈ, ਖੇਡ ਸਾਰੀ ਹਉਮੈ ਦੀ ਹੋ ਰਹੀ ਹੈ।

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ*
*ਕਿਤੁ ਕਿਤੁ ਦੁਖਿ ਬਿਨਸਿ ਜਾਈ ॥ ਅੰਗ - ੯੪੬*

ਮਹਾਰਾਜ ਕਹਿੰਦੇ -

*ਹਉਮੈ ਵਿਚਿ ਜਗੁ ਉਪਜੈ ਪੁਰਖਾ*
*ਨਾਮਿ ਵਿਸਰਿਐ ਦੁਖੁ ਪਾਈ ॥ ਅੰਗ - ੯੪੬*

ਜਦੋਂ ਨਾਮ ਯਾਦ ਆ ਜਾਏਗਾ, ਦੁਖਾਂ ਦਾ ਖਾਤਮਾ ਹੋ ਜਾਏਗਾ, ਕਿਉਂਕਿ ਹਉਮੈ ਤੇ ਨਾਮ ਦਾ ਵਿਰੋਧ ਹੈ, ਦੋਵੇਂ ਇਕ ਥਾਂ ਰਿਹਾ ਨਹੀਂ ਕਰਦੇ, ਐਸਾ ਫੁਰਮਾਨ ਕਰਦੇ ਨੇ-

*ਧਾਰਨਾ - ਹਉਮੈ ਤੇ ਨਾਮ ਦਾ ਰਹਿੰਦਾ ਵਿਰੋਧ ਸਦ ਹੀ।*

*ਹਉਮੈ ਨਾਵੈ ਨਾਲਿ ਵਿਰੋਧੁ ਹੈ*
*ਦੁਇ ਨ ਵਸਹਿ ਇਕ ਠਾਇ ॥ ਅੰਗ - ੫੬੦*

ਇਹੋ ਜਿਹੀ ਚੀਜ਼ ਹੈ ਕਿ ਹਉਮੈ ਤੇ ਨਾਮ ਦੋਵੇਂ ਇਕੱਠੇ ਨਹੀਂ ਰਹਿੰਦੇ। ਸੋ ਮਹਾਰਾਜ ਕਹਿੰਦੇ ਗੋਰਖਨਾਥ! ਜਿੰਨਾ ਚਿਰ ਹਉਮੈ ਹੈ, ਓਨਾ ਚਿਰ ਆਦਮੀ ਦੁਖੀ ਹੈ -

*ਜੇਤਾ ਊਡਹਿ ਦੁਖ ਘਣੇ ਨਿਤ ਦਾਝਹਿ ਤੈ ਬਿਲਲਾਹਿ॥*
*ਅੰਗ - ੬੬*

ਓਨਾ ਚਿਰ ਇਹਦਾ ਵਿਰਲਾਪ ਨਹੀਂ ਮੁਕਦਾ, ਇਸ ਕਰਕੇ ਜੇ ਨਾਮ ਆ ਜਾਵੇ ਤਾਂ ਇਹ ਪਰਮ ਸੁਖੀ ਹੈ, ਕਿਉਂਕਿ ਦੋਹਾਂ ਦਾ ਵਿਰੋਧ ਹੈ, ਜਾਂ ਹਉਮੈ ਰਹੇਗੀ ਜਾਂ ਨਾਮ। ਨਾਮ ਜਿਸ ਵਕਤ ਪ੍ਰਗਟ ਹੋ ਜਾਂਦਾ ਹੈ ਉਸ ਵੇਲੇ ਆਹੀ ਸੰਸਾਰ ਬਦਲ ਕੇ ਵਾਹਿਗੁਰੂ ਦਾ ਸਰੂਪ ਨਜ਼ਰ ਆਉਣ ਲਗ ਜਾਂਦਾ ਹੈ। ਜਦ ਹਉਮੈ ਦਾ ਜ਼ੋਰ ਹੁੰਦਾ ਹੈ ਉਸ ਵੇਲੇ ਆਹੀ ਵਾਹਿਗੁਰੂ ਜਿਹਨੂੰ ਕਹਿੰਦੇ ਨੇ ਸਾਰੇ ਪਰੀਪੂਰਨ, ਘਟ-ਘਟ ਦੇ ਵਿਚ ਵਿਆਪਕ, ਸਾਰੇ ਰੂਪ ਉਸ ਦੇ ਹੋਣ ਦੇ ਬਾਵਜੂਦ ਇਨ੍ਹਾਂ ਨੂੰ ਵਖਰੇ-ਵਖਰੇ ਜਾਨਣਾ ਸ਼ੁਰੂ ਕਰ ਦਿੰਦਾ ਹੈ ਤੇ ਮੈਂ ਅਤੇ ਤੂੰ ਇਹਦੇ ਵਿਚ ਪੈਦਾ ਹੋ ਜਾਂਦੇ ਨੇ। ਸੋ ਇਹ ਵਿਰੋਧ ਹੈ ਪੱਕਾ, ਜਾਂ ਹਉਮੈ ਰਹੇਗੀ ਜਾਂ ਨਾਮ ਰਹੇਗਾ।

*ਹਉਮੈ ਵਿਚਿ ਸੇਵਾ ਨ ਹੋਵਈ*
*ਤਾ ਮਨੁ ਬਿਰਥਾ ਜਾਇ ॥ ੧ ॥*
*ਹਰਿ ਚੇਤਿ ਮਨ ਮੇਰੇ*
*ਤੂ ਗੁਰ ਕਾ ਸਬਦੁ ਕਮਾਇ ॥*
*ਹੁਕਮੁ ਮੰਨਹਿ ਤਾ ਹਰਿ ਮਿਲੈ*
*ਤਾ ਵਿਚਹੁ ਹਉਮੈ ਜਾਇ ॥ ਅੰਗ - ੫੬੦*

ਜਿੰਨੀ ਦੇਰ ਤਕ ਹੁਕਮ ਦੇ ਵਿਚ ਇਹਦਾ ਵਿਸ਼ਵਾਸ਼ ਨਹੀਂ ਆਉਂਦਾ, ਓਨੀ ਦੇਰ ਤਕ ਹਉਮੈ ਨਹੀਂ ਜਾਇਆ ਕਰਦੀ। ਜਦੋਂ ਹੁਕਮ ਮੰਨ ਲੈਂਦਾ ਹੈ ਪਹਿਲਾ ਹੀ ਸਬਕ ਜੋ ਸਾਨੂੰ ਗੁਰੂ ਮਹਾਰਾਜ ਨੇ ਦਿਤਾ ਹੈ, ਧਿਆਨ ਨਾਲ ਪੜ੍ਹੋ,

ਮਹਾਰਾਜ ਦਾ ਫੁਰਮਾਨ ਹੈ ਕਿ ਭਾਈ ਪ੍ਰੇਮੀਓ, ਜਪੁਜੀ ਸਾਹਿਬ ਦਾ ਪਾਠ ਜ਼ਰੂਰ ਕਰਿਆ ਕਰੋ, ਪਹਿਲੀ ਲਾਈਨ ਜੋ ਸਾਨੂੰ ਦਿਤੀ ਹੈ, ਸਾਡਾ ਜੋ ਸਿਧਾਂਤ ਹੈ, ਉਹ ਪਹਿਲੀ ਲਾਈਨ ਵਿਚੋਂ ਸ਼ੁਰੂ ਹੋ ਜਾਇਆ ਕਰਦਾ ਹੈ, ਜਪੁਜੀ ਸਾਹਿਬ ਸਿਧਾਂਤ ਨੇ ਸਾਰੇ। ਇਹਦੇ ਵਿਚ ਆਉਂਦਾ ਹੈ-

*ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥ ਅੰਗ - ੧*

ਤੇ ਨਾ ਤਾਂ ਕਿਤਾਬਾਂ ਪੜ੍ਹੀਆ ਤੇ, ਨਾ ਇਹ ਸੋਚ-ਸੋਚ ਕੇ, ਇਹ ਸੋਚਣ ਦੇ ਨਾਲ realiation ਨਹੀਂ ਹੁੰਦੀ ਹੈ, ਜਿੰਨਾਂ ਜੀਅ ਕਰਦਾ ਹੈ ਕਿਤਾਬਾਂ ਪੜ੍ਹ ਲਓ, ਜਿੰਨਾਂ ਜੀਅ ਕਰਦਾ ਹੈ ਸੋਚੀ ਜਾਓ, ਜਿੰਨਾਂ ਜੀਅ ਕਰਦਾ ਹੈ ਚਰਚਾ ਕਰੀ ਜਾਓ, ਨਾ ਮਹਾਰਾਜ ਕਹਿੰਦੇ ਬਿਲਕੁਲ ਨਹੀਂ ਹੁੰਦੀ। ਤੇ ਫੇਰ ਹੋਵੇ ਕਿਵੇਂ? ਨਾ ਤਾਂ ਸਿਆਣਪਾਂ ਚਲਦੀਆਂ ਨੇ -

*ਸਹਸ ਸਿਆਣਪਾ ਲਖ ਹੋਹਿ*
*ਤ ਇਕ ਨ ਚਲੈ ਨਾਲਿ ॥ ਅੰਗ - ੧*

ਨਾ ਇਹਦੇ ਵਿਚ ਕੋਈ ਸਾਧਨ ਹੈ, ਕਿ ਜ਼ੋਰ ਨਾਲ ਸਾਧਨ ਕਰ ਲਓ ਤੇ ਉਹਦੇ ਨਾਲ ਹਉਮੈ ਦੂਰ ਕਰ ਲਵਾਂਗੇ।

*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥*
*ਅੰਗ - ੧*

ਫੇਰ ਕਿਹੜਾ ਰਸਤਾ ਹੈ ਜਿਸ ਨਾਲ ਅਸੀਂ ਸਚਿਆਰ ਬਣ ਸਕੀਏ, ਤੇ ਕੂੜ ਦੀ ਕੰਧ ਟੁੱਟ ਜਾਵੇ, ਆਪ ਫੁਰਮਾਉਂਦੇ ਨੇ ਕਿ-

*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥*
*ਅੰਗ - ੧*

ਹੁਕਮ ਤੇ ਰਜ਼ਾ ਦੀ ਜਿਹਦੇ ਵਿਚ ਸਮਝ ਆ ਗਈ, ਉਹ ਇਸ ਸੰਸਾਰ ਤੋਂ ਛੁਟ ਜਾਇਆ ਕਰਦਾ ਹੈ। ਉਹਨੂੰ ਉਹ ਬੁਧੀ ਪ੍ਰਾਪਤ ਹੋ ਜਾਂਦੀ ਹੈ, ਜਿਹਦੇ ਨਾਲ ਦੁਬਾਰਾ ਜਨਮ 'ਚ ਨਹੀਂ ਆਇਆ ਕਰਦਾ। ਕਿਉਂਕਿ ਹਉਮੈ ਗੁਬਾਰ ਹੈ -

*ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥*
*ਅੰਗ - ੫੬੦*

ਹਉਮੈ ਵੱਡਾ ਗੁਬਾਰ ਹੈ, ਹਨ੍ਹੇਰ ਗੁਬਾਰ ਜਿਸ ਵਿਚ ਕੁਛ ਨਹੀਂ ਸੁਝਦਾ -

*ਹਉਮੈ ਵਡਾ ਗੁਬਾਰੁ ਹੈ*
*ਹਉਮੈ ਵਿਚਿ ਬੁਝਿ ਨ ਸਕੈ ਕੋਇ॥ ਅੰਗ - ੫੬੦*

ਤੇ ਨਾ ਜਿੰਨਾਂ ਚਿਰ ਹਉਮੈ ਹੈ ਓਨਾਂ ਚਿਰ ਬੁਝਦਾ ਹੈ, ਹੁਣ ਸਾਨੂੰ ਐਉਂ ਨਹੀਂ ਪਤਾ ਲਗਦਾ ਕਿ ਹਉਮੈ ਜਾਂਦੀ ਹੈ ਤਾਂ ਕੀ ਹੁੰਦਾ ਹੈ, ਹਉਮੈ ਆਉਂਦੀ ਹੈ ਤਾਂ ਕੀ ਹੁੰਦਾ ਹੈ। ਜਿੰਨਾਂ ਚਿਰ ਤਾਂ ਸਾਡੇ ਵਿਚ ਮੈਂ ਤੇ ਮੇਰੀ ਰਹਿੰਦੀ ਹੈ, ਓਨਾਂ ਚਿਰ ਤਾਂ ਹਉਮੈ ਰਹਿੰਦੀ ਹੈ ਜਦ ਮੈਂ ਤੇ ਮੇਰੀ ਮਿਟ ਜਾਏ, ਫੇਰ ਉਸ ਵੇਲੇ ਹਉਮੈ ਦਾ ਨਾਸ਼ ਹੋ ਜਾਂਦਾ ਹੈ ਫੇਰ ਸਰੀਰ ਹੁਕਮ 'ਚ ਕੰਮ ਕਰਦਾ ਹੈ-

*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥*
*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ*
*ਅੰਗ - ੧*

ਸੋ ਇਹ ਗੁਬਾਰ ਹੈ, ਬਗੈਰ ਹਨ੍ਹੇਰੀ ਤੋਂ ਹਨ੍ਹੇਰੀ ਆਈ ਹੋਈ ਹੈ, ਹਨ੍ਹੇਰ ਗੁਬਾਰ ਕਿਤਾਬਾਂ ਪੜ੍ਹੀਆਂ ਤੇ ਜਾਂਦਾ ਹੀ ਨਹੀਂ।

*ਹਉਮੈ ਵਿਚਿ ਭਗਤਿ ਨ ਹੋਵਈ*
*ਹੁਕਮੁ ਨ ਬੁਝਿਆ ਜਾਇ ॥ ਅੰਗ - ੫੬੦*

ਜਿਹੜਾ ਹੁਕਮ ਹੈ ਉਹ ਵੀ ਬੁਝ ਨਹੀਂ ਹੁੰਦਾ -

*ਹਉਮੈ ਵਿਚਿ ਜੀਉ ਬੰਧੁ ਹੈ*
*ਨਾਮੁ ਨ ਵਸੈ ਮਨਿ ਆਇ ॥ ਅੰਗ - ੫੬੦*

ਜਿੰਨਾ ਚਿਰ ਹਉਮੈ ਹੈ ਓਨੀ ਦੇਰ ਤਕ ਇਹ ਜੰਮਦਾ ਰਹੇਗਾ, ਮਰਦਾ ਰਹੇਗਾ। ਕਰਮਾਂ ਦਾ ਫਲ ਭੋਗਦਾ ਰਹੇਗਾ, ਨਾਮ ਨਹੀਂ ਵਸਣਾ ਮਨ 'ਚ।

*ਨਾਨਕ ਸਤਗੁਰਿ ਮਿਲਿਐ ਹਉਮੈ ਗਈ*
*ਤਾ ਸਚੁ ਵਸਿਆ ਮਨਿ ਆਇ ॥*
*ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ ॥ ਅੰਗ - ੫੬੦*

ਜਦੋਂ ਹਉਮੈ ਚਲੀ ਗਈ ਫੇਰ ਸੱਚ ਦਾ ਵਾਸਾ ਹੋ ਗਿਆ। ਸੋ ਇਸ ਤਰ੍ਹਾਂ ਦੇ ਨਾਲ ਇਹ ਸਾਰਾ ਸੰਸਾਰ ਜੋ ਹੈ ਇਹ ਹਉਮੈ ਦੇ ਬੰਧਨ 'ਚ ਪਿਆ ਹੋਇਆ, ਆਪਣਾ ਸਫਰ ਮੁਕਾ ਰਿਹਾ ਹੈ। ਇਹਦੇ ਵਿਚ ਦੁਖੀ ਹੋ ਰਿਹਾ ਹੈ, ਸੁਖੀ ਹੋ ਰਿਹਾ ਹੈ, ਪ੍ਰਮੇਸ਼ਰ ਤੋਂ ਧਿਆਨ ਇਹਦਾ ਉਠਿਆ ਹੋਇਆ ਹੈ, ਪ੍ਰਮੇਸ਼ਰ ਨੂੰ ਓਪਰਾ ਜਾਣਦਾ ਹੈ -

*ਸੰਗਿ ਸਹਾਈ ਸੁ ਆਵੈ ਨ ਚੀਤਿ ॥*
*ਜੋ ਬੈਰਾਈ ਤਾ ਸਿਉ ਪ੍ਰੀਤਿ ॥ ਅੰਗ - ੨੬੭*

ਜਿਹੜੀਆਂ ਚੀਜ਼ਾਂ ਸਾਨੂੰ ਸੁੱਟਣ ਵਾਲੀਆਂ ਨੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਨਿੰਦਿਆ, ਚੁਗਲੀ, ਵਖੀਲੀ, ਆਸਾ, ਅੰਦੇਸਾ ਜਿਹੜੀਆਂ ਹਰ ਵਕਤ ਸਾਡੇ ਮਨ ਵਿਚ ਚਲਦੀਆਂ ਰਹਿੰਦੀਆਂ ਨੇ, ਸਾਰੀਆਂ ਚੀਜ਼ਾਂ ਸਾਨੂੰ ਬੰਨ੍ਹਣ ਵਾਲੀਆਂ ਨੇ। ਇਨ੍ਹਾਂ ਦੀ ਉਪਜ ਜੋ ਹੈ ਧਨ ਹੈ, ਲੋਕਾਂ 'ਚ ਵਾਕਫੀ ਹੈ, ਇਹ ਵੀ ਸਾਰੀਆ ਚੀਜ਼ਾਂ ਬੰਨ੍ਹ ਦਿਆ ਕਰਦੀਆਂ ਨੇ।

*ਹਉਮੈ ਵਿਚਿ ਜੀਉ ਬੰਧੁ ਹੈ*
*ਨਾਮੁ ਨ ਵਸੈ ਮਨਿ ਆਇ ॥ ਅੰਗ - ੫੬੦*

ਸੋ ਜਿਹੜੇ ਸੱਚ ਦੇ ਨਾਲ ਜੁੜਦੇ ਨੇ, ਪ੍ਰਮੇਸ਼ਰ ਦੀ ਸ਼ਰਨ ਵਿਚ ਆ ਜਾਂਦੇ ਨੇ, ਉਨ੍ਹਾਂ ਦੇ ਬਾਰੇ ਮਹਾਰਾਜ ਨੇ ਫੁਰਮਾਨ ਕੀਤਾ ਹੈ ਕਿ ਪ੍ਰਮੇਸ਼ਰ enactive ਨਹੀਂ ਹੈਗਾ, ਕਿ ਚੁਪ ਕਰਿਆ, ਜ਼ੀਰੋ ਹੈ, ਨਾ ਕਿਸੇ ਦੀ ਸੁਣਦਾ ਹੈ

ਨਾ ਕਿਸੇ ਦੀ ਬੁਝਦਾ ਹੈ, ਪਏ ਰੋਈ ਜਾਓ, ਕੁਰਲਾਈ ਜਾਓ, ਫੇਰ ਤਾਂ ਉਹਨੂੰ ਮੰਨਣ ਦਾ ਹੀ ਕੀ ਫਾਇਦਾ ਜੇ ਉਹ ਸਾਡੇ ਵਲ attraction ਹੀ ਨਹੀਂ ਦਿੰਦਾ, ਮਹਾਰਾਜ ਕਹਿੰਦੇ ਪਿਆਰਿਓ ਜਦ ਤੁਸੀਂ ਉਹਦੇ ਵਲ ਨੂੰ ਜਾਓਗੇ ਨਾ-

*ਚਰਨ ਸਰਨ ਗੁਰ ਏਕ ਪੈਂਡਾ ਜਾਇ ਚਲ,*
*ਸਤਿਗੁਰੁ ਕੋਟਿ ਪੈਂਡਾ ਆਗੈ ਹੋਇ ਲੇਤ ਹੈ।*

*ਕਬਿੱਤ, ਭਾਈ ਗੁਰਦਾਸ ਜੀ*

ਜਿਉਂ ਜਿਉਂ ਅਸੀਂ ਵਧਾਂਗੇ ਉਹ ਵੀ ਸਾਡੇ ਵਲ ਨੂੰ ਵਧਦਾ ਹੈ, ਸਾਡਾ ਸਬੰਧ ਜੁੜ ਜਾਂਦਾ ਹੈ ਪ੍ਰਮੇਸ਼ਰ ਦੇ ਨਾਲ, ਜਦੋਂ ਸਾਡਾ ਸਬੰਧ ਜੁੜ ਗਿਆ, ਪਿਆਰ ਜੁੜ ਗਿਆ, ਉਸ ਵੇਲੇ ਸਾਡਾ ਜੋ ਵਰਤਾਰਾ ਹੈ ਸਾਡੇ ਨਾਲ ਇਸ ਤਰ੍ਹਾਂ ਦਾ ਹੁੰਦਾ ਹੈ -

*ਧਾਰਨਾ - ਅਉਖੀ ਘੜੀ ਨ ਦੇਖਣ ਦੇਵੇ*
*ਆਪਣਾ ਬਿਰਦ ਸੰਮਾਲਦਾ।*

*ਅਉਖੀ ਘੜੀ ਨ ਦੇਖਣ ਦੇਈ*
*ਅਪਨਾ ਬਿਰਦੁ ਸਮਾਲੇ ॥*
*ਹਾਥ ਦੇਇ ਰਾਖੈ ਅਪਨੇ ਕਉ*
*ਸਾਸਿ ਸਾਸਿ ਪ੍ਰਤਿਪਾਲੇ ॥* *ਅੰਗ - ੬੮੨*

ਏਸ ਖੇਡ ਦੇ ਵਿਚ ਭਾਵੇਂ ਵਾਹਿਗੁਰੂ ਜੀ ਇਕ ਨੇ, ਪਰ ਜਦ ਆਪਣੀ ਖੇਡ ਰਚਦੇ ਨੇ, ਇਕ ਤੋਂ ਅਨੇਕ ਹੋ ਕੇ ਰਚਦੇ ਨੇ-

*ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ।।*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ।।* *ਜਾਪੁ ਸਾਹਿਬ*

ਏਸ ਗੱਲ ਨੂੰ ਸਮਝਣ ਵਾਸਤੇ ਇਕ ਸਾਖੀ ਦੀ ਮਦਦ ਲੈਂਦੇ ਹਾਂ ਕਿ ਇਕ ਰਾਜਾ ਬੜਾ ਚੰਗਾ ਰਾਜਾ ਹੈ, ਉਹਦੇ ਪਰਿਵਾਰ ਵਿਚ ਇਕ ਜਾਦੂਗਰ ਆਇਆ, ਕਹਿਣ ਲੱਗਿਆ ਮਹਾਰਾਜ! ਨਮਸ਼ਕਾਰ ਆਪ ਨੂੰ। ਕਹਿਣ ਲੱਗਿਆ ਕੌਣ ਹੈ? ਉਸ ਨੇ ਕਿਹਾ ਕਿ ਮੈਂ ਜਾਦੂਗਰ ਹਾਂ, ਤੇ ਮੈਂ ਬੜੇ ਕਿਸਮ ਦੇ ਖੇਲ੍ਹ ਦਿਖਾ ਸਕਦਾ ਹੈ, ਜਿਹੜੀ ਅਣਹੋਈ ਚੀਜ਼ ਹੈ ਮੈਂ ਪੈਦਾ ਕਰ ਸਕਦਾ ਹਾਂ, ਦੇਵਤਿਆਂ ਦੇ ਦਰਸ਼ਨ ਕਰਾ ਸਕਦਾ ਹਾਂ, ਦੇਵਤਿਆਂ ਨਾਲ ਯੁਧ ਕਰ ਸਕਦਾ ਹਾਂ। ਕਹਿਣ ਲੱਗੀ ਦੇਖ, ਜਾਦੂਗਰ! ਖੇਲ੍ਹ ਤਾਂ ਦੇਖਦਿਆਂ ਦੀ ਸਾਡੀ ਉਮਰ ਬੀਤ ਗਈ। ਪਰ ਕੋਈ ਐਸਾ ਖੇਲ੍ਹ ਦਿਖਾ, ਜਿਹਦੇ ਵਿਚ ਮੰਨੋਰੰਜਨ ਵੀ ਹੋਵੇ ਤੇ ਨਾਲ ਸਿਖਿਆ ਵੀ ਹੋਵੇ, ਕਹਿਣ ਲੱਗਿਆ ਮਹਾਰਾਜ, ਮੈਂ ਦੇਵਤਿਆਂ ਨਾਲ ਯੁੱਧ ਤਾਂ ਕਰ ਸਕਦਾ ਹਾਂ, ਪਰ ਮੇਰੇ ਨਾਲ ਮੇਰੀ ਇਸਤ੍ਰੀ ਹੈ, ਇਹਨੂੰ ਜੇ ਕੋਈ ਬਚਨ ਦੇਵੋਂ ਤੁਸੀਂ ਕਿ ਇਹਦੀ ਰਾਖੀ ਕਰਾਂਗੇ, ਮਾਣ ਮਰਿਆਦਾ ਇਹਦੀ ਕਾਇਮ ਰਖਾਂਗੇ, ਤਾਂ ਫੇਰ ਮੈਂ ਨਿਸੰਗ ਹੋ ਕੇ ਬਗੈਰ ਫਿਕਰ ਤੋਂ ਜਾ ਕੇ ਯੁਧ ਕਰ ਸਕਦਾ ਹਾਂ। ਰਾਜਾ ਕਹਿਣ ਲੱਗਿਆ ਕਿ ਦੇਖ ਜਾਦੂਗਰ ਮੇਰੀ ਲੜਕੀ ਵੀ ਇਸੇ ਉਮਰ ਦੀ ਹੈ, ਇਹ ਮੇਰੀ ਲੜਕੀ ਹੈ ਧਰਮ ਦੀ ਧੀ ਹੈ, ਇਹ ਮੇਰੀ ਲੜਕੀ ਦੇ ਨਾਲ ਰਹੇਗੀ, ਤੂੰ ਫਿਕਰ ਨਾ ਕਰ। ਲੜਕੀ ਉਥੇ ਉਪਸਥਿਤ ਹੈ, ਕੁਰਸੀਆਂ ਲੱਗੀਆ ਹੋਈਆਂ ਨੇ, ਖੇਲ੍ਹ ਸ਼ੁਰੂ ਹੋਣ ਵਾਲਾ ਹੈ, ਕਹਿਣ ਲਗਿਆ ਬੀਬਾ! ਤੂੰ ਉਥੇ ਬਹਿ ਜਾ ਮੇਰੀ ਲੜਕੀ ਕੋਲ ਜਾ ਕੇ, ਕਹਿੰਦਾ ਤੂੰ ਫਿਕਰ ਨਾ ਕਰ, ਖੇਡ ਦਿਖਾ। ਉਸ ਨੇ ਉਸੇ ਵੇਲੇ ਇਕ ਗੋਲਾ ਕੱਢਿਆ, ਉਪਰ ਨੂੰ ਮਾਰਿਆ, ਦੇਖਦੇ-ਦੇਖਦੇ ਗਾਇਬ ਹੋ ਗਿਆ, ਕਹਿਣ ਲੱਗਿਆ ਇਹ ਪਉੜੀ ਬਣ ਗਈ ਹੈ ਆਕਾਸ਼ ਦੀ ਤੇ ਮੈਂ ਹੁਣ ਉਪਰ ਜਾ ਕੇ ਲੜਾਈ ਕਰਾਂਗਾ। ਥੋੜ੍ਹਾ ਚਿਰ ਦਿਖਦਾ ਰਿਹਾ ਉਹਦੇ ਰਾਹੀਂ ਚੜ੍ਹਦਾ, ਧਾਗੇ ਤੇ, ਬਾਅਦ ਵਿਚ ਦਿਖਣ ਤੋਂ ਹਟ ਗਿਆ। ਸਾਰਿਆਂ ਦੇ ਮਨਾਂ ਵਿਚ ਇਹ ਹੋ ਗਿਆ ਕਿ ਇਹ ਤਾਂ ਕੋਈ ਬਹੁਤ ਵੱਡਾ ਬੰਦਾ ਹੈ, ਐਸਾ ਤਾਂ ਅੱਜ ਤਕ ਨਹੀਂ ਦੇਖਿਆ ਕਿ ਖੇਲ੍ਹ ਵੀ ਹੋਵੇ ਤੇ ਸਿਖਿਆ ਵੀ ਹੋਵੇ। ਕਹਿਣ ਲੱਗੇ ਕਿ ਇਹ ਬਹੁਤ ਬਹਾਦਰ ਹੈ, ਇੰਨੇ ਨੂੰ ਉਪਰ ਚੜ੍ਹ ਗਿਆ, ਜਾ ਕੇ ਆਵਾਜ਼ ਦਿਤੀ ਕਿ ਰਾਜਨ! ਮੈਂ ਸਵਰਗ ਲੋਕਾਂ 'ਚ ਪਹੁੰਚ ਗਿਆ ਤੇ ਹੁਣ ਮੇਰਾ ਯੁੱਧ ਜੋ ਹੈ ਇਹ ਵਰੁਣ ਦੇਵਤੇ ਨਾਲ ਹੋ ਰਿਹਾ ਹੈ, ਪਾਣੀਆਂ ਦੇ ਦੇਵਤੇ ਨਾਲ, ਥੋੜ੍ਹੀ ਦੇਰ ਬਾਅਦ ਓਹਦਾ ਸੀਸ ਕੱਟ ਕੇ ਸਿੱਟ ਦਿਤਾ, ਕਹਿੰਦਾ ਦਰਸ਼ਨ ਕਰੋ ਸੀਸ ਦੇ। ਉਥੇ ਹਵਾ ਦੇ ਨਾਲ ਜਦੋਂ ਸਾਹ ਬਾਹਰ ਨੂੰ ਆਉਂਦਾ ਹੈ, ਬੇਅੰਤ ਪਾਣੀ ਉਥੇ ਫਿਰਨ ਲੱਗ ਗਿਆ। ਉਸ ਤੋਂ ਬਾਅਦ ਆਵਾਜ਼ ਆਈ ਕਿ ਮੈਂ ਹੁਣ ਅਗਨ ਦੇਵਤੇ ਨਾਲ ਯੁੱਧ ਕਰਦਾ ਹਾਂ। ਥੋੜ੍ਹੀ ਦੇਰ ਬਾਅਦ ਓਹਦਾ ਵੀ ਸਿਰ ਵੱਢ ਕੇ ਸੁੱਟ ਦਿਤਾ। ਏਸ ਦੇ ਜੋ ਜਰਨੈਲ ਸੀ ਉਹ ਕਹਿਣ ਲੱਗੇ ਮਹਾਰਾਜ! ਇਹ ਤਾਂ ਬਹੁਤ ਬਹਾਦਰ ਹੈ ਜਿਹੜਾ ਦੇਵਤਿਆਂ ਨਾਲ ਯੁੱਧ ਕਰ ਸਕਦਾ ਹੈ। ਸੋ ਏਸ ਤਰ੍ਹਾਂ ਕਹਿਣ ਲੱਗਿਆ ਕਿ ਮੈਂ ਹੁਣ ਕੁਬੇਰ ਨਾਲ ਯੁੱਧ ਕਰਦਾ ਹਾਂ, ਦੇਵਤਿਆਂ ਦੇ ਨਾਉਂ ਲਈ ਜਾਂਦਾ ਹੈ, ਸੁੱਟੀ ਜਾਂਦਾ ਹੈ ਹੇਠਾਂ, ਕਿਸੇ ਦੇ ਮੂੰਹ 'ਚੋਂ ਪਾਣੀ ਨਿਕਲਦਾ ਹੈ, ਕਿਸੇ ਦੇ ਅੱਗ ਨਿਕਲਦੀ ਹੈ, ਅਖੀਰ ਕਹਿਣ ਲੱਗਿਆ ਕਿ ਮੈਂ ਹੁਣ ਸਵਰਗ ਲੋਕ ਦੇ ਰਾਜੇ ਇੰਦਰ ਨਾਲ ਯੁੱਧ ਕਰਨ ਲੱਗਿਆ ਹਾਂ, ਇੰਦਰ ਦੇ ਨਾਲ ਯੁੱਧ ਕਰਦੇ ਇਹਦੀ ਹੀ ਚੀਕ ਹੇਠਾਂ ਸੁਣਾਈ ਦਿਤੀ ਤੇ ਨਾਲ ਦੀ ਨਾਲ ਕੀ ਦੇਖਦੇ ਨੇ ਕਿ ਉਹਦੀ ਬਾਂਹ ਕਟੀ ਹੋਈ ਹੇਠਾਂ ਆ ਰਹੀ ਹੈ, ਲੱਤ ਕਟੀ ਹੋਈ ਆ ਰਹੀ ਹੈ, ਤੇ ਐਨੇ ਨੂੰ ਧੜ ਵੀ ਗਿਰ ਗਿਆ ਤੇ ਸਿਰ ਕਟਿਆ ਹੋਇਆ ਆ ਗਿਆ। ਸਾਰਿਆਂ ਦੇ ਮਨ ਦੇ ਅੰਦਰ ਬੜਾ ਭਾਰਾ ਰੰਜ ਹੋਇਆ ਕਿ ਦੇਖੋ ਕਿੱਡਾ ਬਹਾਦਰ ਸੀ, ਇਸਤ੍ਰੀ ਉਸ ਵੇਲੇ ਰੋਣ ਲੱਗ ਗਈ ਉਸ ਵੇਲੇ, ਇਸਨੇ ਕਿਹਾ ਕਿ ਮੈਂ ਤਾਂ ਆਪਣੇ ਪਤੀ ਦੇ ਅੰਗ ਇਕੱਠੇ ਕਰਕੇ ਸਤੀ ਹੋਣਾ ਹੈ। ਇੰਤਜ਼ਾਮ ਕਰ ਦਿਤਾ ਗਿਆ, ਬਹੁਤ ਮਨਾ ਕੀਤਾ, ਉਹਨੇ ਕਿਹਾ ਮੈਂ ਨਹੀਂ ਮੈਂ ਤਾਂ ਆਪਣੇ ਪਤੀ ਨਾਲ ਸਤੀ ਹੋਣਾ ਹੈ ਤੇ ਉਮ ਚਿਖਾ ਦੇ ਉਤੇ ਬੈਠ ਕੇ ਸਾਰਿਆਂ ਦੇ ਸਾਮ੍ਹਣੇ

ਸਤੀ ਹੋ ਗਈ। ਚਿਖਾ ਜਲ ਰਹੀ ਹੈ ਤੇ ਐਨੇ ਨੂੰ ਕੀ ਦੇਖਦੇ ਨੇ ਕਿ ਜਾਦੂਗਰ ਆ ਗਿਆ, ਕਹਿੰਦਾ ਮਹਾਰਾਜ! ਨਮਸ਼ਕਾਰ, ਰਾਜਾ ਕਹਿਣ ਲਗਿਆ ਇਹ ਤਾਂ ਮਰ ਗਿਆ ਸੀ। ਕਹਿੰਦੇ ਜਾਦੂਗਰ ਤੂੰ ਤਾਂ ਮਰ ਗਿਆ ਸੀ। ਕਹਿੰਦਾ ਮਹਾਰਾਜ! ਜੇ ਮੈਂ ਮਰ ਗਿਆ ਸੀ ਤਾਂ ਫੇਰ ਹੁਣ ਤੁਹਾਡੇ ਸਾਮ੍ਹਣੇ ਕਿਉਂ ਖੜ੍ਹਾ ਹਾਂ। ਤੁਹਾਡੇ ਮਨ 'ਚ ਕੋਈ ਬੇਈਮਾਨੀ ਹੋਣੀ ਹੈ ਮੇਰੀ ਇਸਤ੍ਰੀ ਦੱਸੋ ਕਿਥੇ ਹੈ? ਰਾਜਾ ਕਹਿਣ ਲੱਗਿਆ, ਜਾਦੂਗਰ! ਬਿਲਕੁਲ ਤੂੰ ਹੀ ਗਿਰਿਆ ਸੀਗਾ, ਤੇਰੇ ਅੰਗ ਚੁਣ ਕੇ, ਤੇਰੀ ਘਰਵਾਲੀ ਨੇ ਪਛਾਣ ਕੇ, ਸਤੀ ਹੋ ਗਈ ਉਹ ਤੇਰੇ ਨਾਲ। ਕਹਿਣ ਲੱਗਿਆ, ਬਿਲਕੁਲ ਗਲਤ। ਤੂੰ ਮੇਰੀ ਪਤਨੀ ਨੂੰ ਕੈਦ ਕਰ ਦਿਤਾ। ਸਾਰੀ ਰਿਆਇਆ ਵੀ ਕਹਿੰਦੀ ਹੈ ਕਿ ਨਹੀਂ ਉਹ ਤਾਂ ਸਤੀ ਹੋ ਗਈ। ਕਹਿੰਦਾ ਮੈਂ ਆਵਾਜ਼ ਦਿੰਦਾ ਹਾਂ, ਪੂਰੇ ਜ਼ੋਰ ਨਾਲ ਆਵਾਜ਼ ਮਾਰੀ, ਦੂਜੇ ਪਾਸਿਓਂ ਆਵਾਜ਼ ਆ ਗਈ ਕਿ ਮੈਂ ਹਾਂ ਤਾਂ ਜੀਉਂਦੀ ਪਰ ਮੈਨੂੰ ਸੱਤ ਤਾਲਿਆਂ ਦੇ ਅੰਦਰ ਬੰਦ ਕਰਿਆ ਹੋਇਆ ਹੈ। ਕਹਿੰਦਾ, ਰਾਜਨ! ਚਾਬੀ ਦੇਹ। ਕਿਲ੍ਹੇ ਦੇ ਅੰਦਰ ਤੂੰ ਬੰਦ ਕਰੀ ਹੋਈ ਹੈ। ਉਸ ਵੇਲੇ ਚਾਬੀ ਲੈ ਕੇ, ਤਾਲਾ ਖੋਲ੍ਹ ਕੇ ਉਹਨੂੰ ਲੈ ਆਉਂਦਾ ਹੈ। ਉਹ ਕਹਿੰਦੀ ਮੈਨੂੰ ਅੰਦਰ ਬੰਦ ਕਰ ਦਿਤਾ ਸੀ। ਰਾਜਾ ਹੋਰ ਹੈਰਾਨ ਹੋ ਗਿਆ ਕਿ ਇਹ ਕੀ ਭਾਣਾ ਵਰਤ ਗਿਆ ਇਹ ਤਾਂ ਸਾਡੇ ਸਾਰਿਆਂ ਦੇ ਸਾਮ੍ਹਣੇ ਸਤੀ ਹੋਈ ਹੈ। ਉਸ ਤੋਂ ਬਾਅਦ ਉਹਨੇ ਖੇਲ੍ਹ ਸੰਕੋਚ ਲਿਆ।

ਕਹਿਣ ਲੱਗਿਆ, ਮਹਾਰਾਜ! ਖੇਲ੍ਹ ਕੈਸਾ ਸੀ, ਪਸੰਦ ਆਇਆ।

ਸਾਰੇ ਹੈਰਾਨ ਹੋ ਗਏ, ਕਹਿੰਦੇ ਜਾਦੂਗਰ! ਕੀ ਇਹ ਸਾਰਾ ਖੇਲ੍ਹ ਸੀ?

ਕਹਿੰਦਾ ਹਾਂ।

ਕਹਿੰਦਾ ਮਹਾਰਾਜ! ਮੰਨੋਰੰਜਨ ਤਾਂ ਇਹ ਸੀ ਕਿ ਤੁਸੀਂ ਸਾਰਾ ਖੇਲ੍ਹ ਦੇਖਿਆ। ਇਹਦੇ ਵਿਚ ਸਿਖਿਆ ਇਹ ਸੀ ਕਿ ਮੈਂ ਇਕ ਮਨੁੱਖ ਹਾਂ, ਮੈਂ ਆਪਣੀ ਮਾਇਆ ਦਾ ਪਸਾਰਾ ਕੀਤਾ, ਏਸ ਮਾਇਆ ਨੇ ਤੁਹਾਨੂੰ ਕਿੰਨੇ ਚੱਕਰ 'ਚ ਪਾ ਦਿਤਾ, ਪਹਿਲਾਂ ਰਾਗ ਆਇਆ, ਪਹਿਲਾਂ ਖੁਸ਼ੀ ਆਈ, ਫੇਰ ਗਮੀ ਆਈ, ਤੇ ਦਰਅਸਲ ਹੋਇਆ ਕੁਛ ਵੀ ਨਹੀਂ ਇਕ ਖੇਲ੍ਹ ਸੀਗਾ। ਮਹਾਰਾਜ! ਜੇ ਮੇਰੇ ਇਕ ਮਨੁਖ ਦਾ ਖੇਲ੍ਹ ਤੁਹਾਨੂੰ ਸਾਰਿਆਂ ਨੂੰ ਓਝਲ 'ਚ ਪਾ ਸਕਦਾ ਹੈ ਤੇ ਫੇਰ ਜਿਹੜਾ ਵਾਹਿਗੁਰੂ ਦਾ ਖੇਲ੍ਹ ਹੋ ਰਿਹਾ ਹੈ। ਇਹ ਤਾਂ ਕਿੰਨਾ ਜ਼ਬਰਦਸਤ ਹੈ, ਕਿੰਨਾ ਤਕੜਾ ਹੈ। ਸੋ ਮੈਂ ਇਕੱਲਾ ਹੀ ਸੀ ਪਰ ਮੇਰਾ ਖੇਲ੍ਹ ਹੋ ਰਿਹਾ ਸੀ, ਉਹ ਤੁਹਾਨੂੰ ਬੇਅੰਤ ਸਰੂਪ ਮੇਰੇ ਨਜ਼ਰ ਆ ਰਹੇ ਸੀ। ਬੇਅੰਤ ਤੁਹਾਨੂੰ ਦੇਵਤੇ ਵੀ ਦਿਸੇ, ਹੋਰ ਵੀ ਬਹੁਤ ਕੁਛ ਮੈਂ ਤੁਹਾਨੂੰ ਸੁਣਾਇਆ। ਮੈਂ ਮਹਾਰਾਜ ਕਿਤੇ ਨਹੀਂ ਗਿਆ, ਮੈਂ ਇਥੇ ਹੀ ਖੜ੍ਹਾ ਹੋਇਆ ਹਾਂ, ਮੈਂ ਇਕ ਖੇਲ੍ਹ ਕਰਿਆ ਸੀ, ਉਹ ਜਿਹੜਾ ਵਾਹਿਗੁਰੂ ਹੈ –

*ਬਾਜੀਗਰਿ ਜੈਸੇ ਬਾਜੀ ਪਾਈ ॥*
*ਨਾਨਾ ਰੂਪ ਭੇਖ ਦਿਖਲਾਈ ॥*
*ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ ॥*
*ਤਬ ਏਕੋ ਏਕੰਕਾਰਾ ॥* *ਅੰਗ – ੭੩੬*

ਉਹ ਪਹਿਲਾਂ ਵੀ ਇਕ ਹੈ, ਖੇਲ੍ਹ ਦੇ ਵਿਚ –

*ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥*
*ਅੰਗ – ੫੩੭*

ਆਪੇ ਦੇਖਣ ਲਗ ਗਿਆ, ਜਾਦੂਗਰ ਵੀ ਦੇਖਦਾ ਸੀ ਵਾਹਿਗੁਰੂ ਵੀ ਦੇਖਦਾ ਹੈ।

*ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥*
*ਅੰਗ – ੫੩੭*

ਬੇਅੰਤ ਰੂਪ ਧਾਰੇ ਹੋਏ ਨੇ, ਅਰਬਾਂ ਖਰਬਾਂ ਸਾਲਾਂ ਤੋਂ ਰੂਪ ਹੀ ਆਈ ਜਾਂਦੇ ਨੇ, ਇਕ ਦਾ ਦੂਜੇ ਨਾਲ ਨਹੀਂ ਮਿਲਦਾ, ਕਮਾਲ ਹੀ ਹੈ। ਵੱਡੇ-ਵੱਡੇ ਆਉਂਦੇ ਨੇ ਤੁਰ ਜਾਂਦੇ ਨੇ। ਦੁਨੀਆਂ ਸਤਿ ਲਗ ਰਹੀ ਹੈ, ਦਰਅਸਲ ਇਹ ਹੈ ਕੁਛ ਵੀ ਨਹੀਂ।

ਮਹਾਰਾਜ ਕਹਿੰਦੇ –

*ਇਹੁ ਜਗੁ ਧੂਏ ਕਾ ਪਹਾਰ ॥*
*ਤੈ ਸਾਚਾ ਮਾਨਿਆ ਕਿਹ ਬਿਚਾਰਿ ॥* *ਅੰਗ – ੧੧੮੭*

ਦੱਸ ਸੱਚਾ ਕਿਉਂ ਮੰਨਿਆ? ਜੇ ਸੱਚਾ ਹੋਵੇ ਤੇਰੇ ਦਾਦੇ ਵੀ ਇਥੇ ਹੋਣ ਨਕੜਦਾਦੇ, ਉਨ੍ਹਾਂ ਦੇ ਦਾਦੇ, ਉਨ੍ਹਾਂ ਦੇ ਦਾਦੇ, ਫੇਰ ਕੋਈ ਜਾਵੇ? ਸੱਚਾ ਤਾਂ ਜਾਂਦਾ ਨਹੀਂ ਹੁੰਦਾ, ਕਹਿੰਦੇ ਇਸ ਤਰ੍ਹਾਂ ਦੇ ਨਾਲ ਕਿੱਡਾ ਤਿਲਸਮ ਹੈ, ਕਿੱਡਾ ਜਾਦੂ ਹੈ ਕਿ ਆਦਮੀ ਭੁੱਲ ਜਾਂਦਾ ਹੈ। ਭੁੱਲਦਾ ਕਾਹਦੇ ਨਾਲ ਹੈ, ਇਹ ਭੁੱਲਣ ਵਾਲੇ ਤੱਤ ਨੂੰ ਹੀ ਹਉਮੈ ਕਹਿੰਦੇ ਨੇ, ਮਾਇਆ ਕਹਿੰਦੇ ਨੇ –

*ਏਹ ਮਾਇਆ ਜਿਤੁ ਹਰਿ ਵਿਸਰੈ*
*ਮੋਹੁ ਉਪਜੈ ਭਾਉ ਦੂਜਾ ਲਾਇਆ ॥* *ਅੰਗ – ੯੨੧*

ਜਿਹੜਾ ਵਾਹਿਗੁਰੂ ਭੁੱਲ ਜਾਵੇ ਤੇ ਜਿਹੜੀਆਂ ਅਨਾਤਮ ਚੀਜ਼ਾਂ ਨੇ, ਨਾਸ਼ਵਾਨ ਚੀਜ਼ਾਂ, ਉਨ੍ਹਾਂ ਨਾਲ ਸਾਡਾ ਪਿਆਰ ਲਗ ਜਾਵੇ, ਇਹਨੂੰ ਮਾਇਆ ਕਹਿੰਦੇ ਨੇ, ਕਿੱਡੀ ਜ਼ਬਰਦਸਤ ਚੀਜ਼ ਹੈ ਇਹ, ਕਿ ਮਾਇਆ ਦੇ ਉਲਝਾਏ ਹੋਏ ਅਸੀਂ ਤੁਰੇ ਫਿਰਦੇ ਹਾਂ। ਸਾਨੂੰ ਗਿਆਨ ਨਹੀਂ ਹੁੰਦਾ, ਜੀਵ ਬਣ ਗਏ ਅਸੀਂ, ਆਤਮ ਸ਼ਹਿਜ਼ਾਦੇ ਤੋਂ ਅਸੀਂ ਐਨੇ ਨੀਵੇਂ ਆ ਗਏ ਕਿ ਆਪਣੇ ਆਪ ਨੂੰ ਸਰੀਰ ਸਮਝਣਾ ਸ਼ੁਰੂ ਕਰ ਦਿਤਾ। ਦੇਹ ਅਧਿਆਸ ਪੱਕਾ ਹੋ ਗਿਆ ਸਾਡਾ, ਦੇਹ ਨੂੰ ਸ਼ਿੰਗਾਰੀ ਜਾਂਦੇ ਹਾਂ, ਆਪਣਾ ਆਪ ਦੇਹ ਨੂੰ ਸਮਝਦੇ ਹਾਂ। ਦੇਹ ਅਸੀਂ ਹੈ ਨਹੀਂ। ਇਹਦੇ ਵਿਚ ਵਸਣ ਵਾਲਾ ਪੰਛੀ

ਹੈ, ਜਿਹਨੂੰ ਜੀਵ ਆਤਮਾ ਕਹਿੰਦੇ ਨੇ, ਜੀਵ ਤਾਂ ਬਣਿਆ ਹੈ ਕਿਉਂਕਿ ਅਗਿਆਨ ਹੇਠ ਆ ਗਿਆ। ਜਿਸ ਤਰ੍ਹਾਂ ਆਰਸੀ ਸ਼ੀਸ਼ਾ ਜਿਹੜਾ ਹੁੰਦਾ ਹੈ, ਆਹ ਹੁਣ ਜਿਥੇ ਪਾਣੀ ਗਰਮ ਹੁੰਦੇ ਨੇ, ਸੋਲਰ ਐਨਰਜੀ ਜਿਸਨੂੰ ਆਖਦੇ ਨੇ, ਸਾਰੇ ਹੀ ਜਾਣਦੇ ਹਾਂ ਹੁਣ, ਸੂਰਜ ਦੀਆਂ ਕਿਰਨਾਂ ਪੈਂਦੀਆਂ ਨੇ, ਉਸ ਤੋਂ ਅੱਗੇ ਦੇਖੋ ਕੀ ਅਸਰ ਹੁੰਦਾ ਹੈ। ਪ੍ਰਸ਼ਾਦੇ ਵੀ ਲਾਹੁੰਣ ਵਾਸਤੇ heat ਮਿਲਦੀ ਹੈ, ਪਾਣੀ ਵੀ ਗਰਮ ਕਰਦਾ ਹੈ, ਹਰੇਕ ਚੀਜ਼ ਕਰਦਾ ਹੈ। ਰਾਵਣ ਕੋਲ ਵੀ ਐਸੀਆਂ ਚੀਜ਼ਾਂ ਹੋਣੀਆਂ ਨੇ ਜਿਹਦੇ ਕਰਕੇ ਕਿਹਾ ਹੈ ਕਿ ਉਹਦੇ ਕਪੜੇ ਵਗੈਰਾ ਉਹਦੇ ਨਾਲ ਧੋਤੇ ਜਾਂਦੇ ਸੀ, ਰਸੋਈ ਵੀ ਬਣਦੀ ਸੀ, ਇਸੇ ਤਰ੍ਹਾਂ ਇਹ ਜਿਹੜੀ ignorance ਹੈ, ignorance ਕਰਕੇ ਸੰਸਾਰ ਚਲਦਾ ਹੈ, ਸੰਸਾਰ ਦੀ ਖੇਡ ਹੈ, ਇਹਦੇ 'ਚੋਂ ਜੀਵ ਨਿਕਲਣ ਦਾ ਯਤਨ ਕਰਦਾ ਹੈ। ਸਭ ਤੋਂ ਸੁਖਾਲਾ ਤਰੀਕਾ ਹੈ - ਕਰਮ, ਉਪਾਸ਼ਨਾ, ਗਿਆਨ, ਵਿਗਿਆਨ ਇਹਨੂੰ ਰਲਾ ਕੇ ਭਗਤੀ ਕਹਿੰਦੇ ਨੇ। ਭਗਤੀ ਦੇ ਨਾਲ ਇਹ ਮਾਇਆ ਛੁਟ ਜਾਂਦੀ ਹੈ। ਭਗਤ ਚਾਰ ਕਿਸਮ ਦੇ ਹੋਇਆ ਕਰਦੇ ਨੇ, ਭਗਤੀ ਨੌਂ ਕਿਸਮ ਦੀ ਹੋਇਆ ਕਰਦੀ ਹੈ। ਇਕ ਤਾਂ ਭਗਤ ਉਹ ਹੁੰਦੇ ਨੇ ਜਿਨ੍ਹਾਂ ਨੂੰ ਆਰਥ ਭਗਤ ਕਹਿੰਦੇ ਨੇ, ਦੁਖੀ ਹੋ ਕੇ ਪ੍ਰਮੇਸ਼ਰ ਵਲ ਲਗ ਗਏ, ਧਰੂੰ ਦਾ ਨਿਰਾਦਰ ਹੋਇਆ, ਧਰੂੰ ਦੇ ਚਪੇੜਾਂ ਪਈਆਂ, ਦੁਖੀ ਹੋ ਕੇ ਕਿ ਮੇਰਾ ਰਾਜ ਖੋਹਿਆ ਗਿਆ, ਮੈਂ ਰਾਜ ਕਿਵੇਂ ਲਵਾਂ? ਤੇ ਮੈਂ ਕੀ ਕਰਾਂ -

*ਪਰਮੇਸਰੁ ਆਰਾਧੀਐ ਜਿਦੂ ਹੋਈਐ ਪਤਿਤ ਪੁਨੀਤਾ।*

*ਭਾਈ ਗੁਰਦਾਸ ਜੀ, ਵਾਰ ੧੦/੧*

ਮਾਂ ਨੇ ਕਿਹਾ ਬੇਟਾ, ਸਾਰਿਆਂ ਦੁਖਾਂ ਦਾ ਇਲਾਜ ਪ੍ਰਮੇਸ਼ਰ ਦਾ ਨਾਮ ਹੈ। ਭਗਤੀ ਕੀਤੀ, ਭਗਤੀ ਕਰਨ ਦੇ ਨਾਲ ਵਾਹਿਗੁਰੂ ਪ੍ਰਗਟ ਹੋਏ -

*ਧ੍ਰੂ ਕਉ ਮਿਲਿਆ ਹਰਿ ਨਿਸੰਗ ॥* *ਅੰਗ - ੧੧੯੨*

ਨਿਸੰਗ ਹੋ ਕੇ ਮਿਲਿਆ। ਦੂਸਰੇ ਹੁੰਦੇ ਨੇ, ਅਰਥਾ-ਅਰਥੀ, ਲੋੜ ਵਾਸਤੇ ਭਗਤੀ ਕਰਨੀ ਸ਼ੁਰੂ ਕਰ ਦਿਤੀ। ਹੌਲੀ-ਹੌਲੀ, ਚਲਦੇ-ਚਲਦੇ ਆਪਣੀਆਂ ਲੋੜਾਂ ਪੂਰੀਆਂ ਕਰਨ ਤੋਂ ਬਾਅਦ, ਵਾਹਿਗੁਰੂ ਨੂੰ ਮਿਲ ਗਏ। ਤੀਸਰੇ ਹੋਇਆ ਕਰਦੇ ਨੇ ਅਨਿੰਨ ਭਗਤ। ਅਨਿੰਨ ਭਗਤ ਉਹ ਹੁੰਦੇ ਨੇ, ਜਿਹੜੇ ਪ੍ਰਮੇਸ਼ਰ ਨੂੰ ਪਿਆਰ ਕਰਦੇ ਨੇ। ਪ੍ਰਮੇਸ਼ਰ ਤੋਂ ਬਗੈਰ ਹੋਰ ਕਿਸੇ ਨੂੰ ਨਹੀਂ ਪਿਆਰ ਕਰਦੇ, ਮਾਇਆ ਨੂੰ ਨੇੜੇ ਨਹੀਂ ਆਉਣ ਦਿੰਦੇ, illusion ਤੋਂ ਦੂਰ ਰਹਿੰਦੇ ਨੇ, ਲੇਕਿਨ ਰਹਿੰਦੇ ਦੋ ਨੇ, ਇਕ ਨਹੀਂ ਹੁੰਦੇ। ਭਗਤੀ ਹਮੇਸ਼ਾ ਦੋ 'ਚ ਹੋਇਆ ਕਰਦੀ ਹੈ। ਇਕ ਆਸ਼ਿਕ ਹੁੰਦਾ ਹੈ, ਇਕ ਮਾਸ਼ੂਕ ਹੁੰਦਾ ਹੈ, ਇਕ ਨੂੰ ਪਿਆਰ ਕੀਤਾ ਜਾਂਦਾ ਹੈ, ਇਕ ਪਿਆਰ ਕਰਦਾ ਹੈ, ਇਹ ਭਗਤੀ ਕਹਿੰਦੇ ਹੀ ਇਹਨੂੰ ਹੈ, ਪ੍ਰਮੇਸ਼ਰ ਨੂੰ ਪਿਆਰ ਕਰਦਾ ਹੈ, ਭੈ ਗਤੀ 'ਚ ਚਲਦਾ ਹੈ, ਦੋ ਰਹਿੰਦੇ ਨੇ ਇਹ ਮਿਲਾਪ ਵਾਸਤੇ ਤਰਸਦਾ ਹੈ, ਮਿਲਾਪ ਵਾਸਤੇ ਤਰਲੇ ਲੈਂਦਾ ਹੈ, ਮਿਲਾਪ ਵਾਸਤੇ ਅਰਦਾਸਾਂ ਕਰਦਾ ਹੈ, ਵਾਹਿਗੁਰੂ ਨੂੰ ਆਪਣੇ ਪੱਖ ਤੇ ਲਿਆਉਂਦਾ ਹੈ।

*ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ ॥*
*ਸਦਾ ਅਭਗੁ ਦੀਬਾਣੁ ਹੈ ਹਉ ਤਿਸੁ ਨਮਸਕਾਰਦਾ॥*

*ਅੰਗ - ੫੧੯*

ਐਸੀ ਜੋ ਬਾਣੀ ਗੁਰੂ ਗ੍ਰੰਥ ਸਾਹਿਬ 'ਚ ਆਉਂਦੀ ਹੈ, ਇਹ ਅਵਸਥਾ ਭੇਦ ਦੇ ਨਾਲ ਬਾਣੀ ਆਉਂਦੀ ਹੈ, ਭਗਤਾਂ ਦਾ ਰਾਖਾ ਵਾਹਿਗੁਰੂ ਹੁੰਦਾ ਹੈ -

*ਹਰਿ ਜੁਗੁ ਜੁਗੁ ਭਗਤ ਉਪਾਇਆ*
*ਪੈਜ ਰਖਦਾ ਆਇਆ ਰਾਮ ਰਾਜੇ ॥* *ਅੰਗ - ੪੫੧*

ਲੇਕਿਨ ਇਹਦੇ ਵਿਚ ਸਵਾਲ ਬੜੇ ਅਜੀਬ ਪੈਦਾ ਹੋ ਜਾਂਦੇ ਨੇ ਕਿ -

*ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ ॥*

*ਅੰਗ - ੬੮੨*

ਠੀਕ ਹੈ, ਹਾਥੀ ਡੁੱਬ ਰਿਹਾ ਸੀ, ਚਾਰ ਉਂਗਲ ਉਹਦੀ ਸੁੰਡ ਬਾਹਰ ਬਚਦੀ ਸੀ, ਉਸ ਵੇਲੇ ਉਹਨੇ ਪੁਕਾਰ ਕਰ ਦਿਤੀ।

*ਹਾਥੀ ਕੀ ਚਿੰਘਾਰ ਪਲ ਪਾਛੈ ਪਹੁਚਤ ਤਾਹਿ*
*ਚੀਟੀ ਕੀ ਪੁਕਾਰ ਪਹਿਲੇ ਹੀ ਸੁਨੀਅਤ ਹੈ।*

ਕੀੜੀ ਪੁਕਾਰ ਕਰ ਦੇਵੇ ਉਹਦੀ ਵੀ ਸੁਣ ਲੈਂਦਾ ਹੈ, ਹਾਥੀ ਚਿੰਘਾਰ ਮਾਰੇ ਤਾਂ ਉਹਦੀ ਵੀ ਸੁਣ ਲੈਂਦਾ ਹੈ, ਉਹਦੀ ਰਾਖੀ ਕਰ ਦਿਤੀ, ਦਰੋਪਤੀ ਨੇ ਪੁਕਾਰ ਕਰ ਦਿਤੀ -

*ਅਖੀ ਮੀਟਿ ਧਿਆਨੁ ਧਰਿ*
*ਹਾਹਾ ਕ੍ਰਿਸਨ ਕਰੈ ਬਿਲਲਾਂਦੀ।*

*ਭਾਈ ਗੁਰਦਾਸ ਹੀ, ਵਾਰ ੧੦/੮*

ਉਹਦੀ ਰਾਖੀ ਕਰ ਦਿਤੀ -

ਕਬੀਰ ਜੀ ਨੂੰ ਪਾਣੀ ਦੇ ਵਿਚ ਡੁਬੋ ਦਿਤਾ -

*ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ ॥*
*ਮ੍ਰਿਗਛਾਲਾ ਪਰ ਬੈਠੇ ਕਬੀਰ ॥* *ਅੰਗ - ੧੧੬੨*

ਪਾਣੀ ਦੇ ਉਤੇ ਮ੍ਰਿਗਸ਼ਾਲਾ ਐਉਂ ਤਰਨ ਲਗ ਗਈ ਜਿਵੇਂ ਧਰਤੀ ਦੇ ਉਤੇ ਹੋਵੇ, ਅੱਗ ਦੇ ਵਿਚ ਬਿਠਾ ਦਿਤਾ ਗਿਆ। ਅੱਗ ਨੇ ਜਾਲਿਆ ਹੀ ਨਹੀਂ, ਉਵੇਂ ਜਿਵੇਂ ਵਿਚੋਂ ਨਿਕਲ ਕੇ ਆ ਗਿਆ, ਕਿਉਂਕਿ ਵਾਹਿਗੁਰੂ ਨੇ ਔਖੀ ਘੜੀ ਦੇਖਣ ਨਹੀਂ ਸੀ ਦੇਣੀ, ਜਿਸ-ਜਿਸ ਨੂੰ ਵੀ ਮੁਸੀਬਤ ਆਈ ਹੈ ਉਹਦੀ ਸਹਾਇਤਾ ਕਰੀ ਹੈ ਪਾਰਬ੍ਰਹਮ ਪ੍ਰਮੇਸ਼ਰ ਨੇ।

ਨਾਮਦੇਵ ਜੀ ਦੱਖਣ ਵਿਚ ਭਗਤੀ ਕਰਿਆ ਕਰਦੇ ਸੀ, ਇਕ ਵਾਰੀ ਤੀਰਥ ਯਾਤਰਾ ਕਰਦੇ-ਕਰਦੇ ਦਿੱਲੀ ਦੀ ਸੰਗਤ ਦੱਖਣ ਵਿਚ ਜਦੋਂ ਜਾਂਦੀ ਹੈ, ਉਥੇ ਨਾਮਦੇਵ ਦੀ ਦੇ

ਬਾਰੇ ਸੁਣਿਆ ਕਿ ਉਨ੍ਹਾਂ ਨੇ ਉਨ੍ਹਾਂ ਦਾ ਦੇਹੁਰਾ ਫੇਰ ਕੇ ਉਨ੍ਹਾਂ ਵਲ ਕਰ ਦਿਤਾ ਸੀ। ਪਾਂਡਿਆਂ ਨੇ ਉਨ੍ਹਾਂ ਨੂੰ ਧੱਕੇ ਮਾਰ ਕੇ ਕੱਢ ਦਿਤਾ ਸੀ।

*ਹਸਤ ਖੇਲਤ ਤੇਰੇ ਦੇਹੁਰੇ ਆਇਆ ॥*
*ਭਗਤਿ ਕਰਤ ਨਾਮਾ ਪਕਰਿ ਉਠਾਇਆ ॥ ੧ ॥*
*ਹੀਨੜੀ ਜਾਤਿ ਮੇਰੀ ਜਾਦਿਮ ਰਾਇਆ ॥*
*ਛੀਪੇ ਕੇ ਜਨਮਿ ਕਾਹੇ ਕਉ ਆਇਆ ॥ ੧ ॥*
*ਲੈ ਕਮਲੀ ਚਲਿਓ ਪਲਟਾਇ ॥*
*ਦੇਹੁਰੈ ਪਾਛੈ ਬੈਠਾ ਜਾਇ ॥ ੨ ॥*
*ਜਿਉ ਜਿਉ ਨਾਮਾ ਹਰਿ ਗੁਣ ਉਚਰੈ ॥*
*ਭਗਤ ਜਨਾਂ ਕਉ ਦੇਹੁਰਾ ਫਿਰੈ ॥ ਅੰਗ - ੧੧੬੪*

ਇਹ ਗੱਲ ਸਾਰੇ ਭਾਰਤ ਵਰਸ਼ ਵਿਚ ਫੈਲ ਚੁੱਕੀ ਸੀ। ਸੋ ਇਹ ਜਿਹੜੀ ਸੰਗਤ ਗਈ ਦਿੱਲੀ ਦੀ ਇਨ੍ਹਾਂ ਨੇ ਜਾ ਕੇ ਨਾਮਦੇਵ ਜੀ ਦੇ ਦਰਸ਼ਨ ਕਰੇ, ਬਚਨ ਸੁਣਦੇ ਰਹੇ ਪੰਜ-ਸੱਤ ਦਿਨ ਤੇ ਜਿਸ ਵਕਤ ਜਾਣਾ ਸੀ ਉਸ ਵੇਲੇ ਸਾਰੇ ਗਲ 'ਚ ਪੱਲਾ ਪਾ ਕੇ, ਖੜ੍ਹੇ ਹੋ ਗਏ, ਕਹਿਣ ਲੱਗੇ, ਹੇ ਪ੍ਰਭੂ! ਆਪ ਕ੍ਰਿਪਾ ਕਰੋ, ਇਥੇ ਦਿੱਲੀ ਵਿਚ ਦਰਸ਼ਨ ਦਿਓ, ਕਹਿਣ ਲੱਗੇ ਕਿ ਪ੍ਰੇਮੀਓ! ਅਸੀਂ ਤਾਂ ਆਪਣੇ ਹੈਡ ਕੁਆਰਟਰ ਤੇ ਰਹਿੰਦੇ ਹਾਂ, ਬੀਠਲ ਦੀ ਸੇਵਾ ਕਰਦੇ ਹਾਂ, ਸਾਨੂੰ ਤਾਂ ਵਿਹਲ ਨਹੀਂ, ਜਦ ਬਾਰ-ਬਾਰ ਕਹਿੰਦੇ ਨੇ, ਫੇਰ ਉਨ੍ਹਾਂ ਨੇ ਮੰਨ ਲਿਆ। ਅੱਜ ਆਪ ਜਮਨਾ ਦੇ ਕਿਨਾਰੇ, ਜਿਥੇ ਨੇੜੇ ਹੀ ਸ਼ਮਸ਼ਾਨ ਭੂਮੀ ਸੀ, ਉਸ ਬਰੇਤੀ ਤੇ ਬੈਠ ਕੇ ਸਤਿਸੰਗ ਕਰਿਆ ਕਰਦੇ ਸੀ, ਸੰਗਤ ਦਿੱਲੀ ਤੋਂ ਆ ਜਾਣੀ, ਜਦ ਐਨੀ ਆਬਾਦੀ ਨਹੀਂ ਸੀ ਹੁੰਦੀ, ਦੂਰ ਹੋਇਆਂ ਕਰਦੀ ਸੀ। ਉਥੇ ਇਕ ਦਿਨ ਐਸਾ ਹੋਇਆ ਕਿ ਆਪ ਅੰਮ੍ਰਿਤ ਵੇਲੇ ਸਮਾਧੀ ਸਥਿਤ ਬੈਠੇ ਨੇ ਤੇ ਅੱਠ ਨੌਂ ਵਜ ਗਏ, ਅਜੇ ਆਪ ਨੇ ਸਮਾਧੀ ਖੋਲ੍ਹੀ ਨਹੀਂ ਸੀ, ਸਮਾਧੀ ਤੋ ਉਥਾਨ ਨਹੀਂ ਹੋਏ, ਕਿਉਂਕਿ ਬਾਰ-ਬਾਰ ਨੇਤਰ ਬੰਦ ਹੁੰਦੇ ਨੇ। ਨਾਮ ਜਪਣ ਵਾਲੇ ਦੇ ਅੰਦਰ ਇਕ ਐਸਾ ਰਸ ਹੁੰਦਾ ਹੈ ਕਿ ਸੁਰਤ ਉਸਨੂੰ ਅੰਦਰ ਨੂੰ ਖਿਚੀ ਜਾਂਦੀ ਹੈ, ਜੇ ਚੰਗੀ ਧਰਤੀ ਆ ਗਈ ਕੋਈ, ਧਰਤੀ ਖਿੱਚਣ ਲਗ ਜਾਂਦੀ ਹੈ, ਖਿੱਚ ਪੈਂਦੀ ਹੈ ਉਹਦੇ ਅੰਦਰ, ਜੀਅ ਕਰਦਾ ਹੈ ਕਿ ਮੈਂ ਇਥੇ ਬੈਠ ਜਾਵਾਂ ਮੈਨੂੰ ਬੁਲਾਵੇ ਨਾ ਕੋਈ ਤੇ ਅੰਦਰ ਰਸ ਦੇ ਨਾਲ ਭਰਿਆ ਹੁੰਦਾ ਹੈ, ਰਸ ਨੂੰ ਮਾਨਣਾ ਚਾਹੁੰਦਾ ਹੈ, ਉਸਨੂੰ ਮਹਾਰਾਜ ਨੇ ਆਤਮ ਰਸ ਕਿਹਾ ਹੈ-

*ਆਤਮ ਰਸ ਜਿਹ ਜਾਨਹੀ-ਸੋ ਹੈ ਖਾਲਸ ਦੇਵ।*
*ਪ੍ਰਭ ਮੋਹਿ ਮਹਿ ਤਾਸ ਮਹਿ ਰੰਚਕ ਨਾਹਨ ਭੇਵ।*

ਮੇਰੇ ਵਿਚ ਤੇ ਵਾਹਿਗੁਰੂ ਵਿਚ ਭੇਦ ਨਾ ਜਾਣੋ, ਕਿਉਂਕਿ ਇਕੋ ਰੂਪ ਹੋਏ ਹੁੰਦੇ ਨੇ, ਉਹਦੇ ਵਿਚੋਂ ਮੈਂ ਮਰੀ ਹੋਈ ਹੈ, ਮੈਂ ਦੁਜਾਇਗੀ ਹੁੰਦੀ ਹੈ, ਜੇ ਮੈਂ ਮਾਈਨਸ ਕਰ ਦਿਓ ਨਾ ਤਾਂ ਵਾਹਿਗੁਰੂ ਹੀ ਹੈ, ਇਹਦੇ ਨਾਲ ਇਕ ਹਿੱਸਾ ਹੋਰ ਹੈ, ਮੇਰੀ, ਮੈਂ ਤੇ ਮੇਰੀ ਨੂੰ ਹਉਮੈ ਕਹਿੰਦੇ ਨੇ ਦੋਹਾਂ ਨੂੰ ਇਕੱਠਿਆਂ ਨੂੰ, ਹਉਂ ਤੇ ਮੈਂ, ਮੈਂ+ਮੇਰੀ ਨੂੰ ਹਉਮੈ ਕਹਿੰਦੇ ਹਨ। ਹਉਮੈ ਬਣ ਗਿਆ, ਹਉਮੈ ਕੱਢ ਦਿਓ ਚੇਤਨ 'ਚੋਂ, ਮਾਈਨਸ ਕਰ ਦਿਓ ਬਾਕੀ ਕੀ ਰਹਿ ਜਾਏਗਾ ਸਰੀਰ 'ਚ ਕਿਉਂਕਿ ਇਹਦੇ 'ਚ ਦੋ ਰਹਿੰਦੇ ਨੇ-

*ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥*
*ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ॥*
*ਅੰਗ - ੫੫੦*

ਇਕ ਉਹ ਹੈ ਜਿਹੜਾ ਪਰਮ ਚੇਤਨ ਅਨੰਦ ਦੇ ਵਿਚ ਰਹਿੰਦਾ ਹੈ, ਇਕ ਉਹ ਹੈ ਜਿਹੜਾ ਉਡਾਰੀਆਂ ਮਾਰਦਾ ਹੈ, ਉਹ ਜਿਹੜਾ ਉਡਾਰੀਆ ਮਾਰਨ ਵਾਲਾ ਹੈ ਉਹਦੀ ਹਉਮੈ ਵਾਲੀ ਸਮਝ ਹੈ, ਹਉਮੈ ਵਾਲੀ ਸੁਰਤ ਹੈ, ਜਿਹਨੂੰ ਮਹਾਰਾਜ ਕਹਿੰਦੇ ਨੇ -

*ਭੋਲਿਆ ਹਉਮੈ ਸੁਰਤਿ ਵਿਸਾਰਿ ॥ ਅੰਗ - ੧੧੬੮*

ਭੁੱਲ ਜਾ ਇਸ ਹਉਮੈ ਸੁਰਤ ਨੂੰ। ਅਸਲ ਵਿਚ ਤੇਰਾ ਨਾ ਕੋਈ ਪੁਤਰ ਹੈ, ਨਾ ਧੀ ਹੈ, ਨਾ ਕੋਈ ਪਤੀ ਹੈ, ਨਾ ਪਤਨੀ ਹੈ। ਵਾਹਿਗੁਰੂ ਆਪ ਹੀ ਅਨੇਕ ਰੂਪ ਧਾਰ ਕੇ ਖੇਲ੍ਹ ਕਰਦਾ ਹੈ। ਇਹ ਸੁਰਤ ਲਿਆ ਤੂੰ, ਹਉਮੈ ਵਾਲੀ ਸੁਰਤ ਭੁੱਲ ਜਾ ਕਿਉਂਕਿ ਹਉਮੈ ਵਾਲੀ ਸੁਰਤ ਜਿੰਨਾ ਚਿਰ ਤੇਰੇ ਅੰਦਰ ਰਹੇਗੀ, ਇਹ ਤੈਨੂੰ ਬੰਨ੍ਹੀਂ ਰਖੇਗੀ -

*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥*
*ਅੰਗ - ੪੬੬*

ਤੂੰ ਬਾਰ-ਬਾਰ ਜੰਮਣਾ ਹੈ, ਬਾਰ-ਬਾਰ ਮਰਨਾ ਹੈ, ਕਿਉਂਕਿ ਇਹ ਸੁਰਤ ਹੀ ਹੈ -

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥*
*ਅੰਗ - ੪੬੬*

ਬਹੁਤ ਵੱਡੀ ਸਖਸ਼ੀਅਤ ਜਿਸਨੂੰ ਕਹਿੰਦੇ ਹਾਂ, 'ਮੈਂ' ਕਹਿੰਦੇ ਹਾਂ ਇਹੀ ਹਉਮੈ ਹੈ ਤੇ ਇਹਦੇ ਵਿਚ ਹੀ ਬੰਧਨ ਨੇ ਸਾਰੇ, ਇਹਦੇ ਵਿਚ ਹੀ ਆਦਮੀ ਆਉਂਦਾ ਜਾਂਦਾ ਹੈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਜੰਮਦਾ ਤੇ ਮਰਦਾ ਹੈ*
*ਹਉਮੈ ਦਾ ਬੰਨ੍ਹਿਆ ਹੋਇਆ।*

ਇਸ ਤੋਂ ਜੋ ਉਪਰਲਾ ਹਿੱਸਾ ਹੈ ਉਹਨੂੰ ਆਤਮ ਮੰਡਲ ਕਹਿੰਦੇ ਨੇ, ਆਤਮਾ ਦਾ ਜਦ ਰਸ ਆ ਜਾਂਦਾ ਹੈ ਫੇਰ ਆਦਮੀ ਦਾ ਫੁਰਨਾ ਖਤਮ ਹੋ ਜਾਂਦਾ ਹੈ, ਫੁਰਨਾ ਆਉਂਦਾ, ਇਹਦੇ ਵਿਚ ਮਹਾਰਾਜ ਕਹਿੰਦੇ ਕਿ ਉਹਦੇ ਵਿਚ ਤੇ ਪ੍ਰਮੇਸ਼ਰ ਤੇ ਮੇਰੇ ਵਿਚ ਕੋਈ ਭੇਦ ਨਾ ਜਾਣੋ, ਇਕੋ ਹੀ ਹੋਇਆ ਕਰਦਾ ਹੈ।

ਨਾਮਦੇਵ ਜੀ ਬੈਠੇ ਨੇ, ਅੱਜ ਆਪ ਬੜੀ ਦੇਰ ਤਕ ਸਮਾਧੀ 'ਚ ਰਹੇ, ਬਾਰ-ਬਾਰ ਨੇਤਰ ਖੁਲ੍ਹਦੇ ਨੇ, ਫੇਰ ਬੰਦ ਕਰ ਲੈਂਦੇ ਨੇ, ਫੇਰ ਖੋਲ੍ਹਦੇ ਨੇ, ਫੇਰ ਬੰਦ ਕਰ ਲੈਂਦੇ ਨੇ।

ਅਜੇ ਅੰਦਰਲੇ ਰਸ ਤੋਂ ਬਾਹਰ ਆਉਣ ਨੂੰ ਜੀਅ ਨਹੀਂ ਸੀ ਕਰਦਾ। ਇੰਨੇ ਨੂੰ ਆਪ ਨੂੰ ਕੀ ਸੁਣਿਆ ਕਿ ਕੋਈ ਬੀਬੀ ਗਹਿਣੇ ਪਾਏ ਹੋਏ ਨੇ, ਉਹ ਛਣਕ-ਛਣਕ ਕਰਦੇ ਨੇ। ਉਹਨੇ ਆ ਕੇ ਮਹਾਂਪੁਰਸ਼ਾਂ ਨੂੰ ਨਮਸ਼ਕਾਰ ਕਰਕੇ, ਚਰਨਾਂ ਨੂੰ ਹੱਥ ਲਾ ਦਿਤਾ। ਜਦ ਚਰਨਾਂ ਨੂੰ ਹੱਥ ਲੱਗਿਆ ਉਨ੍ਹਾਂ ਨੇ ਨੇਤਰ ਖੋਲ੍ਹ ਲਏ, ਉਹਦੇ ਸਿਰ ਦੇ ਵਿਚ ਮਾਂਗ ਦੇਖੀ ਸੰਧੂਰ ਦੀ, ਤੇ ਬਚਨ ਕਰ ਦਿਤਾ ਕਿ ਬੀਬੀ ਸੁਹਾਗ ਮਾਣ। ਬੀਬੀ ਨੇ ਉਸੇ ਵੇਲੇ ਆਵਾਜ਼ ਦੇ ਦਿਤੀ ਕਿਉਂਕਿ ਉਹ ਪਤੀ ਦੇ ਨਾਲ ਸਤੀ ਹੋਣ ਜਾ ਰਹੀ ਸੀ, ਗਹਿਣੇ ਪਾ ਕੇ। ਕਹਿਣ ਲੱਗੀ ਕਿ ਅਰਥੀ ਉਰੇ ਲਿਆਓ, ਨਾਮਦੇਵ ਜੀ ਦੇ ਚਰਨਾਂ 'ਚ ਰੱਖ ਦਿਤੀ, ਕਹਿਣ ਲੱਗੇ ਭਗਤ ਜੀ! ਮੇਰਾ ਸੁਹਾਗ ਆਹ ਹੈ ਤੇ ਤੁਹਾਡਾ ਬਚਨ ਹੋ ਗਿਆ, ਤੇ ਸੰਤਾਂ ਦਾ ਜੋ ਬਚਨ ਹੈ, ਇਹ ਬਿਰਥਾ ਨਹੀਂ ਜਾਂਦਾ ਮੈਂ ਹੀ ਤੁਹਾਡੇ ਸਤਿਸੰਗ ਦੇ ਵਿਚੋਂ ਐਸਾ ਬਚਨ ਸਰਵਣ ਕੀਤਾ ਸੀ -

*ਧਾਰਨਾ - ਪ੍ਰਭ ਜੀ ਦਾ ਵਾਸਾ ਹੈ,*
*ਸੰਤਾਂ ਦੀ ਰਸਨਾ ਉਤੇ।*
*ਪ੍ਰਭ ਜੀ ਬਸਹਿ ਸਾਧ ਕੀ ਰਸਨਾ॥* *ਅੰਗ - ੨੬੩*

ਕਹਿਣ ਲੱਗੀ, ਮਹਾਰਾਜ! ਤੁਹਾਡਾ ਬਚਨ ਜੋ ਹੈ, 'ਸਾਧ ਬਚਨ ਅਟਲਾਧਾ' ਆਪ ਦਾ ਬਚਨ ਹੈ ਕਿ ਮੈਂ ਸੁਹਾਗ ਮਾਣਾਂ। ਮੇਰਾ ਤਾਂ ਸੁਹਾਗ ਅਰਥੀ ਦੇ ਉਤੇ ਪਿਆ ਹੈ। ਉਸ ਵੇਲੇ ਨਾਮਦੇਵ ਜੀ ਨੂੰ ਕੁਛ ਸੋਚ ਫੁਰੀ ਕਿ ਐਵੇਂ ਬਿਨਾਂ ਸੋਚੇ ਸਮਝੇ ਬਚਨ ਕਰ ਦਿਤਾ। ਕੁਛ ਪਰੇਸ਼ਾਨੀ ਆਪ ਦੇ ਅੰਦਰ ਪੈਦਾ ਹੋਈ ਕਿ ਹੁਣ ਮੈਂ ਕੀ ਜਵਾਬ ਦੇਵਾਂ? ਉਸ ਵੇਲੇ ਅੰਦਰੋਂ ਆਵਾਜ਼ ਆਈ ਨਾਮਦੇਵ ਕਿਉਂ ਪਰੇਸ਼ਾਨ ਹੁੰਦਾ ਹੈਂ? ਤੂੰ ਐਉਂ ਕਰ ਰਾਮ ਕਹਿ ਕੇ ਮੋਢੇ ਤੋਂ ਫੜ ਕੇ ਇਹਨੂੰ ਉਠਾ ਦੇ।ਕਿਉਂਕਿ ਮੈਂ ਸਾਧੂਆਂ ਦੇ ਕੀਤੇ ਹੋਏ ਕੰਮ ਨੂੰ ਪ੍ਰਵਾਨ ਕਰ ਲੈਂਦਾ ਹਾਂ, ਮੇਰੇ ਕੀਤੇ ਹੋਏ ਕੰਮ ਨੂੰ ਸਾਧੂ ਬਦਲ ਦਿੰਦੇ ਨੇ -

*ਮੇਰੀ ਬਾਂਧੀ ਭਗਤੁ ਛਡਾਵੈ*
*ਬਾਂਧੈ ਭਗਤੁ ਨ ਛੂਟੈ ਮੋਹਿ ॥*
*ਏਕ ਸਮੈ ਮੋ ਕਉ ਗਹਿ ਬਾਂਧੈ*
*ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥* *ਅੰਗ-੧੨੫੩*

ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਪ੍ਰਭ ਜੀ ਸਾਧੂਆਂ ਦਾ ਕੀਤਾ ਹੋਇਆ ਮੰਨਦੇ ਨੇ,*
*ਸਾਧੂ ਨੇ ਪਿਆਰੇ ਰੱਬ ਦੇ।*
*ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ*
*ਓਇ ਰਾਮ ਨਾਮ ਰੰਗਿ ਰਾਤੇ ॥* *ਅੰਗ - ੭੪੮*

ਕਿਹੋ ਜਿਹੀ ਮਹਾਰਾਜ ਨੇ ਸਾਨੂੰ guide line ਦਿਤੀ ਹੈ, ਕਿ ਐਉਂ ਨਹੀਂ ਕਿ ਆਹ ਕੰਮ ਕਰੇ, ਆਹ ਕੰਮ ਕਰੇ ਤਾਂ ਪ੍ਰਮੇਸ਼ਰ ਮੰਨਦਾ ਹੈ, ਮਹਾਰਾਜ ਕਹਿੰਦੇ ਨਾ -

*ਤਿਨ੍ ਕੀ ਸੋਭਾ ਸਭਨੀ ਥਾਈ*
*ਜਿਨ੍ ਪ੍ਰਭ ਕੇ ਚਰਣ ਪਰਾਤੇ ॥ ੧ ॥*
*ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ ॥* *ਅੰਗ - ੭੪੮*

ਕਿਉਂ ਮੰਨਦਾ ਹੈ, ਕਿਉਂਕਿ ਉਹ ਪਿਆਰ ਵਿਚ ਰੱਤੇ ਪਏ ਨੇ। ਨਾ ਕੋਈ ਸੰਸਾਰ ਦਾ ਰਾਜਾ, ਨਾ ਕੋਈ ਧਨੀ ਪੁਰਸ਼, ਨਾ ਕੋਈ ਵੱਡਾ ਵਿਦਵਾਨ, ਇਨ੍ਹਾਂ ਵਾਸਤੇ ਤਾਂ ਮਹਾਰਾਜ ਨੇ ਐਸਾ ਫੁਰਮਾਨ ਕੀਤਾ ਹੈ -

*ਧਾਰਨਾ - ਪਿਆਰੇ ਵਿਚ ਸਹਸਿਆਂ ਦੇ ਭਰੀਆਂ ਨੇ,*
*ਛੱਤਰ ਧਾਰ ਬਾਦਸ਼ਾਹੀਆਂ।*
*ਛਤ੍ਰਧਾਰ ਬਾਦਿਸਾਹੀਆ ਵਿਚਿ ਸਹਸੇ ਪਰੀਆ ॥*
*ਅੰਗ - ੪੨*

*ਜਿਸ ਨੋ ਬਖਸੇ ਸਿਫਤਿ ਸਾਲਾਹ ॥*
*ਨਾਨਕ ਪਾਤਿਸਾਹੀ ਪਾਤਿਸਾਹੁ ॥* *ਅੰਗ - ੫*

ਪਾਤਸ਼ਾਹ, ਉਹ ਪਾਤਸ਼ਾਹਾਂ ਦਾ ਪਾਤਸ਼ਾਹ ਹੈ।

*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥*
*ਅੰਗ - ੭੦੭*

ਸਾਰੀ ਸ੍ਰਿਸ਼ਟੀ ਦਾ, ਪੌਣ ਦਾ, ਪਾਣੀ ਦਾ, ਹਵਾ ਦਾ; ਸਾਰੀਆਂ ਚੀਜ਼ਾਂ ਉਹਦੇ ਹੁਕਮ ਵਿਚ ਚਲਦੀਆਂ ਨੇ ਕਿਉਂਕਿ ਪ੍ਰਮੇਸ਼ਰ ਦੇ ਭੈ ਵਿਚ ਨੇ ਉਹ ਪ੍ਰਮੇਸ਼ਰ ਦਾ ਪਿਆਰਾ ਹੈ। ਇਸ ਕਰਕੇ ਕਹਿੰਦੇ ਜਿਹੜੀਆਂ ਦੁਨੀਆਂ ਦੀਆਂ ਵਡਿਆਈਆਂ ਨੇ, ਵੱਡਾ ਫਿਲਾਸਫਰ ਹੈ, ਡਾਕਟਰ ਜਿਹਨੂੰ ਅੱਜਕਲ੍ਹ ਕਹਿੰਦੇ ਨੇ, ਇਕ ਮੈਡੀਕਲ ਡਾਕਟਰ ਹੁੰਦਾ ਹੈ, ਇਕ ਪੜ੍ਹੇ ਲਿਖੇ ਪ੍ਰੋਫੈਸਰ ਡਾਕਟਰ ਲੋਕ ਹੁੰਦੇ ਨੇ। ਇਨ੍ਹਾਂ ਨੂੰ ਪੰਡਤ ਕਹਿੰਦੇ ਸੀ, ਪਿਛਲੇ ਸਮਿਆਂ ਵਿਚ। ਦੂਸਰਾ ਹੁੰਦਾ ਹੈ ਸੂਰਮਾ, ਤੀਸਰਾ ਹੁੰਦਾ ਹੈ ਛਤਰਪਤੀ ਰਾਜਾ। ਮਹਾਰਾਜ ਕਹਿੰਦੇ ਪਿਆਰਿਓ ਇਹ ਨਹੀਂ ਪਹੁੰਚ ਸਕਦੇ-

*ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ ॥*
*ਭਗਤਾ ਬਣਿ ਆਈ ਪ੍ਰਭ ਅਪਨੇ ਸਿਉ*
*ਜਲਿ ਥਲਿ ਮਹੀਅਲਿ ਸੋਈ ॥* *ਅੰਗ - ੭੪੮*

ਇਨ੍ਹਾਂ ਦੇ ਬਰਾਬਰ ਨਹੀਂ ਕੋਈ ਹੁੰਦਾ -

*ਧਾਰਨਾ - ਪੰਡਤ ਸੂਰ ਛਤਰਪਤ ਰਾਜਾ,*
*ਭਗਤ ਬਰਾਬਰ ਕੋਈ ਨਾ।*
*ਪੰਡਿਤ ਸੂਰ ਛਤ੍ਰਪਤਿ ਰਾਜਾ*
*ਭਗਤ ਬਰਾਬਰਿ ਅਉਰੁ ਨ ਕੋਇ ॥* *ਅੰਗ - ੮੫੮*

ਇਹ ਕੋਈ ਕਵਿਤਾ ਨਹੀਂ ਬਣਾਈ ਹੋਈ, ਸੱਚਮੁਚ ਹੀ ਗੱਲ ਹੈ। ਕਿਸੇ ਪੱਖ ਤੋਂ ਵਿਚਾਰ ਲਓ, ਉਹ ਰਾਜਿਆ ਦਾ ਰਾਜਾ ਹੁੰਦਾ ਹੈ ਜਿਹਦਾ ਮਨ ਪ੍ਰਮੇਸ਼ਰ ਦੇ ਨਾਮ ਨਾਲ ਭਿੱਜਿਆ ਰਹਿੰਦਾ ਹੈ, ਜਿਹੜਾ ਪ੍ਰਮੇਸ਼ਰ 'ਚ ਨਿਵਾਸ ਕਰਦਾ ਹੈ -

*ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ ॥*
*ਭਗਤਾ ਬਣਿ ਆਈ ਪ੍ਰਭ ਅਪਨੇ ਸਿਉ*

*ਜਲਿ ਥਲਿ ਮਹੀਅਲਿ ਸੋਈ ॥* *ਅੰਗ - ੨੪੮*

ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲੇ, ਇਥੇ ਭੂਚੋ ਮੰਡੀ ਗਏ ਹੋਏ ਨੇ, ਉਥੇ ਇਕ ਬੜਾ ਹੀ ਪ੍ਰੇਮੀ ਜੋੜਾ ਰਹਿੰਦਾ ਸੀ, ਖਤਰੀ ਸੀ ਉਹ, ਬਿਜ਼ਨਸ ਕਰਦੇ ਸੀ। ਜਿਸ ਵਕਤ ਬਾਬਾ ਜੀ ਉਥੇ ਗਏ ਹੋਏ ਨੇ ਤਾਂ ਉਹਨੇ ਆ ਕੇ ਬੇਨਤੀ ਕਰੀ ਕਿ ਮਹਾਰਾਜ ਮੇਰੀ ਪਤਨੀ ਬਹੁਤ ਸਖਤ ਬਿਮਾਰ ਹੈ ਕ੍ਰਿਪਾ ਕਰੋ। ਮੇਰਾ ਤਾਂ ਘਰ ਉਜਾੜ ਹੋ ਜਾਏਗਾ। ਮੈਂ ਕਿਸ ਤਰ੍ਹਾਂ ਜ਼ਿੰਦਗੀ ਬਤੀਤ ਕਰਾਂਗਾ, ਮੇਰੇ ਤਾਂ ਬੱਚੇ ਛੋਟੇ-ਛੋਟੇ ਨੇ। ਬਹੁਤ ਬੇਨਤੀਆਂ ਕਰੀਆਂ, ਬਾਬਾ ਜੀ ਉਠ ਕੇ ਨਾਲ ਆ ਗਏ, ਉਥੇ ਜਿਸ ਥਾਂ ਦੇ ਉਤੇ ਬੀਬੀ ਪਈ ਸੀ, ਦੇਖਿਆ ਤਰਸ ਆ ਗਿਆ ਦਿਲ 'ਚ। ਕਿਉਂਕਿ ਸੰਤਾਂ ਦੀ ਬਾਦਸ਼ਾਹੀ ਬਹੁਤ ਵੱਡੀ ਹੁੰਦੀ ਹੈ -

*ਜਾ ਕਾ ਕਹਿਆ ਦਰਗਹ ਚਲੈ ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥* *ਅੰਗ - ੧੮੬*

ਜਿਹਦਾ ਕਹਿਆ ਹੋਇਆ ਦਰਗਾਹ ਮੰਨਦੀ ਹੈ, ਰਾਜੇ ਦਾ ਕਹਿਆ ਹੋਇਆ ਦਰਗਾਹ ਮੰਨ ਲਏਗੀ? ਫਿਲਾਸਫਰ ਦਾ ਕਿਹਾ ਹੋਇਆ ਦਰਗਾਹ ਮੰਨ ਲਏਗੀ? ਨਾ ਇਹ ਤਾਂ ਐਵੇਂ ਫੋਕੀਆਂ ਗੋਲੀਆਂ ਹੁੰਦੀਆਂ ਨੇ। ਸਾਧੂ ਠੋਸ ਹੁੰਦਾ ਹੈ, ਕਹਿੰਦੇ ਭਾਈ ਇਹਦੀ ਤਾਂ ਉਮਰ ਪੂਰੀ ਹੋ ਗਈ, ਕਹਿੰਦਾ ਮਹਾਰਾਜ, ਫੇਰ ਤਾਂ ਬਹੁਤ ਦੁਬਿਧਾ ਪੈਦਾ ਹੋ ਜਾਏਗੀ। ਕਹਿੰਦੇ ਐਉਂ ਕਰ ਆਪਾਂ ਇਕ ਗੱਲ ਕਰ ਲੈਂਦੇ ਹਾਂ। ਸਵਾਸ ਤਾਂ ਨਹੀਂ ਵਧਦੇ ਹੈਗੇ, ਪਰ ਤੇਰੀ ਉਮਰ ਏਸ ਵੇਲੇ 25 ਸਾਲ ਦੀ ਬਾਕੀ ਹੈ, ਸਾਢੇ ਬਾਰ੍ਹਾਂ ਸਾਲ ਤੂੰ ਦੇ ਦੇ, ਇਕੱਠੇ ਹੀ ਚਲੇ ਜਾਇਓ। ਕਹਿੰਦਾ ਠੀਕ ਹੈ। ਕਹਿੰਦੇ ਖੜ੍ਹ ਜਾ ਇਥੇ, ਕਰ ਅਰਦਾਸ। ਸੱਚੇ ਦਿਲ ਨਾਲ ਕਹਿ ਦੇ ਕਿ ਮੈਂ ਅੱਧੀ ਉਮਰ ਦਿੰਦਾ ਹਾਂ। ਅੱਧੀ ਉਮਰ ਦੇ ਦਿਤੀ, ਉਹ ਸਾਢੇ ਬਾਰ੍ਹਾਂ ਸਾਲ ਜੀਉਂਦੇ ਰਹੇ, ਉਸ ਤੋਂ ਬਾਅਦ ਚੜ੍ਹਾਈ ਕਰ ਗਏ। ਇਹਦੇ ਬਰਾਬਰ ਕੋਈ ਆ ਜਾਏਗਾ? ਕਿਉਂਕਿ ਸਾਧੂ ਦਾ ਕਹਿਆ ਹੋਇਆ ਦਰਗਾਹ 'ਚ ਚਲਦਾ ਹੈ। ਦਰਗਾਹ ਮੰਨਦੀ ਹੈ ਉਨ੍ਹਾਂ ਦਾ ਕਹਿਆ ਹੋਇਆ। ਇਕ ਨਹੀਂ, ਸੈਂਕੜੇ ਮਿਸਾਲਾਂ ਨੇ। ਆਹ ਜਿਹੜੀ ਪ੍ਰਾਕ੍ਰਿਤੀ ਹੈ ਇਹ ਉਨ੍ਹਾਂ ਦੇ ਮੂਹਰੇ ਕੁਛ ਵੀ ਨਹੀਂ ਹੁੰਦੀ। ਉਹ ਤਾਂ ਭੋਲੇ ਜਿਹੇ ਬਣ ਕੇ ਆਮ ਮਨੁਖਾਂ ਵਾਂਗ ਜੀਵਨ ਬਤੀਤ ਕਰਦੇ ਰਹਿੰਦੇ ਨੇ, ਲੇਕਿਨ ਮਹਾਰਾਜ ਕਹਿੰਦੇ ਤੁਸੀਂ ਐਉਂ ਨਾ ਸਮਝੋ।

ਇਨ੍ਹਾਂ ਦੇ ਵਿਚ ਕੋਈ ਫਰਕ ਨਾ ਜਾਣੋ -

*ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥* *ਅੰਗ - ੩੯੭*

ਸ਼ਕਤੀਆਂ ਦੇ ਮਾਲਕ ਹੁੰਦੇ ਨੇ, ਸਾਰਾ ਕੁਛ ਹੱਥ ਵਿਚ ਹੁੰਦਾ ਹੈ, ਫੇਰ ਵੀ ਕੁਛ ਨਹੀਂ ਕਰਦੇ। ਸੋ ਇਸ ਤਰ੍ਹਾਂ ਨਾਮਦੇਵ ਜੀ ਕੁਛ ਪਰੇਸ਼ਾਨੀ 'ਚ ਆ ਗਏ, ਆਵਾਜ਼ ਆਈ ਨਾਮਦੇਵ ਪਰੇਸ਼ਾਨੀ ਕਿਹੜੀ ਗੱਲ ਦੀ ਹੈ, ਜਿਹੜਾ ਕੁਛ ਕਰ ਦਏਂਗਾ ਮੈਂ ਤਾਂ ਤੇਰਾ ਕੀਤਾ ਹੋਇਆ ਮੰਨਣਾ ਹੀ ਮੰਨਣਾ ਹੈ। ਉਠਾਲ ਦੇ ਏਸ ਨੂੰ।

ਇਕ ਐਸੀ ਮਿਸਾਲ ਆਉਂਦੀ ਹੈ ਕਿ ਮੁਲਤਾਨ ਦੇ ਨਵਾਬ ਨੇ ਕਾਜ਼ੀ ਮੁੱਲਾਂ ਫੜ ਲਏ, ਕਹਿਣ ਲੱਗਿਆ ਤੁਸੀਂ ਲੋਕਾਂ ਨੂੰ ਮੰਤਰ ਲਿਖ-ਲਿਖ ਕੇ ਦੇਈ ਜਾਂਦੇ ਓਂ, ਮੇਰਾ ਪੁੱਤਰ ਬੀਮਾਰ ਹੈ ਜਾਂ ਤਾਂ ਰਾਜ਼ੀ ਕਰ ਦਿਓ, ਜਾਂ ਜਿਸ ਦਿਨ ਇਹ ਮਰ ਗਿਆ ਮੈਂ ਤੁਹਾਨੂੰ ਸਾਰਿਆਂ ਨੂੰ ਕਤਲ ਕਰ ਦੇਣਾ ਹੈ। ਕੋਈ ਕਾਨੂੰਨ ਤਾਂ ਹੁੰਦਾ ਹੀ ਨਹੀਂ ਸੀ। ਹਾਕਮ ਦੀ ਜੁਬਾਨ ਤੇ ਉਹਦੀ ਸੋਚ ਹੀ ਹੁਕਮ ਹੋਇਆ ਕਰਦੀ ਸੀ। ਬੜੇ ਚਿੰਤਾ 'ਚ ਆਏ, ਦਿਨ ਲੰਘਦੇ ਗਏ, ਪਤਾ ਲਗ ਗਿਆ ਕਿ ਉਹ ਤਾਂ ਆਖਰੀ ਸਾਹਾਂ ਤੇ ਹੈ, ਬੜਾ ਬੁਰਾ ਹੋਇਆ। ਨਵਾਬ ਆਇਆ, ਕਹਿਣ ਲੱਗਿਆ ਬੱਚੇ ਦੀ ਹਾਲਤ ਬਹੁਤ ਵਿਗੜ ਗਈ ਹੈ, ਜਾਂ ਤਾਂ ਜੀਉਂਦਾ ਕਰੋ ਨਹੀਂ ਤਾਂ ਮੈਂ ਤੁਹਾਨੂੰ ਮਾਰ ਦੇਣਾ ਹੈ। ਸਭ ਨੂੰ ਕਤਲ ਕਰ ਦੇਵਾਂਗਾ ਉਹਦੇ ਬਰਾਬਰ ਹੀ। ਕਹਿਣ ਲੱਗੇ, ਸਾਡੇ ਨਾਲ ਦਾ ਇਕ ਹੋਰ ਬਾਹਰ ਰਹਿ ਗਿਆ ਉਹਨੂੰ ਲੈ ਆਓ। ਕਹਿੰਦੇ ਓਹਦਾ ਨਾਉਂ ਕੀ ਹੈ? ਕਹਿੰਦੇ ਸਮਸ਼ਤਬਰੇਜ਼, ਸੂਫੀ ਪੀਰ ਸੀਗਾ, ਮਕਸੂਦ ਦਾ ਮੁਰੀਦ ਸੀਗਾ। ਉਸਨੂੰ ਜਾ ਕੇ, ਕਬਰਸਤਾਨ 'ਚ ਰਹਿੰਦਾ ਸੀ, ਮਹੱਲਾ-ਏ-ਖਾਮੋਸ਼ਾਹ 'ਚ; ਜਿਥੇ ਕੋਈ ਬੋਲਦਾ ਨਾ ਹੋਵੇ, ਸਾਧੂ ਉਥੇ ਪਸੰਦ ਕਰਦੇ ਨੇ ਰਹਿਣਾ। ਸੋ ਆਪਣੇ ਪਿਆਰੇ ਨਾਲ unrupped ਜੁੜੇ ਰਹਿੰਦੇ ਨੇ ਹਰ ਵਕਤ। ਫੜ ਲਿਆਂਦਾ, ਕਹਿੰਦੇ ਕੀ ਗੱਲ ਮੈਨੂੰ ਫੜਿਆ ਹੈ। ਕਹਿੰਦੇ ਦੇਖ ਬਈ ਜਾਂ ਤਾਂ ਇਹਦੇ ਸ਼ਹਿਜ਼ਾਦੇ ਨੂੰ ਰਾਜ਼ੀ ਕਰ ਦਿਓ, ਜੇ ਮਰ ਗਿਆ ਤਾਂ ਤੁਹਾਨੂੰ ਨਾਲ ਹੀ ਮਾਰ ਦਿਤਾ ਜਾਏਗਾ ਸਾਰਿਆਂ ਨੂੰ, ਵਿਚ ਹੀ ਤੈਨੂੰ। ਕਹਿੰਦਾ, ਆਹ ਤਾਂ ਮੌਜਾਂ ਬਣ ਗਈਆਂ। ਸਾਧੂ ਤਾਂ ਪਹਿਲਾਂ ਹੀ ਮਰੇ ਹੋਏ ਹੁੰਦੇ ਨੇ ਕੌਣ ਕਹਿੰਦਾ ਹੈ ਸਾਧੂ ਜੀਉਂਦਾ ਹੁੰਦਾ ਹੈ। ਉਹ ਤਾਂ ਇਹ ਜਿਹੜਾ ਠੀਕਰਾ ਜਿਹਾ ਹੈ, ਲੋਚਦੇ ਨੇ ਕਿ ਕਦ ਫੁੱਟੇ।

*ਠੀਕਰਿ ਫੋਰਿ ਦਿਲੀਸ ਸਿਰਿ*
*ਪ੍ਰਭ ਪੁਰ ਕੀਆ ਪਯਾਨ।*

ਕਹਿਣ ਲੱਗਿਆ ਇਹ ਤਾਂ ਬਹੁਤ ਵਧੀਆ ਗੱਲ ਹੈ। ਸੋ ਬਾਕੀ ਸਭ ਰੋਣ ਪਿਟਣ ਲਗ ਗਏ ਕਿ ਅਸੀਂ ਤਾਂ ਕਬੀਲਦਾਰ ਹਾਂ, ਤੈਨੂੰ ਤਾਂ ਰੋਣ ਵਾਲਾ ਕੋਈ ਨਹੀਂ ਸਾਡੇ ਤਾਂ ਬਾਲ ਬੱਚੇ, ਵਹੁਟੀਆਂ ਰੁਲ ਜਾਣਗੀਆਂ, ਤੂੰ ਕ੍ਰਿਪਾ ਕਰ। ਕਹਿੰਦਾ, ਮੈਂ ਤਾਂ ਕਰ ਦੇਵਾਂਗਾ ਫੇਰ ਤੁਸੀਂ ਮੈਨੂੰ ਹੀ ਫਤਵਾ ਲਾ ਦੇਣਾ ਹੈ। ਕਿਉਂਕਿ ਤੁਹਾਨੂੰ ਦਰਵੇਸ਼ਾਂ ਦੀ ਗਤੀ ਦਾ ਪਤਾ ਨਹੀਂ ਹੁੰਦਾ। ਤੁਸੀਂ ਅੰਨੇ ਓਂ ਸ਼ਰਾ ਦੇ, ਅੰਨ੍ਹੇ ਨੂੰ ਕੀ ਪਤਾ ਦਰਵੇਸ਼ ਕਿੱਥੇ ਰਹਿੰਦੇ ਨੇ, ਕੀ ਪਤਾ ਫੱਕਰ ਜਾਗਦੇ ਨੇ ਕਿ ਸੌਂਦੇ ਨੇ। ਪਾਖੰਡੀਆਂ ਨੂੰ ਤਾਂ ਜਾਣਦੇ ਨੇ, ਲੇਕਿਨ ਫੱਕਰਾਂ ਦਾ ਨਹੀਂ ਪਤਾ ਹੁੰਦਾ। ਕਹਿਣ ਲੱਗੇ ਨਹੀਂ ਮਹਾਰਾਜ

ਅਸੀਂ ਐਸ ਵੇਲੇ ਤੁਹਾਡੇ ਦਾਸ ਹਾਂ।

ਕਹਿੰਦਾ ਦਾਸ ਹੀ ਤੁਸੀਂ ਸਿਰ 'ਤੇ ਚੜ੍ਹ ਜਾਣੇ ਨੇ। 'ਨੈਂ ਲੰਘੀ ਖੁਆਜਾ ਵਿਸਰਿਆ' ਇਹ ਗੱਲ ਮਸ਼ਹੂਰ ਹੈ। ਵਕਤ ਲੰਘਿਆ ਤੋਂ ਬਾਅਦ ਕੋਈ ਨਹੀਂ ਪੁਛਦਾ। ਬੜੇ-ਬੜੇ ਮਜ਼ਬੂਰ ਬੰਦੇ ਆਉਂਦੇ ਨੇ ਸੰਤਾਂ ਕੋਲ, ਜਦ ਕੰਮ ਹੋ ਗਿਆ, ਮੁੜ ਕੇ ਕਦੇ ਉਨ੍ਹਾਂ ਦੇ ਚਿਹਰੇ ਹੀ ਨਹੀਂ ਦੇਖੀਦੇ, ਭੁੱਲ ਜਾਈਦਾ ਹੈ, ਬਾਰ੍ਹਾਂ-ਪੰਦਰਾਂ ਸਾਲਾਂ ਬਾਅਦ ਆ ਕੇ ਕਹਿ ਦਿੰਦੇ ਨੇ ਕਿ ਜੀ ਮੈਂ ਆਇਆ ਸੀ ਮੇਰਾ ਆਹ ਕੰਮ ਹੋਇਆ ਸੀ। ਭਾਈ! ਫੇਰ ਤੂੰ ਮੁੜ ਕੇ ਤਾਂ ਦੇਖਿਆ ਨਹੀਂ? ਕਹਿੰਦਾ ਜੀ, ਕੰਮ ਹੀ ਨਹੀਂ ਪਿਆ।

ਇਕ ਦਿਨ ਸਾਡੇ ਕੋਲ ਇਕ ਪ੍ਰੇਮੀ ਆਇਆ, ਮੈਂ ਕਿਹਾ ਕਿ ਤੂੰ ਕਦੇ ਆਇਆ ਹੀ ਨਹੀਂ ਨੰਬਰਦਾਰਾ? ਕਹਿੰਦਾ ਜੀ, ਮੇਰਾ ਟਿਊਬਵੈਲ ਵੀ ਲੱਗ ਗਿਆ, ਤੁਸੀਂ ਕਹਿ ਦਿਤਾ ਸੀ, ਬੱਚੇ ਦਾ ਵੀ ਕੰਮ ਬਣ ਗਿਆ, ਨੌਕਰੀ ਮਿਲ ਗਈ, ਲੜਕੀ ਵੀ ਵਿਆਹੀ ਗਈ, ਕਹਿੰਦਾ ਹੁਣ ਸਾਰੇ ਕੰਮ ਹੋ ਗਏ, ਹੁਣ ਤੁਹਾਡੇ ਨਾਉਂ ਦੀ ਮਾਲਾ ਫੇਰ ਛਡਦੇ ਹਾਂ, ਹੁਣ ਕੀ ਆ ਕੇ ਅਸੀਂ ਕਰਨਾ ਹੈ ਇਥੇ। ਮੈਂ ਕਿਹਾ ਵਾਹ ਬਈ ਕੰਮ ਵਾਸਤੇ ਹੀ ਸੀ ਤੇਰਾ ਆਉਣਾ, ਜਦ ਤਾਂ ਤੂੰ ਰੋਜ਼ ਆਉਂਦਾ ਸੀ। ਉਹ ਕਹਿਣ ਲੱਗਿਆ ਕਿ ਆਹ ਆਦਮੀ ਦਾ ਸੁਭਾਅ ਹੈ ਭੁੱਲ ਜਾਣਾ ਨੇਕੀ ਕਰੀ ਨੂੰ। ਉਹ ਤਾਂ ਵਾਹਿਗੁਰੂ ਦੀ ਨੇਕੀ ਕਰੀ ਨੂੰ ਭੁਲਿਆ ਬੈਠਾ ਹੈ। ਜਿਹਨੇ ਸਭ ਕੁਛ ਦਿਤਾ ਸੁੰਦਰ ਸਰੀਰ ਦਿਤਾ, ਕਿਹੋ ਜਿਹੇ ਗੰਦੇ ਪਾਣੀ ਤੋਂ ਉਪਜਾ ਕੇ ਕਿਹੋ ਜਿਹਾ ਸੁੰਦਰ ਬਣਾ ਦਿਤਾ, ਯਾਦ ਕਰਦਾ ਹੈਂ ਕਦੇ ਓਸਨੂੰ। ਹਰ ਵਕਤ ਭੁੱਲਿਆ ਰਹਿੰਦਾ ਹੈ, ਬੇਅੰਤ ਦਾਤਾਂ ਦਿਤੀਆ ਨੇ ਤੈਨੂੰ, ਸੋਹਣਾ ਸਰੀਰ ਦਿਤਾ ਹੈ, ਸੋਹਣਾ ਮੰਦਰ ਰਹਿਣ ਨੂੰ ਦਿਤਾ ਹੈ। ਤੇਰੇ ਅੰਦਰ ਦਿਮਾਗ ਦੇ ਵਿਚ ਬਹੁਤ ਵਧੀਆ ਸੋਚ ਪਾਈ ਹੈ, ਬੜੀ ਹਿੰਮਤ ਤੈਨੂੰ ਦਿਤੀ ਹੈ, ਕਦੇ ਯਾਦ ਕਰਦਾ ਹੈਂ ਓਸਨੂੰ। ਦਿਤੀਆ ਹੋਈਆਂ ਚੀਜ਼ਾਂ ਨਾਲ ਭੁੱਲ ਗਿਆ -

*ਦਾਤਿ ਪਿਆਰੀ ਵਿਸਰਿਆ ਦਾਤਾਰਾ ॥* *ਅੰਗ - ੬੭੬*

ਕਹਿੰਦੇ ਨਹੀਂ ਮਹਾਰਾਜ ਅਸੀਂ ਤਾਂ ਤਾਅ ਜ਼ਿੰਦਗੀ ਤੁਹਾਨੂੰ ਯਾਦ ਰੱਖਾਂਗੇ। ਦੂਜੇ ਦਿਨ ਇਹ ਹੋਇਆ ਕਿ ਸਵੇਰੇ ਹੀ ਲੜਕਾ ਮਰ ਗਿਆ। ਲੜਕੇ ਦਾ ਮ੍ਰਿਤਕ ਸਰੀਰ ਲਿਆ ਕੇ ਸਾਮ੍ਹਣੇ ਰੱਖ ਦਿਤਾ, ਜਿਥੇ ਜੇਲ੍ਹ ਵਿਚ ਸਾਰੇ ਬੰਦ ਕਰੇ ਹੋਏ ਸੀ। ਕਹਿਣ ਲਗਿਆ ਜਾਂ ਤਾਂ ਜੀਉਂਦਾ ਕਰ ਦਿਓ, ਨਹੀਂ ਤਾਂ ਫੇਰ ਤਿਆਰ ਹੋ ਜਾਓ। ਉਹ ਬਾਰ-ਬਾਰ ਚਰਨ ਫੜਦੇ ਨੇ, ਮਹਾਰਾਜ ਕ੍ਰਿਪਾ ਕਰੋ। ਬਾਹਰ ਆ ਗਏ, ਬਾਹਰ ਆ ਕੇ ਕਹਿਣ ਲੱਗੇ ਦੇਖ ਨਵਾਬ! ਇਹ ਜੇ ਜੀਉਂਦਾ ਹੋ ਗਿਆ, ਤੂੰ ਮੇਰੇ ਖਿਲਾਫ ਹੋ ਜਾਣਾ ਹੈ। ਕਹਿੰਦਾ ਮਹਾਰਾਜ ਮੈਂ ਕਿਵੇਂ ਹੋ ਜਾਵਾਂਗਾ, ਨਾਲੇ ਤੁਸੀਂ ਮੇਰਾ ਲੜਕਾ ਜੀਉਂਦਾ ਕਰੋਂ, ਮੈਂ ਤੁਹਾਡਾ ਅਹਿਸਾਨ ਨਹੀਂ ਭੁੱਲ ਸਕਦਾ। ਕਹਿੰਦੇ ਐਵੇਂ ਗੱਲਾਂ ਨੇ ਕਹਿਣ ਦੀਆਂ। ਜਦ ਬਾਰ-ਬਾਰ ਕਿਹਾ ਉਥੇ ਸਾਮ੍ਹਣੇ ਆ ਕੇ ਟਹਿਲਣ ਲਗ ਗਏ। ਸਾਰੇ ਦੇਖਦੇ ਨੇ ਕਿ ਹੁਣ ਕਿਹੜਾ ਮੰਤਰ ਮਾਰੇਗਾ ਇਹ। ਕਿਵੇਂ ਜੀਉਂਦਾ ਕਰ ਦੇਵੇਗਾ? ਤੇ ਨਾਲ ਅੱਲਾਹ ਕੋਲ ਦੁਆ ਕਰਦੇ ਨੇ ਕਿ ਜੀਉਂਦਾ ਹੋ ਜਾਵੇ ਸਾਡਾ ਖਹਿੜਾ ਛੁਟ ਜਾਵੇ। ਕਿਤੇ ਨਾ ਜੀਉਂਦਾ ਹੋਇਆ ਤਾਂ ਫੇਰ ਤਾਂ ਮਰ ਗਏ। ਉਹ ਫੱਕਰ ਫਿਰਦਾ-ਫਿਰਦਾ, ਆ ਕੇ ਕਹਿਣ ਲੱਗਿਆ ਕਿ ਓ ਲੜਕੇ ਖੁਦਾ ਕੇ ਹੁਕਮ ਸੇ ਉਠ ਖੜ੍ਹਾ ਹੋ। ਸਭ ਨੇ ਦੇਖਿਆ ਕਿ ਹੁਣ ਉਠ ਜਾਏਗਾ। ਉਹ ਤਾਂ ਟਸ ਤੋਂ ਮਸ ਨਾ ਹੋਇਆ। ਫੇਰ ਘੁੰਮ ਕੇ ਆ ਗਿਆ ਥੋੜ੍ਹਾ, ਕਹਿੰਦਾ ਓ ਲੜਕੇ! ਖੁਦਾ ਕੇ ਹੁਕਮ ਸੇ ਅਭੀ ਤਕ ਨਹੀ ਉਠੇ, ਉਠ ਖੜ੍ਹਾ ਹੋ? ਫੇਰ ਨਹੀਂ ਹੋਇਆ। ਤੀਸਰੀ ਵਾਰੀ ਫੇਰ ਕਿਹਾ, ਓ ਲੜਕੇ ਦੋ ਬਾਰ ਆਪ ਕੋ ਪਹਿਲੇ ਕਹਾ ਹੈ, ਖੁਦਾ ਕੇ ਹੁਕਮ ਸੇ ਉਠ ਖੜ੍ਹਾ ਹੋ। ਫੇਰ ਨਾ ਉਠਿਆ ਉਹ।

ਕਹਿੰਦੇ, ਨਵਾਬ ਸਾਹਿਬ! ਇਹ ਤਾਂ ਬਈ ਉਠਦਾ ਨਹੀਂ ਖੁਦਾ ਦੇ ਹੁਕਮ ਨਾਲ, ਨੀਵੀਂ ਪਾਈ ਬੈਠਾ ਹੈ, ਕਿ ਤੁਸੀ ਕੁਛ ਕਰੋ। ਕਹਿੰਦੇ ਫੇਰ ਫੱਕਰਾਂ ਦਾ ਹੁਕਮ ਜਦ ਹੋਏਗਾ ਤਾਂ ਉਠੇਗਾ? ਕਰ ਦੇਈਏ ਹੁਕਮ? ਕਹਿੰਦਾ ਹਾਂ। ਕਹਿੰਦੇ ਓ ਲੜਕੇ ਦਰਵੇਸ਼ ਕੇ ਹੁਕਮ ਸੇ ਉਠ ਖੜ੍ਹਾ ਹੋ। ਉਸੇ ਵੇਲੇ ਲੜਕਾ ਉਠ ਕੇ ਬੈਠ ਗਿਆ। ਖੁਸ਼ੀਆਂ ਹੋ ਗਈਆ। ਘਰੀਂ ਚਲੇ ਗਏ, ਭੁੱਲ ਗਏ। ਉਥੇ ਜਾ ਕੇ ਕਿੰਤੂ-ਪ੍ਰੰਤੂ ਕਰਨਾ ਸ਼ੁਰੂ ਕਰ ਦਿਤਾ। ਕਹਿੰਦੇ ਕੁਰਾਨ ਸ਼ਰੀਫ ਦਾ ਤਾਂ ਉਹਨੇ ਵਿਰੋਧ ਕਰ ਦਿਤਾ। ਉਹ ਤਾਂ ਕਾਫਰ ਹੈ, ਸ਼ਰੀਕ ਬਣ ਗਿਆ ਰੱਬ ਦਾ। ਤੇ ਆਹ ਗੱਲ ਕਹੀ ਹੈ ਉਹਨੇ, ਮੇਰੇ ਹੁਕਮ ਸੇ ਉਠ ਖੜ੍ਹਾ ਹੋ। ਮੁਕੱਦਮਾ ਕਰ ਦਿਤਾ, ਕਾਜ਼ੀਆਂ ਦੇ ਆ ਗਿਆ, ਉਸੇ ਨਵਾਬ ਤੋਂ ਹੁਕਮ ਲੈ ਲਿਆ ਕਿ ਇਹਦੀ ਜੀਉਂਦੇ ਦੀ ਖੱਲ੍ਹ ਉਤਾਰ ਦਿਓ। ਖੱਲ੍ਹ ਲਾਹੁੰਣ ਲੱਗੇ ਲਹੇ ਨਾ, ਜਿਹੜਾ ਕੁਛ ਲਾਉਣ ਲੱਗੇ ਲਹੇ ਨਾ। ਕਹਿਣ ਲੱਗੇ ਜੀ ਖੱਲ੍ਹ ਤਾਂ ਇਹਦੀ ਲਹਿੰਦੀ ਨਹੀਂ ਹੈ, ਨਾ ਸਾਡੀਆ ਰੰਬੀਆ ਵਗੈਰਾ ਨੇ ਇਹਦੇ ਸਰੀਰ 'ਚ ਲਗਦੀਆਂ ਨੇ। ਜਦ ਇਸ ਤਰ੍ਹਾਂ ਹੋਇਆ ਤਾਂ ਕਹਿੰਦੇ ਲਾ ਲਿਆ ਜ਼ੋਰ ਤੁਸੀਂ, ਤੁਹਾਨੂੰ ਚਮੜੇ ਦੀ ਲੋੜ ਹੈ, ਲਓ ਅਸੀਂ ਆਪੇ ਹੀ ਲਾਹ ਦਿੰਦੇ ਹਾਂ, ਫੜ ਕੇ ਪੈਰਾਂ ਦੇ ਕੋਲੋਂ ਸਾਰੀ ਖੱਲ੍ਹ ਲਾਹ ਕੇ, ਵਗਾਹ ਕੇ ਮਾਰੀ, ਕਹਿੰਦੇ ਚੁੱਕੋ। ਸੋ ਕਹਿੰਦੇ -

*ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ*
*ਓਇ ਰਾਮ ਨਾਮ ਰੰਗਿ ਰਾਤੇ ॥*
*ਤਿਨ੍ ਕੀ ਸੋਭਾ ਸਭਨੀ ਥਾਈ*
*ਜਿਨ੍ ਪ੍ਰਭ ਕੇ ਚਰਣ ਪਰਾਤੇ ॥* *ਅੰਗ - ੭੪੮*

ਜਲਾਂ ਦੇ ਵਿਚ, ਥਲਾਂ ਦੇ ਵਿਚ, ਹਰ ਥਾਂ ਦੇ ਵਿਚ ਵਾਹਿਗੁਰੂ ਹੈ, ਸੰਤਾਂ ਦੀ ਬਣੀ ਹੁੰਦੀ ਹੈ ਵਾਹਿਗੁਰੂ ਦੇ ਨਾਲ। ਰੱਬ ਦੇ ਨਾਲ ਬਣ ਜਾਵੇ ਇਕ ਵਾਰੀ, ਫੇਰ ਉਹ ਕੀਹਦੇ ਨੇ, ਕਿਸੇ ਦੇ ਵੀ ਨਹੀਂ, ਨਿਰਦਾਵੇ ਰਹਿੰਦੇ ਨੇ -

*ਜੋ ਜਨੁ ਨਿਰਦਾਵੈ ਰਹੈ ਸੋ ਗਨੈ ਇੰਦ੍ਰ ਸੋ ਰੰਕ ॥*

*ਅੰਗ - ੧੩੭੩*

ਇੰਦ੍ਰ ਨੂੰ ਵੀ ਕਹਿੰਦੇ ਨੇ ਕੰਗਾਲ ਤੁਰਿਆ ਫਿਰਦਾ ਹੈ। ਕੋਈ ਬਰਾਬਰੀ ਕਰਦਾ ਹੀ ਨਹੀਂ ਸਾਰੀ ਕਾਇਨਾਤ 'ਚ। ਸੋ ਜਦੋਂ ਆਵਾਜ਼ ਆਈ ਨਾਮਦੇਵ ਨੂੰ, ਨਾਮਦੇਵ ਨੇ ਉਸੇ ਆਵਾਜ਼ ਦੇ ਮੁਤਾਬਿਕ ਮੋਢੇ ਤੋਂ ਫੜਿਆ, ਕਹਿੰਦੇ ਉਠ ਬਈ ਕਹੁ ਰਾਮ। ਰਾਮ ਕਹਿ ਕੇ ਉਠਾਲ ਦਿਤਾ। ਸਾਰੀ ਦਿੱਲੀ 'ਚ ਰੌਲਾ ਪੈ ਗਿਆ ਕਿ ਨਾਮਦੇਵ ਨੇ ਮੁਰਦਾ ਜੀਉਂਦਾ ਕਰ ਦਿਤਾ। ਉਸ ਵੇਲੇ ਸ਼ਿਕਾਇਤ ਹੋ ਗਈ। ਬਾਦਸ਼ਾਹ ਸਲੇਮਸ਼ਾਹ ਸੀ। ਕਹਿਣ ਲੱਗੇ ਕਿ ਬਾਦਸ਼ਾਹ! ਇਹ ਕਾਫਰ ਜੇ ਇਹੋ ਜਿਹੇ ਕੰਮ ਕਰਨ ਲੱਗੇ ਫੇਰ ਇਸਲਾਮ ਦਾ ਵਾਧਾ ਤਾਂ ਹੋਣਾ ਨਹੀਂ ਹੈ। ਇਨ੍ਹਾਂ ਕਾਫਰਾਂ ਨੂੰ ਜਾਂ ਤਾਂ ਇਸਲਾਮ ਵਿਚ ਲੈ ਕੇ ਆਓ, ਜਾਂ ਮਾਰ ਦੇਣਾ ਚਾਹੀਦਾ ਹੈ। ਕਹਿੰਦਾ ਮੈ ਕਿਵੇਂ ਮਾਰਾਂ ਕੋਈ ਕਾਨੂੰਨ ਹੋਣਾ ਚਾਹੀਦਾ ਹੈ। ਕਹਿੰਦੇ ਇਹਨੇ ਮੁਰਦਾ ਜੀਉਂਦਾ ਕਰਿਆ ਹੈ, ਤੁਹਾਡੀ ਗਊ ਜਿਹੜੀ ਹੈ ਬਹੁਤ ਪਿਆਰੀ ਇਹਨੂੰ ਜੀਬਾ ਕਰ ਦਿਓ, ਬਿਸਮਲ ਕਰ ਦਿਓ, ਉਹਨੂੰ ਫੜ ਕੇ ਲਿਆਓ ਜੇ ਤਾਂ ਜੀਉਂਦੀ ਕਰ ਦਿਤੀ ਤਾਂ, ਤਾਂ ਠੀਕ ਹੈ। ਨਹੀਂ ਤਾਂ ਕੋਈ ਪਾਖੰਡ ਹੈ ਰਚਿਆ ਹੋਇਆ ਇਨ੍ਹਾਂ ਨੇ, ਐਵੇਂ ਬੱਚੇ ਨੂੰ ਪਾ ਕੇ ਲੈ ਗਏ ਨੇ ਉਥੇ ਜਾ ਕੇ ਡਰਾਮਾ ਕਰ ਦਿਤਾ, ਤੇ ਇਕ ਧੋਖਾ ਦਿਤਾ ਹੈ, ਇਸ ਕਰਕੇ ਧੋਖਾਦੇਹੀ 'ਚ ਇਹਨੂੰ ਸਜ਼ਾ ਦੇਣੀ ਚਾਹੀਦੀ ਹੈ। ਉਸ ਵੇਲੇ ਬਾਦਸ਼ਾਹ ਨੇ ਹਥਕੜੀਆਂ ਲਾ ਕੇ ਨਾਮਦੇਵ ਜੀ ਨੂੰ ਫੜ ਲਿਆ, ਬਗੈਰ ਕਿਸੇ ਕਸੂਰ ਤੋਂ ਤੇ ਨਾਮਦੇਵ ਜੀ ਨੂੰ ਬੁਲਾ ਕੇ ਕਹਿਣ ਲੱਗੇ ਕਿ ਨਾਮਦੇਵ! ਅਸੀਂ ਸੁਣਿਆ ਹੈ ਕਿ ਤੂੰ ਇਕ ਬੜਾ ਪਾਖੰਡ ਰਚਿਆ ਹੈ, ਤੇ ਉਥੇ ਮੁਰਦਾ ਅਰਥੀ ਤੇ ਪਾ ਕੇ ਤੂੰ ਇਹ ਕਹਿ ਦਿਤਾ ਕਿ ਉਠ। ਇਹੋ ਜਿਹਾ ਡਰਾਮਾ ਤੂੰ ਰਚਿਆ ਹੈ, ਸ਼ਰ੍ਹਾ ਦੇ ਖਿਲਾਫ ਚਲਿਆ ਹੈਂ, ਕਦੇ ਮਰਿਆ ਵੀ ਜੀਉਂਦਾ ਹੁੰਦਾ ਹੈ? ਮੈਂ ਸੱਚ ਤੇ ਝੂਠ ਨੂੰ ਨਿਤਾਰਨਾ ਚਾਹੁੰਦਾ ਹਾਂ। ਆਹ ਗਊ ਤੇਰੇ ਸਾਮ੍ਹਣੇ ਮਾਰ ਰਹੇ ਹਾਂ, ਇਹਨੂੰ ਜੀਉਂਦੀ ਕਰ ਦੇ। ਨਾਮਦੇਵ ਜੀ ਨੇ ਕਿਹਾ, ਬਾਦਸ਼ਾਹ! ਮੈਂ ਤਾਂ ਕੁਛ ਨਹੀਂ ਕਰਦਾ। ਜਿਹੜਾ ਕੁਛ ਕਰਦਾ ਹੈ ਮੇਰਾ ਰਾਮ ਕਰਦਾ ਹੈ, ਮੈਂ ਨਹੀਂ ਕਰਦਾ। ਉਸ ਵੇਲੇ ਹੁਕਮ ਦਿੰਦਾ ਹੈ, ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਮੋਈ ਗਊ ਨੂੰ ਜੀਉਂਦੀ ਕਰ ਦੇ,*
*ਦੇਖਾਂ ਕੰਮ ਤੇਰੇ ਰਾਮ ਦੇ।*

*ਸੁਲਤਾਨੁ ਪੂਛੈ ਸੁਨੁ ਬੇ ਨਾਮਾ ॥*
*ਦੇਖਉ ਰਾਮੁ ਤੁਮ੍ਹਾਰੇ ਕਾਮਾ ॥ ੧ ॥*
*ਨਾਮਾ ਸੁਲਤਾਨੇ ਬਾਧਿਲਾ ॥*
*ਦੇਖਉ ਤੇਰਾ ਹਰਿ ਬੀਠੁਲਾ ॥ ੧ ॥ ਰਹਾਉ ॥*
*ਬਿਸਮਿਲਿ ਗਊ ਦੇਹੁ ਜੀਵਾਇ ॥*
*ਨਾਤਰੁ ਗਰਦਨਿ ਮਾਰਉ ਠਾਂਇ ॥ ੨ ॥*
*ਬਾਦਿਸਾਹ ਐਸੀ ਕਿਉ ਹੋਇ ॥*
*ਬਿਸਮਿਲਿ ਕੀਆ ਨ ਜੀਵੈ ਕੋਇ ॥ ੩ ॥*
*ਮੇਰਾ ਕੀਆ ਕਛੂ ਨ ਹੋਇ ॥*
*ਕਰਿ ਹੈ ਰਾਮੁ ਹੋਇ ਹੈ ਸੋਇ ॥ ੪ ॥*
*ਬਾਦਿਸਾਹੁ ਚੜ੍ਹਿਓ ਅਹੰਕਾਰਿ ॥*
*ਗਜ ਹਸਤੀ ਦੀਨੋ ਚਮਕਾਰਿ ॥* *ਅੰਗ - ੧੧੬੫*

ਸਾਰੀ ਗੱਲਬਾਤ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ 1165 ਪੰਨੇ ਤੇ ਨਾਮਦੇਵ ਜੀ ਨੇ ਸਾਡੀ ਗਿਆਤ ਵਾਸਤੇ ਲਿਖੀ ਹੈ ਕਿ ਮੇਰੇ ਸਾਮ੍ਹਣੇ ਗਊ ਰੱਖ ਦਿਤੀ ਤੇ ਮੈਨੂੰ ਕਹਿਣ ਲੱਗੇ ਕਿ ਤੇਰੇ ਰੱਬ ਦੇ ਅਸੀਂ ਕੰਮ ਦੇਖਣੇ ਚਾਹੁੰਦੇ ਹਾਂ। ਬੰਨ੍ਹ ਲਿਆ ਤੇ ਹੱਥਾਂ 'ਚ ਹਥਕੜੀਆਂ ਪਾ ਲਈਆਂ, ਪੈਰਾਂ 'ਚ ਬੇੜੀਆ ਪਾ ਲਈਆਂ। ਕਹਿੰਦੇ ਤੇਰੇ ਰਾਮ ਦੇ ਅਸੀਂ ਹੁਣ ਕੰਮ ਦੇਖਣੇ ਨੇ। ਆਹ ਬਿਸਮਲ ਕਰੀ ਪਈ ਹੈ ਗਊ ਇਹਨੂੰ ਜਾਂ ਜੀਉਂਦੀ ਕਰ ਦੇ ਨਹੀਂ ਤਾਂ ਤੇਰੀ ਗਰਦਨ ਇਹਦੇ ਉਤੇ ਹੀ ਵੱਢ ਕੇ ਰੱਖ ਦੇਣੀ ਹੈ। ਕਹਿੰਦੇ ਅਸੀਂ ਕਿਹਾ ਬਾਦਸ਼ਾਹ! ਐਸੀ ਕਿਉਂ ਹੋਇ।

*ਬਿਸਮਿਲਿ ਕੀਆ ਨ ਜੀਵੈ ਕੋਇ ॥ ੩ ॥*

ਜਿਹੜਾ ਮਾਰ ਹੀ ਦਿਤਾ ਹੈ ਉਹ ਕਿਵੇਂ ਜੀਉਂਦਾ ਹੈ? ਮੈਂ ਤਾਂ ਨਹੀਂ ਕਿਸੇ ਨੂੰ ਜੀਉਂਦਾ ਕਰਦਾ -

*ਮੇਰਾ ਕੀਆ ਕਛੂ ਨ ਹੋਇ ॥*
*ਕਰਿ ਹੈ ਰਾਮੁ ਹੋਇ ਹੈ ਸੋਇ ॥ ੪ ॥*

ਕਹਿੰਦਾ ਦੇਖ, ਉਥੇ ਪਾਖੰਡ ਕਰਿਆ ਸੀ ਤੂੰ? ਤਾਂ ਫੇਰ ਲੋਕਾਂ ਨੂੰ ਠੱਗਿਆ ਤੂੰ, ਧੋਖਾ ਦਿਤਾ, ਐਵੇਂ ਮੁਰਦਾ ਬਣਾ ਕੇ ਅਰਥੀ ਤੇ ਪਾ ਲਿਆ ਤੁਸੀਂ ਹਿੰਦੂ ਲੋਕਾਂ ਨੇ, ਇਸਲਾਮ ਨੂੰ ਛੋਟਾ ਕਰਨ ਵਾਸਤੇ। ਮੈਂ ਇਹ ਗੱਲ ਨਹੀਂ ਮੰਨਦਾ ਮੈਂ ਅੱਖਾਂ ਦੇ ਸਾਮ੍ਹਣੇ ਹੋਈ ਗੱਲ ਨੂੰ ਮੰਨਦਾ ਹਾਂ, ਅਹੰਕਾਰੀ ਹੋਇਆ ਬੈਠਾ ਹੈ -

*ਬਾਦਿਸਾਹੁ ਚੜ੍ਹਿਓ ਅਹੰਕਾਰਿ ॥*
*ਗਜ ਹਸਤੀ ਦੀਨੋ ਚਮਕਾਰਿ ॥* *ਅੰਗ - ੧੧੬੫*

ਕਹਿਣ ਲੱਗੇ, ਐਉਂ ਨਹੀਂ ਇਹ ਹਟਦਾ, ਮਸਤ ਹਾਥੀ ਲਿਆਓ। ਮਸਤ ਹਾਥੀ ਲਿਆਂਦਾ, ਸ਼ਰਾਬ ਪਿਲਾਈ ਹੋਈ ਹੈ, ਤੇ ਨਾਮਦੇਵ ਵਲ ਛੱਡ ਦਿਤਾ। ਹਾਥੀ ਜਿਹੜਾ ਹੈ -

*ਕਰੈ ਗਜਿੰਦੁ ਸੁੰਡ ਕੀ ਚੋਟ ॥*
*ਨਾਮਾ ਉਬਰੈ ਹਰਿ ਕੀ ਓਟ ॥* *ਅੰਗ - ੧੧੬੫*

ਉਹ ਚੋਟ ਕਰਦਾ ਹੈ ਤੇ ਉਹਦਾ ਅਸਰ ਹੀ ਨਹੀਂ ਹੁੰਦਾ। ਨਾਮਦੇਵ ਐਉਂ ਆ ਜਾਂਦਾ ਹੈ ਜਿਸ ਤਰ੍ਹਾਂ ਦੇ ਨਾਲ ਕੋਈ ਬਹੁਤ ਹੀ ਹੌਲੀ ਚੀਜ਼ ਹੁੰਦੀ ਹੈ। ਅਖੀਰ ਹਾਥੀ ਦੌੜ ਗਿਆ। ਕਹਿਣ ਲੱਗੇ ਇਸ ਤਰ੍ਹਾਂ ਨਹੀਂ ਕੁਛ ਹੋਣਾ ਇਹਨੂੰ ਸਮਾਂ ਦੇ ਦਿਓ, ਐਨੇ ਸਮੇਂ ਦੇ ਵਿਚ ਜੇ ਨਾ ਜੀਉਂਦੀ ਕਰੀ ਤਾਂ ਇਹਨੂੰ ਮਾਰ ਦਿਤਾ ਜਾਏਗਾ। ਸੋ ਉਸ ਵੇਲੇ ਜਦੋਂ ਹਾਥੀ ਛੱਡਣ ਲੱਗੇ, ਜਾ ਕੇ ਸਮਝਾਉਂਦੇ ਨੇ ਕਿ ਨਾਮਦੇਵ

ਆਪਣੀ ਜਾਨ ਨਾ ਗੁਆ, ਗਊ ਜੀਉਂਦੀ ਕਰ ਦੇ। ਦੇਖ ਤੇਰੇ ਸਾਮ੍ਹਣੇ ਸਵਾਲ ਨੇ ਜਾਂ ਤਾਂ ਗਊ ਜੀਉਂਦੀ ਕਰ ਦੇ, ਜਾਂ ਜੇ ਬਚਣਾ ਚਾਹੁੰਦਾ ਹੈਂ ਤਾਂ ਦੀਨ-ਏ-ਇਸਲਾਮ ਕਬੂਲ ਕਰ ਲੈ। ਤਾਂ, ਤਾਂ ਬਚ ਸਕਦਾ ਹੈ ਨਹੀਂ ਤਾਂ ਤੂੰ ਨਹੀਂ ਬਚ ਸਕਦਾ। ਕਿਉਂਕਿ ਇਸਲਾਮ ਦੇ ਵਿਚ ਇਕ ਕਾਨੂੰਨ ਸੀ ਕਿ ਜੇ ਕਿਸੇ ਨੂੰ ਛੋਟੇ ਜ਼ੁਲਮ ਦੇ ਅੰਦਰ ਮੌਤ ਦਾ ਦੰਡ ਮਿਲਦਾ ਹੈ ਤਾਂ ਉਹ ਦੋ ਤਰੀਕਿਆਂ ਦੇ ਨਾਲ ਬਖਸ਼ਿਆ ਜਾਂਦਾ ਹੈ। ਇਕ ਤਾਂ ਇਹ ਹੈ ਕਿ ਉਹਦੇ ਬਰਾਬਰ ਸੋਨਾ ਤੋਲ ਕੇ ਦੇਵੋ। ਉਹ ਛੱਡ ਦਿੰਦੇ ਸੀ ਉਹਨੂੰ। ਦੂਸਰਾ ਇਹ ਸੀ ਕਿ ਉਹ ਇਸਲਾਮ ਧਾਰਨ ਕਰ ਲਏ ਤੇ ਉਹਦੀ ਜ਼ਿੰਦਗੀ ਬਖਸੀ ਜਾਂਦੀ ਸੀ। ਤੇ ਉਹਦੇ ਮੂਹਰੇ ਦੋਵੇਂ ਸਵਾਲ ਰੱਖ ਦਿਤੇ। ਸੋਨੇ ਵਾਲਾ ਤਾਂ ਰੱਖਿਆ ਨਾ ਤੇ ਇਹ ਰੱਖ ਦਿਤਾ ਕਿ ਜੇ ਤਾਂ ਬਚਣਾ ਹੈ ਤਾਂ ਦੋ ਨੇ ਗੱਲਾਂ ਤੇਰੇ ਸਾਮ੍ਹਣੇ ਜਾਂ ਤਾਂ ਗਊ ਜੀਉਂਦੀ ਕਰ ਦੇ, ਨਹੀਂ ਫੇਰ ਦੀਨ-ਏ-ਇਸਲਾਮ 'ਚ ਆ ਜਾ। ਉਸ ਵੇਲੇ ਨਾਮਦੇਵ ਜੀ ਦੀ ਮਾਤਾ ਨੇ ਦੇਖਿਆ ਕਿ ਇਹ ਤਾਂ ਮਾਰਨ ਤੇ ਤੁਲਿਆ ਹੋਇਆ ਹੈ, ਹਾਥੀ ਛੱਡ ਰਿਹਾ ਹੈ, ਸ਼ਰਾਬ ਪਿਲਾ ਰਹੇ ਨੇ ਉਹਨੂੰ, ਝੂੰਮ ਰਿਹਾ ਹੈ ਹਾਥੀ ਉਹਨੇ ਤਾਂ ਪੈਰ ਧਰ ਦੇਣਾ ਹੈ, ਸੌ ਮਣ ਦਾ ਹਾਥੀ ਹੁੰਦਾ ਹੈ, ਤੇ ਸਾਰੀਆਂ ਹੱਡੀਆਂ ਮੇਰੇ ਪੁੱਤਰ ਦੀਆ ਟੁੱਟ ਜਾਣੀਆਂ ਨੇ, ਤੇ ਮੇਰੀਆਂ ਅੱਖਾਂ ਦੇ ਸਾਮ੍ਹਣੇ ਤੜਫ-ਤੜਫ ਕੇ ਮਰ ਜਾਏਗਾ। ਉਸ ਵੇਲੇ ਮਾਂ ਉਸ ਮੈਦਾਨ ਦੇ ਵਿਚ ਆਉਂਦੀ ਹੈ ਜਿਥੇ ਉਹ ਬੰਨ੍ਹਿਆ ਹੋਇਆ ਹੈ, ਇਜਾਜ਼ਤ ਲਈ ਕਿ ਜਹਾਨ ਪਨਾਹ ਮੈਨੂੰ ਆਗਿਆ ਦੇਵੋ ਮੈ ਆਪਣੇ ਪੁੱਤਰ ਨੂੰ ਮਿਲ ਲਵਾਂ। ਉਸ ਵੇਲੇ ਨੇੜੇ ਆ ਜਾਂਦੀ ਹੈ ਕਹਿਣ ਲੱਗੀ ਨਾਮਦੇਵ! ਦੇਖ ਕੀ ਫਰਕ ਪੈਂਦਾ ਹੈ, ਇਥੇ ਤੂੰ ਰਾਮ-ਰਾਮ ਕਰਦਾ ਹੈਂ, ਉਥੇ ਖੁਦਾ ਹੋ ਜਾਏਗਾ, ਐਨਾ ਹੀ ਫਰਕ ਹੈ, ਐਸ ਤਰ੍ਹਾਂ ਦੇ ਨਾਲ ਕਹਿੰਦੇ ਮੇਰੀ ਮਾਤਾ ਨੇ ਮੈਨੂੰ ਕਿਹਾ -

*ਧਾਰਨਾ - ਰਾਮ ਛੱਡ ਕੇ ਖ਼ੁਦਾ ਦਾ ਨਾਮ ਜਪ ਲੈ,*
*ਨਾਮੇ ਦੀ ਮਾਈ ਰੁਦਨ ਕਰੇ।*

*ਰੁਦਨੁ ਕਰੈ ਨਾਮੇ ਕੀ ਮਾਇ ॥*
*ਛੋਡਿ ਰਾਮੁ ਕੀ ਨ ਭਜਹਿ ਖੁਦਾਇ ॥ ੬ ਅੰਗ - ੧੧੬੫*

ਜ਼ਿੰਦਗੀ ਬਚਾ ਲੈਣੀ, ਸਿਆਣੇ ਬੰਦੇ ਦਾ ਕੰਮ ਹੁੰਦਾ ਹੈ। ਜ਼ਿੰਦਗੀ ਬਚ ਗਈ ਤੂੰ ਫੇਰ ਕਰੀ ਜਾਈਂ ਰਾਮ-ਰਾਮ। ਇਥੇ ਕਹਿ ਦੇ ਕਿ ਮੈਂ ਖੁਦਾ-ਖੁਦਾ ਕਰਾਂਗਾ। ਮੰਨ ਲੈ ਇਨ੍ਹਾਂ ਦਾ ਦੀਨ-ਏ-ਇਸਲਾਮ, ਜ਼ਿੰਦਗੀ ਤਾਂ ਬਚ ਜਾਏਗੀ ਤੇਰੀ। ਕਹਿਣ ਲੱਗੇ, ਮਾਤਾ, ਐਹੋ ਜਿਹਾ ਕਮਜ਼ੋਰ ਉਪਦੇਸ਼ ਤੂੰ ਮੈਨੂੰ ਦੇ ਰਹੀ ਹੈਂ।

ਕਿਉਂਕਿ ਬਾਦਸ਼ਾਹ ਜੋ ਹੋਇਆ ਕਰਦੇ ਨੇ, ਐਸੀਆਂ ਹੀ ਗੱਲਾਂ ਹੋਇਆ ਕਰਦੀਆਂ ਨੇ ਉਨ੍ਹਾਂ ਦੀਆਂ। ਸੰਕਟ ਖੜ੍ਹਾ ਹੋ ਜਾਂਦਾ ਹੈ ਜਦੋਂ ਕਹਿੰਦੇ ਨੇ ਕਿ ਆਹ ਧਰਮ ਨੂੰ ਛੱਡ ਕੇ ਆਹ ਧਾਰਨ ਕਰ ਲੈ, ਫੇਰ ਤੂੰ ਬਚ ਜਾਏਂਗਾ। ਧਰਮ ਸਾਰੇ ਹੀ ਠੀਕ ਨੇ, ਪਰ ਜਿਹੜਾ ਆਪਣਾ ਧਰਮ ਹੈ ਉਹਦੇ ਮੁਤਾਬਿਕ ਹੀ ਆਦਮੀ ਨੂੰ ਆਪਣਾ ਜੀਵਨ ਬਿਤਾਉਣਾ ਚਾਹੀਦਾ ਹੈ, ਰਹਿਣਾ ਤਾਂ ਹੈ ਨਹੀਂ ਸੰਸਾਰ ਦੇ ਅੰਦਰ ਕਿਸੇ ਨੇ। ਜਿਸ ਦਿਨ ਆ ਗਈ ਉਸ ਤੋਂ ਇਕ ਸਾਹ ਵੀ ਵੱਧ ਕਿਸੇ ਨੇ ਨਹੀਂ ਜੀਉਣਾ। ਫੇਰ ਧਰਮ ਕਿਉਂ ਛੱਡੇ?

ਅੱਜ ਦਾ ਦਿਨ ਜੋ ਹੈ ਸਾਡੇ ਇਤਿਹਾਸ ਦੇ ਅੰਦਰ ਬਹੁਤ ਹੀ important, ਸਿਖਿਆਦਾਇਕ ਦਿਨ ਹੈ ਸਾਡੇ ਵਾਸਤੇ, ਅੱਜ ਦੇ ਦਿਨ ਐਸੀ ਕੁਰਬਾਨੀ ਹੋਈ ਹੈ ਕਿ ਦੁਨੀਆਂ ਦੇ ਵਿਚ ਕਿਤੇ ਕੋਈ ਮਿਸਾਲ ਹੀ ਨਹੀਂ ਮਿਲਦੀ। ਯੂਰਪ ਦੇ ਅੰਦਰ ਕੇਵਲ ਈਸਾ ਜੀ ਇਕ ਨੂੰ ਕੁਰਬਾਨੀ ਦੇਣੀ ਪਈ ਤੇ ਅੱਜ ਤਕ ਉਨ੍ਹਾਂ ਨੇ ਐਨੀ ਸੰਭਾਲੀ ਹੈ ਈਸਾਈਆਂ ਨੇ ਕਿ ਅੱਧੇ ਸੰਸਾਰ ਤੋਂ ਜ਼ਿਆਦਾ ਨੇ ਉਨ੍ਹਾਂ ਨਾਲ ਪਿਆਰ ਪਾਇਆ ਹੋਇਆ ਹੈ। ਕ੍ਰਿਸਮਿਸ ਹੈ, ਬੜੀਆਂ ਉਨ੍ਹਾਂ ਦੀਆਂ ਖੁਸ਼ੀਆਂ ਨੇ, ਲੇਕਿਨ ਇਹਦੇ ਮੁਕਾਬਲੇ ਦੇ ਉਤੇ ਜੇ ਅਸੀਂ ਆਪਣਾ ਲੇਖਾ-ਜੋਖਾ ਪੜਚੋਲ ਕਰੀਏ, ਅਸੀਂ ਕਿਸੇ ਪਾਸੇ ਵੀ ਨਹੀਂ ਉਨ੍ਹਾਂ ਦੇ ਮੁਕਾਬਲੇ 'ਤੇ। ਇਥੇ ਤਾਂ ਐਨਾ ਲਾਣਾ ਫਿਰਦਾ ਹੈ ਨਾ ਮਨਮੁਖ, ਆਹ ਸੰਤ ਕਹਿੰਦੇ ਹੁੰਦੇ ਸੀ ਕਲੇਰਾਂ ਵਾਲੇ ਕਿ ਲੰਡਰ ਕੁੱਤੇ ਤੁਰੇ ਫਿਰਦੇ ਨੇ। ਉਨ੍ਹਾਂ ਨੂੰ ਕਿਹਾ ਕਿ ਮਹਾਰਾਜ! ਤੁਸੀਂ ਲੰਡਰ (ਅਵਾਰਾ) ਕੁੱਤੇ ਕਿਉਂ ਕਹਿੰਦੇ ਓਂ? ਕਹਿੰਦੇ ਇਕ ਤਾਂ ਪਟਿਆਂ ਵਾਲੇ ਹੁੰਦੇ ਨੇ ਇਕ ਹੁੰਦੇ ਨੇ ਲੰਡਰ, ਬੇ-ਮਾਲਕੇ, ਉਨ੍ਹਾਂ ਨੂੰ ਲੰਡਰ ਕਹਿੰਦੇ ਹੁੰਦੇ ਨੇ, ਜਿਨ੍ਹਾਂ ਦਾ ਕੋਈ ਵਾਰਸ ਨਾ ਹੋਵੇ, ਕੋਈ ਮਾਲਕ ਨਾ ਹੋਵੇ, ਕੋਈ ਆ ਕੇ ਜੋ ਮਰਜ਼ੀ ਕਰੇ ਉਨ੍ਹਾਂ, ਨੂੰ, ਚਾਹੇ ਕੋਈ ਡੰਡਾ ਮਾਰੇ। ਇਕ ਉਹ ਹੁੰਦੇ ਨੇ ਜਿਹੜੇ ਪਟਿਆਂ ਵਾਲੇ ਹੁੰਦੇ ਨੇ, ਪਟੇ ਵਾਲੇ ਨੂੰ ਕੋਈ ਕੁਛ ਨਹੀਂ ਕਹਿੰਦਾ। ਉਨ੍ਹਾਂ ਨੂੰ ਪਤਾ ਹੈ ਕਿ ਪੜੌਸੀ ਦਾ ਹੈ ਇਹ ਤਾਂ, ਗਲ ਪੈ ਜਾਊ ਸਾਡੇ। ਸੋ ਅਸੀਂ ਜੋ ਹਾਂ ਉਹ ਐਵੇਂ ਤੁਰੇ ਫਿਰਦੇ ਹਾਂ ਜਿਧਰ ਨੂੰ ਮੂੰਹ ਹੋ ਗਿਆ, ਉਧਰ ਨੂੰ ਤੁਰ ਗਏ। ਸਾਡੇ ਕੁਛ ਯਾਦ ਨਹੀਂ ਰਹਿੰਦਾ, ਕਿੱਡੀਆਂ ਸ਼ਹੀਦੀਆਂ ਨੇ, ਕਿੱਡੇ ਵੱਡੇ-ਵੱਡੇ ਕੰਮ ਹੋਏ ਨੇ। ਅਸੀਂ ਦੁਨੀਆਂ ਤੇ ਪ੍ਰਗਟ ਨਹੀਂ ਕਰ ਸਕੇ ਕਿਉਂਕਿ ਸਾਡੇ ਆਪਣੇ ਹੀ ਦਿਲਾਂ ਦੇ ਵਿਚ ਕੋਈ ਸ਼ਰਧਾ ਨਹੀਂ ਹੈ।

ਮੈਂ ਅਮਰੀਕਾ ਦੇ ਵਿਚ ਦੇਖਿਆ ਕਿ ਜਿਸ ਵਕਤ ਉਹ ਈਸਾ ਜੀ ਦੀ ਗੱਲ ਕਰਦਾ ਸੀ, ਨਿਊਯਾਰਕ ਤੋਂ ਆਉਂਦਾ ਹੁੰਦਾ ਸੀ ਪ੍ਰੋਗਰਾਮ, ਉਹਦੇ ਅੱਖਾਂ ਦੇ ਵਿਚੋਂ ਵੱਡੇ-ਵੱਡੇ ਹੰਝੂ ਗਿਰਦੇ ਹੁੰਦੇ, ਜਿਹੜੇ ਬਾਹਰ ਬੈਠੇ ਸੁਣਦੇ ਹੁੰਦੇ ਉਨ੍ਹਾਂ ਦੇ ਵੀ ਹੱਥਾਂ 'ਚ ਰੁਮਾਲ ਹੁੰਦੇ। ਚਾਰ ਹਜ਼ਾਰ ਦਾ sitting arrangement ਸੀ ਕੀਤਾ ਹੋਇਆ। ਰੁਮਾਲ ਅੱਖਾਂ ਤੇ ਹੀ ਰਹਿੰਦੇ ਸੀ, ਮੇਰੇ ਮਨ 'ਚ ਆਉਣਾ ਕਿ ਕਿੰਨਾ ਪਿਆਰ ਕਰਦੇ ਨੇ, ਹਾਲਾਂਕਿ ਦੋ ਹਜ਼ਾਰ ਸਾਲ ਹੋ ਗਏ ਉਨ੍ਹਾਂ ਨੂੰ ਤੇ ਸਾਡੇ ਹਾਲੇ ਕੱਲ੍ਹ ਦਾ ਇਤਿਹਾਸ ਹੈ

ਸਾਡੇ ਮਨ 'ਚ ਭੋਰਾ ਵੀ ਪਿਆਰ ਨਹੀਂ ਹੈ, ਨਾ ਉਨ੍ਹਾਂ ਦੇ ਬਚਨਾਂ ਨੂੰ ਅਸੀਂ ਮੰਨੀਏ, ਹੋਰ ਹੀ ਤਰ੍ਹਾਂ ਫਿਰਦੇ ਹਾਂ।

ਜੋ ਅੱਜ ਦਾ ਦਿਨ ਹੈ ਇਹਦੇ ਵਿਚ ਇਕ ਐਸੀ ਘਟਨਾ ਵਾਪਰੀ ਹੈ, ਐਸੀ ਸ਼ਹੀਦੀ ਹੋਈ ਹੈ ਜੋ ਸਾਰੇ ਸੰਸਾਰ 'ਚ ਨਹੀਂ ਹੋਈ। ਗੁਰੂ ਦਸ਼ਮੇਸ਼ ਪਿਤਾ ਦੇ ਕੋਲ ਝੂਠੀਆਂ ਸੌਂਹਾਂ ਖਾਧੀਆਂ ਗਈਆਂ ਆਨੰਦਪੁਰ ਸਾਹਿਬ। ਗਊ ਦੀ ਮੂਰਤੀ ਬਣਾ ਕੇ ਰੱਖੀ ਗਈ, ਕੁਰਾਨ ਸ਼ਰੀਫ ਰੱਖੇ ਗਏ ਤੇ ਸੌਂਹਾਂ ਖਾਧੀਆਂ ਗਈਆਂ ਇਨ੍ਹਾਂ ਨੂੰ ਜਾਮਨ ਲੈ ਕੇ ਕਿ ਤੁਸੀਂ ਕਿਲ੍ਹਾ ਛੱਡ ਦਿਓ। ਗੁਰੂ ਮਹਾਰਾਜ ਕਹਿੰਦੇ ਪਿਆਰਿਓ! ਹੈ ਤਾਂ ਧੋਖਾ ਸੋਲ੍ਹਾਂ ਆਨੇ। ਪਰ ਅਸੀਂ ਇਕ ਗੱਲ ਸਿਖਾਉਣੀ ਹੈ ਕਿ ਧਰਮ ਗ੍ਰੰਥ ਦੀ ਕਿੰਨੀ ਇਜ਼ਤ ਕਰਨੀ ਹੈ। ਕਿਉਂਕਿ ਐਸ ਵੇਲੇ ਕੁਰਾਨ ਸ਼ਰੀਫ ਆਇਆ ਹੈ ਜਿਹਨੂੰ ਅੱਧੀ ਦੁਨੀਆਂ ਮੰਨ ਰਹੀ ਹੈ ਸੰਸਾਰ ਦੇ ਅੰਦਰ, ਕਰੋੜਾਂ ਬੰਦੇ ਸਤਿਕਾਰ ਕਰਦੇ ਨੇ ਤੇ ਸਾਡਾ ਵੀ ਫਰਜ਼ ਬਣਦਾ ਹੈ ਕਿ ਏਸ ਰੂਹਾਨੀ ਪੁਸਤਕ ਦਾ ਅਸੀਂ ਸਤਿਕਾਰ ਕਰੀਏ, ਇਕ ਪਾਸੇ ਤਾਂ ਇਹ ਹੈ ਕਿ attitude ਹੈ ਦੂਜੇ ਪਾਸੇ ਇਹ ਹੈ ਕਿ ਗੁਰੂ ਦਸਵੇਂ ਪਾਤਸ਼ਾਹ ਨੇ ਇਕ ਸੌ ਦੋ ਲਿਖਾਰੀ ਲਾ ਕੇ, 52 ਕਵੀ 50 ਲਿਖਾਰੀ ਬੇਅੰਤ ਗ੍ਰੰਥਾਂ ਦਾ ਅਨੁਵਾਦ ਕਰਾਇਆ। ਉਹ ਜਿਸ ਵਕਤ ਲੈ ਕੇ ਤੁਰਦੇ ਨੇ, ਪਰਿਵਾਰ ਵਿਛੋੜੇ ਦੇ ਥਾਂ ਤੇ ਗ੍ਰੰਥ ਜਿਹੜੇ ਸੀ ਉਨ੍ਹਾਂ ਦੇ ਹੱਥਾਂ 'ਚ ਆ ਗਏ, ਅੱਗ ਦੇ ਵਿਚ ਜਾਲ ਦਿਤੇ, ਤੇ ਦੂਜੇ ਪਾਸੇ attitude ਕੀ ਹੈ ਕਿ ਗੁਰੂ ਮਹਾਰਾਜ ਕੋਲ ਕੁਰਾਨ ਸ਼ਰੀਫ ਜਾਂਦਾ ਹੈ, ਬੰਨ੍ਹਿਆ ਹੋਇਆ ਹੈ ਰੁਮਾਲਿਆਂ ਦੇ ਅੰਦਰ ਸਿਰ 'ਤੇ ਚੁਕਿਆ ਹੋਇਆ ਹੈ ਤੇ ਮਹਾਰਾਜ ਦੇ ਕੋਲ ਲੈ ਕੇ ਜਾ ਕੇ ਕਹਿੰਦੇ ਨੇ ਕਿ ਮਹਾਰਾਜ! ਔਰੰਗਜ਼ੇਬ ਨੇ ਕੁਰਾਨ ਸ਼ਰੀਫ ਦੀ ਜਾਮਨੀ ਦੇ ਕੇ ਆਹ ਤੁਹਾਡੇ ਕੋਲ ਸ਼ਾਹੀ ਫੁਰਮਾਨ ਭੇਜਿਆ ਹੈ, ਇਹਦੇ ਵਿਚ ਲਿਖਿਆ ਹੋਇਆ ਹੈ ਕਿ ਆਪ ਕਿਲ੍ਹਾ ਛੱਡ ਦਿਓ, ਜਿਥੇ ਜੀਅ ਕਰਦਾ ਹੈ ਜਾਓ, ਤੁਹਾਡਾ ਕੋਈ ਨੁਕਸਾਨ ਨਹੀਂ ਹੋਏਗਾ। ਆਪ ਦਰਵੇਸ਼ ਲੋਕ ਹੋ ਫਿਰ ਤੁਰ ਕੇ ਆਪਣਾ ਪ੍ਰਚਾਰ ਕਰੋ। ਇਹ ਹਥਿਆਰ ਨਾ ਚੁੱਕੋ ਹਕੂਮਤ ਦੇ ਖਿਲਾਫ। ਉਸ ਵੇਲੇ ਵਿਚਾਰ ਹੋਈ ਸਾਰਿਆਂ ਦੀ, ਮਹਾਰਾਜ ਕਹਿੰਦੇ ਕਿ ਦੇਖੋ ਹੈ ਤਾਂ ਧੋਖਾ, ਪਰ ਐਸ ਵੇਲੇ ਕੁਰਾਨ ਸ਼ਰੀਫ ਦੀ ਇਜ਼ਤ ਸਾਨੂੰ ਰੱਖਣੀ ਚਾਹੀਦੀ ਹੈ। ਸਤਿਕਾਰ ਰੱਖਣਾ ਚਾਹੀਦਾ ਹੈ ਜੇ ਅਸੀਂ ਨਾ ਰੱਖਿਆ ਤਾਂ ਫੇਰ ਸੰਸਾਰ ਦੇ ਅੰਦਰ ਕੌਣ ਹੈ ਜਿਹੜਾ ਧਰਮ ਪੁਸਤਕਾਂ ਦਾ ਸਤਿਕਾਰ ਕਰੇਗਾ। ਚਾਹੇ ਵੇਦ ਹੋਵੇ, ਚਾਹੇ ਬਾਈਬਲ ਹੋਵੇ, ਚਾਹੇ ਗੁਰੂ ਗ੍ਰੰਥ ਸਾਹਿਬ ਹੋਵੇ, ਚਾਹੇ ਕੁਰਾਨ ਸ਼ਰੀਫ ਹੈ। ਹੈ ਤਾਂ ਸਾਰੇ ਧਰਮ ਗ੍ਰੰਥ ਇਨ੍ਹਾਂ ਦਾ ਸਤਿਕਾਰ ਕਰਨਾ ਸਾਨੂੰ ਬਣਦਾ ਹੈ। ਇਹ ਨਹੀਂ ਕਿ ਬੇਗਾਨੀ ਕਿਤਾਬ ਮਾਰੋ ਵਗਾਹ ਕੇ। ਸੋ ਉਸ ਵੇਲੇ ਮਹਾਰਾਜ ਜੀ ਕਿਲ੍ਹਾ ਛੱਡਦੇ ਨੇ, ਇਨ੍ਹਾਂ ਨੇ ਸਾਰਿਆਂ ਨੇ ਵਾਅਦੇ ਤੋੜ ਕੇ ਹਮਲਾ ਕਰ ਦਿਤਾ, ਬੇਈਮਾਨ ਹੋ ਗਏ, ਕੋਈ ਕਦਰ ਨਹੀਂ ਇਨ੍ਹਾਂ ਨੂੰ, ਜਿਹੜੇ ਮੰਨਦੇ ਨੇ ਗਊ ਨੂੰ, ਨਾ ਗਊ ਵਾਲਿਆਂ ਨੂੰ ਕਦਰ ਰਹੀ ਤੇ ਨਾ ਕੁਰਾਨ ਸ਼ਰੀਫ ਵਾਲਿਆਂ ਨੂੰ। ਪਰਿਵਾਰ ਵਿਛੋੜੇ ਤੇ ਬੜੇ ਘਮਸਾਨ ਦਾ ਯੁੱਧ ਹੋਇਆ, ਸਰਸਾ ਚੜ੍ਹਿਆ ਹੋਇਆ ਸੀ, 40 ਕੁ ਬੰਦੇ ਗੁਰੂ ਸਾਹਿਬ ਸਮੇਤ ਇਕ ਪਾਸੇ ਨੂੰ ਪਾਰ ਹੋਏ, ਮਾਤਾਵਾਂ ਦੂਜੇ ਪਾਸੇ ਨੂੰ ਹੋਈਆਂ। ਛੋਟੇ ਸਾਹਿਬਜ਼ਾਦੇ ਦੂਰ ਜਾ ਕੇ ਕੰਢੇ ਤੇ ਲੱਗੇ। ਹਨ੍ਹੇਰਾ ਸੀ, ਪਰਿਵਾਰ ਵਿਛੜ ਗਿਆ, ਖੇਰੂੰ-ਖੇਰੂੰ ਹੋ ਗਿਆ। ਓਸ ਵੇਲੇ ਮਹਾਰਾਜ ਜੀ ਮਾਲਵੇ ਵਲ ਨੂੰ ਰੁਖ ਹੈ ਉਨ੍ਹਾਂ ਦਾ ਤੇ ਰੋਪੜ ਵਿਚੀਂ ਹੁੰਦੇ ਹੋਏ ਚਮਕੌਰ ਸਾਹਿਬ ਜਾ ਕੇ ਵੱਡਾ ਭਾਰਾ ਯੁੱਧ ਹੁੰਦਾ ਹੈ। ਘੇਰੇ ਜਾਂਦੇ ਨੇ, ਉਥੇ ਮਹਾਰਾਜ ਜੀ ਨਾਲ ਯੁੱਧ ਤੋਂ ਬਾਅਦ ਅੱਠ ਸਿੰਘ ਰਹਿ ਗਏ, ਕਹਿਣ ਲੱਗੇ ਮਹਾਰਾਜ ਅਸੀਂ ਬੇਨਤੀ ਕਰਦੇ ਹਾਂ, ਕ੍ਰਿਪਾ ਕਰਕੇ ਸਾਡੀ ਬੇਨਤੀ ਮੰਨੋ। ਤੁਸੀਂ ਸਾਡੇ ਵਰਗੇ ਕਰੋੜਾਂ ਸਿੰਘ ਸਜ਼ਾ ਸਕਦੇ ਹੋ, ਅਸੀਂ ਅਰਬਾਂ ਸਿੰਘ ਇਕੱਠੇ ਹੋ ਕੇ ਇਕ ਗੁਰੂ ਗੋਬਿੰਦ ਸਿੰਘ ਨਹੀਂ ਬਣਾ ਸਕਦੇ। ਇਸ ਕਰਕੇ ਸਾਡੀ ਬੇਨਤੀ ਹੈ, ਦੂਸਰਾ ਤੁਸੀਂ ਪੰਜਾਂ ਨੂੰ ਪ੍ਰਵਾਨ ਕਿਹਾ ਹੈ ਤੇ ਪੰਜਾਂ ਵਲੋਂ ਇਹ ਬੇਨਤੀ ਭਰਿਆ ਹੁਕਮ ਹੈ ਕਿ ਚਾਹੇ ਤਾਂ ਤੁਸੀਂ ਸ਼ਕਤੀ ਵਰਤ ਕੇ ਨਿਕਲ ਜਾਓ, ਚਾਹੇ ਵੈਸੇ ਨਿਕਲ ਜਾਓ। ਇਹ ਨਹੀਂ ਸੀ ਕਿ ਗੁਰੂ ਸਾਹਿਬ 'ਤੇ ਬੇਵਿਸ਼ਵਾਸ਼ੀ ਸੀ ਕਿ ਸ਼ਕਤੀ ਨਹੀਂ ਹੈ, ਪੂਰਨ ਸ਼ਕਤੀਆਂ ਦੇ ਮਾਲਕ ਸੀ।

ਕਈ ਪ੍ਰੇਮੀਆਂ ਦੇ ਮਨਾਂ 'ਚ ਆ ਜਾਂਦਾ ਹੈ ਕਿ ਗੁਰੂ ਸਾਹਿਬ ਕਿਸੇ ਹੋਰ ਤਰੀਕੇ ਨਾਲ ਵੀ ਨਿਕਲ ਸਕਦੇ ਸੀ? ਗੁਰੂ ਸਾਹਿਬ ਦੀ ਤਾਂ ਗੱਲ ਛੱਡ ਦਿਓ ਤੁਸੀਂ, ਜਦ ਅਸੀਂ ਗੁਰੂ ਮਹਾਰਾਜ ਦੇ ਸਿੱਖਾਂ ਦਾ ਹਾਲ ਦੇਖਦੇ ਹਾਂ ਓਸ ਵੇਲੇ ਗੱਲ ਸਮਝ 'ਚ ਆ ਜਾਂਦੀ ਹੈ।

ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਪਾਸ ਇਕ ਬੀਬੀ ਆਈ ਉਹ ਕਹਿਣ ਲੱਗੀ ਮਹਾਰਾਜ ਸਾਡੇ ਪਿੰਡ ਦੇ ਸਾਰੇ ਬੰਦੇ ਆਪ ਨਾਲ ਵਿਰੋਧ ਕਰਕੇ ਮਾਰੇ ਗਏ। ਮੇਰਾ ਪੁਤਰ ਆਪ ਦੀ ਬਖਸ਼ਿਸ਼ ਨਾਲ ਬਚਿਆ ਸੀ ਤੇ ਹੁਣ ਮੇਰੇ ਪੁੱਤਰ ਦਾ ਪਤਾ ਨਹੀਂ ਕਲਕੱਤੇ ਗਿਆ ਸੀ ਓਸ ਤੋਂ ਬਾਅਦ ਵਾਪਸ ਨਹੀਂ ਆਇਆ, ਕੁਛ ਪਤਾ ਨਹੀਂ ਲਗਿਆ, ਕ੍ਰਿਪਾ ਕਰੋ, ਮੇਰਾ ਪੁੱਤਰ ਆ ਜਾਏ। ਬਾਬਾ ਜੀ ਕਹਿੰਦੇ ਪਰਸੋਂ ਜਾਂ ਚੌਥੇ ਨੂੰ ਇਥੇ ਪਹੁੰਚ ਜਾਏਗਾ। ਜਿਸ ਵਕਤ ਉਹ ਆ ਗਿਆ ਤਾਂ ਉਹ ਪਠਾਣੀ ਆਪਣੇ ਬੱਚੇ ਨੂੰ ਨਾਲ ਲੈ ਕੇ ਹੋਤੀ ਮਰਦਾਨ ਜਾਂਦੀ ਹੈ ਤੇ ਜਾ ਕੇ ਨਮਸ਼ਕਾਰ ਕਰੀ, ਜਦ ਓਸ ਬੱਚੇ ਨੇ ਬਾਬਾ ਜੀ ਦੇ ਦਰਸ਼ਨ ਕਰੇ, ਕਹਿੰਦਾ ਇਹੀ ਸੀਗੇ ਮਹਾਂਪੁਰਸ਼! ਇਨ੍ਹਾਂ ਨੇ ਮੈਨੂੰ ਟੋਲ੍ਹਿਆ ਤੇ ਸਟੇਸ਼ਨ ਤਕ ਲਿਆ ਕੇ, ਗੱਡੀ ਚੜ੍ਹਾਇਆ ਮੈਨੂੰ ਇਨ੍ਹਾਂ ਨੇ। ਮਾਂ ਇਹੀ ਸੀ, ਇਹ ਕਿਵੇਂ ਆ ਗਏ, ਮੈਨੂੰ ਗੱਡੀ ਚੜ੍ਹਾ ਦਿਤਾ, ਪਿਛਲੀ ਗੱਡੀ ਤਾਂ ਲੇਟ ਆਉਣੀ ਚਾਹੀਦੀ ਹੈ, ਇਹ ਤਾਂ ਮੇਰੇ ਤੋਂ ਪਹਿਲਾਂ ਆਏ ਬੈਠੇ ਨੇ। ਸਾਰੀਆਂ ਸੰਗਤਾਂ ਹੈਰਾਨ ਨੇ ਕਿ ਬਾਬਾ ਜੀ ਤਾਂ ਇਥੇ ਹੀ ਰਹੇ ਨੇ,

ਫੇਰ ਉਥੇ ਕੌਣ ਗਿਆ।

ਇਸੇ ਤਰ੍ਹਾਂ ਦੇ ਨਾਲ ਇਕ ਸਾਖੀ ਆਉਂਦੀ ਹੈ, ਬਾਬਾ ਜਵਾਲਾ ਸਿੰਘ ਜੀ ਦੇ ਜੀਵਨ 'ਚ। ਇਥੇ ਗਏ ਹੋਏ ਨੇ, ਕੋਠਾ ਪਿੰਡ ਹੈ ਦੁਆਬੇ 'ਚ। ਅਖੰਡਪਾਠ ਹੋ ਰਿਹਾ ਹੈ। ਇਧਰ ਰਾਮਗੜ੍ਹ ਹੈ, ਰਾਮਗੜ੍ਹ ਦੇ ਵਿਚ ਇਕ ਉਨ੍ਹਾਂ ਦੇ ਬੜੇ ਪ੍ਰੇਮੀ ਭਾਈ ਕਰਤਾਰ ਸਿੰਘ ਜੀ ਸੀਗੇ, ਉਨ੍ਹਾਂ ਨੇ ਬਾਬਾ ਜੀ ਤੋਂ ਕਿਸੇ ਖੁਸ਼ੀ ਦੇ ਸਮੇਂ ਇਹ ਬਚਨ ਲੈ ਲਿਆ ਕਿ ਮੇਰਾ ਅੰਤ ਸਮਾਂ ਹੋਵੇ ਤੇ ਤੁਸੀਂ ਮੇਰੇ ਸਾਮ੍ਹਣੇ ਹੋਵੋਂ। ਤੇ ਤੁਹਾਡੀ ਗੋਦੀ ਦੇ ਵਿਚ ਮੇਰੇ ਪ੍ਰਾਣ ਨਿਕਲਣ, ਬਾਬਾ ਜੀ ਨੇ ਹਾਂ ਕਹਿ ਦਿਤੀ, ਲੇਕਿਨ ਅੱਜ ਆਪ ਕੋਠੇ ਪਿੰਡ ਅਖੰਡਪਾਠ ਹੋ ਰਿਹਾ ਹੈ, ਉਸ ਵੇਲੇ ਆਪ ਨੇ ਅੰਤਰ ਧਿਆਨ ਹੋ ਕੇ ਦੇਖ ਲਿਆ ਕਿ ਉਹਦੇ ਤਾਂ ਸਵਾਸ ਹੀ ਗਿਣਵੇਂ ਰਹਿ ਗਏ। ਨਾਲ ਇਕ ਟਹਿਲ ਸਿੰਘ ਨਾਮ ਦਾ ਪ੍ਰੇਮੀ ਸੀ, ਗੜਵਾ ਫੜਾ ਦਿਤਾ ਤੇ ਤੁਰੇ ਜਾਂਦੇ ਅੱਗੇ ਚਲ੍ਹਾ ਆ ਗਿਆ। ਬਾਂਹ ਫੜ ਕੇ ਕਹਿਣ ਲੱਗੇ ਮਾਰ ਛਾਲ। ਛਾਲ ਮਾਰੀ, ਉਹ ਭਮੱਤਰ ਗਿਆ ਕਿ ਕਿਥੇ ਆ ਗਏ? ਕੀ ਦੇਖਦੇ ਨੇ, ਕੋਠੇ ਪਿੰਡ ਤੋਂ ਚਾਲੀ ਮੀਲ ਦੇ ਉਤੇ ਰਾਮਗੜ੍ਹ ਸੀ ਉਥੇ ਪਹੁੰਚ ਜਾਂਦੇ ਨੇ, ਸਿੱਧੇ ਹੀ ਕਰਤਾਰ ਸਿੰਘ ਉਨ੍ਹਾਂ ਦੇ ਘਰ ਜਾ ਕੇ ਉਸੇ ਵੇਲੇ ਬਾਬਾ ਜੀ ਉਹਦੇ ਪਲੰਘ ਤੇ ਬੈਠ ਕੇ ਸੀਸ ਚੁਕਿਆ, ਆਪਣੀ ਗੋਦੀ 'ਚ ਲੈ ਲਿਆ। ਕਹਿਣ ਲੱਗੇ ਬੋਲ ਵਾਹਿਗੁਰੂ-ਬੋਲ ਵਾਹਿਗੁਰੂ, ਦੱਸ ਵਾਰੀ ਕਹਾਇਆ। ਕਲਿਆਣ ਕਰ ਦਿਤੀ, ਆਪਣਾ ਬਚਨ ਪੂਰਾ ਕਰਕੇ। ਸਸਕਾਰ ਕਰਨ ਤੋਂ ਬਾਅਦ ਕਹਿੰਦੇ ਚੰਗਾ ਤੁਸੀਂ ਚਲੋ ਭਾਈ, ਕੀਰਤਨ ਸੋਹਿਲਾ ਅਸੀਂ ਪੜ੍ਹਦੇ ਹਾਂ, ਜਾ ਕੇ ਇਸ਼ਨਾਨ ਕਰੋ ਤੇ ਪ੍ਰਸ਼ਾਦ ਬਣਾ ਕੇ, ਅਲ੍ਹਾਣੀਆਂ ਦਾ ਪਾਠ ਕਰੋ, ਸਾਡਾ ਖਿਆਲ ਨਾ ਕਰਿਓ। ਕੀਰਤਨ ਸੋਹਿਲਾ ਆਪ ਨੇ ਪੜ੍ਹਿਆ, ਤੇ ਦੇਖ ਕੇ ਥੋੜ੍ਹੀ ਦੇਰ ਤੋਂ ਬਾਅਦ ਕਹਿੰਦੇ ਕਿ ਆ ਬਈ ਚੱਲੀਏ, ਬਾਂਹ ਫੜੀ ਉਸੇ ਖੂਹ ਤੇ ਜਿਥੇ ਚਲ੍ਹਾ ਸੀ ਉਹਦੇ ਉਰਲੇ ਪਾਸੇ ਆ ਗਏ। 40 ਕੋਹ ਉਹ ਤੇ 40 ਕੋਹ ਉਹ, ਹੈਰਾਨ ਹੋਇਆ ਪੁੱਛੇ ਨਾ। ਦੂਸਰਾ ਦਿਨ ਜਦ ਹੋ ਗਿਆ, ਪਾਰਸਭਾਗ ਦੀ ਕਥਾ ਕਰਦਾ ਹੈ, ਉਹਦੇ ਵਿਚ ਇਕ ਬਚਨ ਆ ਗਿਆ ਕਿ ਜੇ ਮਹਾਤਮਾ ਨੇ ਕਿਤੇ ਬਚਨ ਕੀਤਾ ਹੋਵੇ, ਉਹ ਆਪਣੀ ਸ਼ਕਤੀ ਵਰਤ ਕੇ ਵੀ ਜਾ ਸਕਦੇ ਨੇ। ਵਰਤ ਲਿਆ ਕਰਦੇ ਨੇ, ਉਸ ਵੇਲੇ ਵਿਧਾਨ ਨਹੀਂ ਕਿ ਸ਼ਕਤੀਆਂ ਨਾ ਵਰਤਣ। ਬਾਬਾ ਜੀ ਨੇ ਉਸ ਪੁਸਤਕ ਦੇ ਉਤੇ ਹੱਥ ਰੱਖ ਦਿਤਾ ਕਹਿੰਦੇ ਪਿਆਰਿਆ! ਤੂੰ ਕੱਲ੍ਹ ਦਾ ਹੈਰਾਨ ਹੋਈ ਜਾਂਦਾ ਹੈਂ ਆਹੀ ਗੱਲ ਸੀ। ਅਸੀਂ ਬਚਨ ਦਿਤਾ ਹੋਇਆ ਸੀ ਇਸ ਕਰਕੇ ਸਾਨੂੰ ਜਾਣਾ ਪਿਆ।

ਨਾਮਧਾਰੀ ਸੰਪਰਦਾ 'ਚ ਮਹਾਤਮਾ, ਮੈਂ ਕਈ ਵਾਰੀ ਦੱਸਿਆ ਹੈ ਕਿ ਬੀਬੀ ਜੀ ਦੇ ਪਿਤਾ ਦੇ ਉਹ ਬੜੇ ਨੇੜੇ ਦੇ ਮਿੱਤਰ ਸੀ। ਉਹ ਲੋਹਗੜ੍ਹ ਦੇ ਰਹਿਣ ਵਾਲੇ ਸੀ, ਨਾਰੰਗਵਾਲ, ਰਾਏਪੁਰ ਦੇ ਵਿਚਾਲੇ, ਉਹ ਇਕੱਲੇ ਹੀ ਅਖੰਡਪਾਠ ਕਰਿਆ ਕਰਦੇ ਸੀ, ਆਪਣੀ ਜ਼ਿੰਦਗੀ 'ਚ 1000 ਅਖੰਡਪਾਠ ਉਨ੍ਹਾਂ ਨੇ ਇਕੋ ਚੌਂਕੜੀ 'ਚ ਕੀਤਾ। ਬਹਿ ਜਾਣਾ, ਪੂਰੇ 48 ਘੰਟੇ ਬਾਅਦ ਉਠਣਾ। ਫੇਰ ਕਹਿ ਦਿਤਾ ਜੇ ਕਿਸੇ ਨੇ ਕਿ ਬਾਬਾ ਸਾਡੇ ਪਾਠ ਕਰ ਦੇ। ਬੜੇ ਹੀ ਮਿਲਣਸਾਰ ਸੀਗੇ ਤੇ ਜਿਸ ਵਕਤ ਬਾਪੂ ਜੀ ਬਿਮਾਰ ਸੀ ਲਾਹੌਰ, ਇਨ੍ਹਾਂ ਨੂੰ ਕਹਿਣ ਲੱਗੇ ਕਿ ਤੁਹਾਡਾ ਸਾਡਾ ਹਿਸਾਬ ਕਿਤਾਬ ਖਤਮ ਹੋ ਗਿਆ, ਕਿੰਨੀ ਤਰੀਕ ਹੈ? ਕਹਿੰਦੇ 31 ਹੈ, ਕਹਿੰਦੇ ਸਾਡਾ ਤੁਹਾਡੇ ਨਾਲ ਹਿਸਾਬ-ਕਿਤਾਬ ਖਤਮ ਹੋ ਗਿਆ, ਕੱਲ੍ਹ ਨੂੰ ਪਹਿਲੀ ਤਰੀਕ ਹੈ। ਕਹਿੰਦੇ ਬਾਬਾ ਲੋਹਗੜ੍ਹੀਆ ਨਹੀਂ ਆਇਆ? ਕਹਿੰਦੇ ਨਾ ਜੀ। ਇਹ ਹਸਪਤਾਲ ਤੋਂ ਵਿਦਾ ਹੋ ਕੇ ਥੱਲੇ ਆ ਗਏ। ਕੀ ਦੇਖਦੇ ਨੇ ਬਾਬਾ ਜੀ ਆ ਗਏ। ਕਹਿੰਦੇ ਤੁਹਾਨੂੰ ਪਿਤਾ ਜੀ ਯਾਦ ਕਰਦੇ ਨੇ। ਉਥੇ ਚਲੇ ਗਏ, ਜਦੋਂ ਜਾ ਕੇ ਉਸ ਥਾਂ ਦੇ ਉਤੇ ਬਾਪੂ ਜੀ ਕਹਿਣ ਲੱਗੇ ਕਿ ਕੀ ਗੱਲ ਤੁਸੀਂ ਬੜੀ ਦੇਰ ਲਾ ਦਿਤੀ? ਕਿੱਥੇ ਸੀਗੇ ਤੁਸੀਂ? ਕਹਿਣ ਲੱਗੇ, ਭਾਈ ਸਾਹਿਬ! ਅਸੀਂ ਤਾਂ ਐਸ ਵੇਲੇ ਲਾਲਾ ਮੂਸੇ ਤੋਂ ਆਏ ਹਾਂ। ਰਾਵਲਪਿੰਡੀ ਕੋਲ ਹੈ ਜੋ; ਐਧਰ ਯਾਦ ਕਰਦੇ ਨੇ, ਐਧਰ ਲਾਲਾ ਮੂਸੇ ਤੋਂ ਆਪ ਆ ਜਾਂਦੇ ਨੇ।

ਇਸੇ ਤਰ੍ਹਾਂ ਦੇ ਨਾਲ ਇਕ ਹੋਰ ਉਨ੍ਹਾਂ ਦੇ ਮਹਾਤਮਾ ਹੋਏ ਨੇ, ਸੰਤ ਮੋਹਨ ਜੀ ਕਹਿੰਦੇ ਹੁੰਦੇ, ਮਸਤਾਨਾ ਕਹਿੰਦੇ ਸੀ। ਮਹਾਂਪੁਰਸ਼ ਬਾਹਰ ਗਏ ਹੋਏ ਨੇ, ਗੁਰਦਾਸਪੁਰ ਤੇ ਉਥੋਂ ਜਿਸ ਵਕਤ ਵਾਪਸ ਆ ਰਹੇ ਨੇ ਤਾਂ ਉਸ ਨੇ ਇਹ ਗੱਲ ਕਹੀ ਕਿ ਬਾਬਾ ਜੀ! ਮੈਨੂੰ ਵੀ ਨਾਲ ਲੈ ਚੱਲੋ। ਕਹਿੰਦੇ ਜਗ੍ਹਾ ਨਹੀ ਹੈ ਭਾਈ, ਬਾਬਾ ਪ੍ਰਤਾਪ ਸਿੰਘ ਜੀ, ਇਹ ਮਹਾਂਪੁਰਸ਼ਾਂ ਤੋਂ ਪਹਿਲੇ ਹੋਏ ਨੇ। ਉਹ ਆਪਣੀ ਕਾਰ ਸਟਾਰਟ ਕਰਕੇ ਆ ਗਏ, ਜਦ ਭੈਣੀ ਸਾਹਿਬ ਆਪ ਪਹੁੰਚਦੇ ਨੇ, ਕੀ ਦੇਖਦੇ ਨੇ ਦੀਵਾਨ ਲੱਗਿਆ ਹੋਇਆ ਹੈ, ਕੀਰਤਨ ਕਰ ਰਿਹਾ ਹੈ, ਬੜੀ ਸੰਗਤ ਬੈਠੀ ਹੈ। ਉਨ੍ਹਾਂ ਨੇ ਪੁੱਛਿਆ ਕਿ ਇਹ ਕਦੋਂ ਦਾ ਆਇਆ ਹੋਇਆ ਹੈ? ਕਹਿੰਦੇ ਜੀ ਇਹਨੂੰ ਤਾਂ ਤਿੰਨ ਘੰਟੇ ਹੋ ਗਏ ਜੀ ਕੀਰਤਨ ਕਰਦੇ ਨੂੰ। ਉਸ ਤੋਂ ਬਾਅਦ ਮਹਾਂਪੁਰਸ਼ਾਂ ਨੇ ਬੁਲਾ ਲਿਆ ਕਿ ਕੀਰਤਨ ਤੋਂ ਬਾਅਦ ਸਾਡੇ ਕੋਲ ਭੇਜਿਓ। ਜਦੋਂ ਭੇਜਿਆ, ਸੋਟਾ ਲੈ ਕੇ ਕੁੱਟਣ ਲਗ ਗਏ, ਕਹਿਣ ਲੱਗੇ ਸਾਨੂੰ ਹੀ ਸ਼ਕਤੀਆਂ ਦਿਖਾਨਦਾ ਹੈ?

ਸੋ ਇਤਿਹਾਸ ਵਿਚ ਇਕ ਨਹੀਂ ਬੇਅੰਤ ਨੇ ਇਹ ਚੀਜ਼ਾਂ, ਮੈਨੂੰ ਬਹੁਤ ਮਹਾਤਮਾ ਦਾ ਪਤਾ ਹੈ ਜਿਹੜੇ ਸਪੇਸ ਨੂੰ ਪਾਰ ਕਰ ਜਾਂਦੇ ਸੀ, ਕਿਤੇ ਦੀ ਕਿਤੇ ਚਲੇ ਜਾਂਦੇ ਸੀ। ਸੋ ਗੁਰੂ ਮਹਾਰਾਜ ਨੂੰ ਇਹ ਗੱਲ ਕਹਿ ਦੇਣੀ ਕਿ ਚਾਹੇ ਆਪਣੀ ਸ਼ਕਤੀ ਨਾਲ ਚਲੇ ਜਾਓ, ਚਾਹੇ ਜਿਵੇਂ ਤੁਹਾਡਾ ਜੀਅ ਕਰਦਾ ਹੈ, ਅਸੀਂ ਕਹਿੰਦੇ ਹਾਂ ਕਿ ਪਾਰ ਨਿਕਲੋ। ਕਿਉਂਕਿ ਗੁਰੂ ਮਹਾਰਾਜ ਨੇ ਸ਼ਕਤੀ ਨਹੀਂ ਦਿਖਾਲੀ। ਜੇ

ਉਹ ਦਿਖਾਲ ਦਿੰਦੇ ਸਾਡੇ ਤੇ ਅਸਰ ਇਹ ਹੋਣਾ ਸੀ ਕਿ ਉਹ ਤਾਂ ਸ਼ਕਤੀਆਂ ਵਾਲੇ ਸੀ, ਅਸੀਂ ਕਰ ਸਕਦੇ ਹਾਂ ਉਨ੍ਹਾਂ ਦੀ ਰੀਸ? ਉਨ੍ਹਾਂ ਨੇ ਇਕ ਮਨੁਖ ਵਾਂਗੂੰ ਕੌਤਕ ਕਰਕੇ ਉਹਦਾ ਨਾਉਂ ਬਚਿੱਤਰ ਨਾਟਕ ਲਿਖਿਆ ਹੈ। ਨਾਟਕ ਹੈਗਾ, ਸਾਰੀਆਂ ਸ਼ਕਤੀਆਂ ਦਾ ਮਾਲਕ ਹੁੰਦਾ ਹੋਇਆ, ਫੇਰ ਬਚਿੱਤਰ ਕਿਰਿਆ ਕਰ ਰਿਹਾ ਹੈ।

ਸੋ ਆਪ ਮਾਛੀਵਾੜੇ ਚਲੇ ਜਾਂਦੇ ਨੇ, ਇਧਰ ਸਾਹਿਬਜ਼ਾਦੇ ਛੋਟੇ ਜਿਹੜੇ ਨੇ, ਖੇੜੀ ਆ ਜਾਂਦੇ ਨੇ, ਬੇਈਮਾਨ ਹੋ ਜਾਂਦਾ ਹੈ ਗੰਗੂ ਜੋ ਰਸੋਈਆ ਸੀ, ਤੇ ਇਹਨੇ ਫੜਾ ਦਿਤਾ। ਨਵਾਬ ਸਰਹੰਦ ਦੇ ਪੇਸ਼ ਹੋ ਜਾਂਦੇ ਨੇ, 25 (ਪੱਚੀ) ਤਰੀਕ ਨੂੰ ਉਥੇ ਪਹੁੰਚਦੇ ਨੇ। ਦੂਸਰੇ ਦਿਨ ਪੇਸ਼ੀਆਂ ਹੁੰਦੀਆਂ ਨੇ। ਨਵਾਬ ਦਾ ਜਿਹੜਾ attitude ਹੈ ਉਹ ਕੁਛ ਹੋਰ ਹੈ ਤੇ ਜਿਸ ਵਕਤ ਦਰਬਾਰ ਦੇ ਵਿਚ ਆਉਂਦੇ ਨੇ, ਉਸ ਵੇਲੇ ਰਿਵਾਜ ਇਹ ਸੀ ਕਿ ਝੁਕ ਕੇ ਸੱਤ ਵਾਰੀ ਸਲਾਮ ਕਰਨੀ ਪੈਂਦੀ ਸੀ, ਤੇ ਸੱਤ ਸਲਾਮਾਂ ਕਰਦੇ ਹੁੰਦੇ। ਕੋਰਟ ਦਾ ਰੂਲ ਸੀ ਕਿ ਜਿਹਨੇ ਕੋਰਟ 'ਚ ਆਉਣਾ ਹੈ ਉਹਨੇ ਸੱਤ ਸਲਾਮਾਂ ਕਰਨੀਆਂ ਹੀ ਕਰਨੀਆਂ ਨੇ। ਇਹ ਜਿਸ ਵਕਤ ਜਾਂਦੇ ਨੇ, ਬੱਚੇ ਨੇ ਇਕ ਸੱਤ ਤੇ ਇਕ ਨੌਂ ਸਾਲ ਦੇ ਨੇ। ਉਥੇ ਜਾ ਕੇ ਉਨ੍ਹਾਂ ਨੇ ਫਤਹਿ ਬੁਲਾ ਦਿਤੀ ਦੋਹਾਂ ਨੇ। ਉਸ ਵੇਲੇ ਜਿਹੜਾ ਵਜ਼ੀਰ ਸੀ ਸੁੱਚਾ ਨੰਦ, ਜਿਹਨੂੰ ਝੂਠਾ ਨੰਦ ਸਿਖ ਇਤਿਹਾਸ 'ਚ ਕਹਿੰਦੇ ਨੇ, ਉਹ ਕਹਿਣ ਲਗਿਆ ਓ ਬੱਚਿਓ! ਤੁਸੀਂ ਮੁਗਲ ਕਚਹਿਰੀ ਦੇ ਵਿਚ ਆਏ ਓਂ ਇਥੇ ਦਾ ਜੋ ਕਾਨੂੰਨ ਹੈ ਉਹ ਹੈ ਕਿ ਸੱਤ ਸਲਾਮਾਂ ਕਰੋ, ਸੀਸ ਝੁਕਾਓ। ਇਕ ਦੂਜੇ ਵਲ ਦੇਖ ਕੇ ਸਾਹਿਬਜ਼ਾਦਿਆਂ ਨੇ ਆਪਸ ਵਿਚ ਗੱਲ ਕਰੀ ਕਿ ਇਹ ਕੀ ਕਹਿੰਦੇ ਨੇ? ਕਹਿੰਦੇ ਇਹ ਸੀਸ ਝੁਕਾਉਣ ਨੂੰ ਕਹਿੰਦੇ ਨੇ। ਕਹਿੰਦੇ ਆਪਾਂ ਤਾਂ ਸੀਸ ਗੁਰੂ ਨੂੰ ਦੇ ਚੁੱਕੇ ਹਾਂ, ਜਿਹੜਾ ਗੁਰੂ ਨੂੰ ਦੇ ਚੁੱਕੇ ਹਾਂ ਸੀਸ ਇਨ੍ਹਾਂ ਪਾਮਰਾਂ ਦੇ ਅੱਗੇ ਤਾਂ ਝੁਕਣਾ ਨਹੀਂ ਚਾਹੀਦਾ। ਗੁਰੂ ਗ੍ਰੰਥ ਸਾਹਿਬ ਨੇ ਦੱਸਿਆ ਹੋਇਆ ਹੈ ਕਿ ਕੀਹਦੇ ਅੱਗੇ ਸੀਸ ਝੁਕਾਇਆ ਜਾਂਦਾ ਹੈ। ਕਹਿੰਦੇ ਗੁਰੂ ਅੱਗੇ ਤੇ ਰੱਬ ਦੇ ਪਿਆਰਿਆਂ ਅੱਗੇ, ਦੋ ਦੇ ਅੱਗੇ ਸੀਸ ਨਿਵਦਾ ਹੈ, ਹੋਰ ਨਹੀਂ ਕਿਸੇ ਦੇ ਅੱਗੇ ਨਹੀਂ ਨਿਵਦਾ। ਦੁਨੀਆਂਦਾਰ ਅੱਗੇ ਨਹੀਂ ਸੀਸ ਨਿਵਦਾ। ਕਿਉਂਕਿ ਦੁਨੀਆਂ ਦੀ ਗਰਜ਼ ਨਹੀਂ ਹੈ ਸਿੱਖ ਨੂੰ, ਸਿੱਖ ਦਾ ਵਿਸ਼ਵਾਸ਼ ਹੈ ਵਾਹਿਗੁਰੂ ਦੇ ਉਤੇ। ਰੱਬ ਦੇ ਪਿਆਰਿਆਂ ਦੀ ਧੂੜ ਮੰਗਦਾ ਹੈ –

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥* *ਅੰਗ – ੩੦੬*

ਭਾਈ ਗੁਰਦਾਸ ਜੀ ਲਿਖਦੇ ਨੇ ਕਿ ਸਾਡੇ ਸੀਸ ਤੇ ਪੈਰ ਧਰ ਕੇ ਗੁਰਸਿਖ ਆਉਣ। ਅਸੀਂ ਉਨ੍ਹਾਂ ਦਾ ਆਦਰ ਕਰਦੇ ਹਾਂ। ਸੋ ਸੀਸ ਨਿਵਦਾ ਹੈ, ਗੁਰੂ ਅੱਗੇ ਜਾਂ ਰੱਬ ਦੇ ਪਿਆਰਿਆਂ ਅੱਗੇ ਹੋਰ ਕਿਤੇ ਨਿਵਦਾ ਨਹੀਂ। ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ – ਸੀਸ ਅਰਪਤੇ ਗੁਰਾਂ ਨੂੰ ਆਪਣੇ,*
*ਪਾਪੀਆਂ ਨੂੰ ਨਹੀਓਂ ਨਿਵਣੇ।*

*ਕਰਤਾ ਪੁਰਖ ਅਕਾਲ ਕ੍ਰਿਪਾਲੂ।*
*ਸਭਿ ਤੇ ਬਡੋ ਕਾਲ ਕੋ ਕਾਲੂ।*
*ਤਿਸ ਆਗੇ ਹਮ ਅਰਪੇ ਸੀਸ।*
*ਸਕਲ ਕਲਾ ਸਮਰਥ ਜਗਦੀਸ਼।*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ – ੫੯੫੧*

ਆਪਸ ਵਿਚ ਸਲਾਹ ਕਰੀ ਕਿ –

*ਇਹ ਨਰ ਪਾਮਰ ਪਾਪ ਕਮਾਵੈਂ।*
*ਕਿਮ ਇਨ ਆਗੇ ਸੀਸ ਨਿਵਾਵੈਂ।*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ – ੫੯੫੧*

ਕਹਿਣ ਲੱਗੇ ਇਹ ਸੀਸ ਨਹੀਂ ਨਿਵਣੇ, ਕਿਉਂਕਿ ਅਸੀਂ ਅਕਾਲ ਪੁਰਖ ਦੇ ਅਰਪਣ ਕਰ ਚੁੱਕੇ ਹਾਂ, ਆਪਣਾ ਸੀਸ। ਸਾਡਾ ਤਾਂ ਸੀਸ ਹੀ ਨਹੀਂ ਹੈ। ਐਨਾ ਜਦ ਬਚਨ ਸੁਣਿਆ, ਬੜਾ ਕੜਕ ਕੇ ਬੋਲਿਆ ਜਿਹੜਾ ਝੂਠਾ ਨੰਦ ਸੀ, ਕਹਿਣ ਲੱਗਿਆ ਓ ਬੱਚਿਓ! ਐਡਾ ਤੁਹਾਡੇ 'ਚ ਅਭਿਮਾਨ। ਤੁਸੀਂ ਸੀਸ ਨਹੀਂ ਝੁਕਾਉਂਦੇ? ਕਹਿੰਦੇ ਸੀਸ ਤਾਂ ਸਾਡਾ ਆਪਣਾ ਹੈ ਨਹੀਂ, ਇਹ ਤਾਂ ਅਸੀਂ ਅਰਪ ਚੁੱਕੇ ਹਾਂ ਅਕਾਲ ਪੁਰਖ ਨੂੰ। ਸਾਡਾ ਹੋਵੇ ਅਸੀਂ ਨਿਵਾਈਏ, ਫੇਰ ਤੁਸੀਂ ਪਾਪ ਕਰਦੇ ਓਂ, ਗਲਤ ਗੱਲਾਂ ਕਰਦੇ ਓਂ। ਬੇਅਨਿਆਈਂ ਕਰਦੇ ਓਂ, ਬੇਇਨਸਾਫੀ ਕਰਦੇ ਓਂ। ਵਿਸ਼ੇ-ਵਿਕਾਰਾਂ 'ਚ ਪਏ ਓਂ, ਇਹ ਪਵਿੱਤਰ ਸੀਸ ਜਿਹੜੇ ਅਕਾਲ ਪੁਰਖ ਨੂੰ ਅਰਪੇ ਹੋਏ ਨੇ, ਤੁਹਾਡੇ ਸਾਮ੍ਹਣੇ ਨਿਵਾਈਏ। ਉਸ ਵੇਲੇ ਕਹਿਣ ਲੱਗਿਆ ਕਿ–

*ਇਹ ਨਾਗਨ ਕੇ ਬੱਚੇ ਛੋਟੇ।*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ – ੫੯੫੧*

ਇਨ੍ਹਾਂ ਨੂੰ ਬੱਚੇ ਨਾ ਜਾਣੋ, ਸੱਤ ਸਾਲ ਦੇ ਤੇ ਨੌਂ ਸਾਲ ਦੇ, ਇਹ ਤਾਂ ਨਾਗਾਂ ਦੇ ਬੱਚੇ ਨੇ।

*ਨਖ ਸ਼ਿਖ ਜ਼ਹਿਰ ਭਰੇ ਅਤਿ ਖੋਟੇ।*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ – ੫੯੫੧*

ਇਹ ਤਾਂ ਨਹੁੰ ਤੋਂ ਲੈ ਕੇ ਸਿਰ ਦੀ ਚੋਟੀ ਤਕ ਜ਼ਹਿਰ ਨਾਲ ਭਰੇ ਪਏ ਨੇ ਤੇ ਹੱਦ ਤੋਂ ਜ਼ਿਆਦਾ ਖੋਟੇ ਨੇ।

*ਨਹਿਂ ਨਬਾਬ ਕੋ ਕਰਹਿਂ ਸਲਾਮੂ।*
*ਡਰਪਤਿ ਨਹੀਂ ਬਿਲੋਕਿ ਤਮਾਮੂ।*
*ਇਨ ਕੇ ਉਰ ਹੰਕਾਰ ਬਡੇਰੇ।*
*ਕਿਮ ਇਹ ਝੁਕਹਿਂ ਨਬਾਬ ਅਗੇਰੇ।*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ – ੫੯੫੧*

ਕਹਿੰਦੇ ਇਹ ਤਾਂ ਹੰਕਾਰ ਨਾਲ ਭਰੇ ਹੋਏ ਨੇ, ਇਹ ਨਹੀਂ ਝੁਕਣਗੇ। ਨਵਾਬ ਕਹਿਣ ਲੱਗਿਆ, ਬੱਚੇ ਨੇ, ਇਨ੍ਹਾਂ ਨੂੰ ਪਤਾ ਨਹੀਂ ਹੈ। ਨਵਾਬ ਕਹਿਣ ਲੱਗਿਆ, ਤੁਹਾਨੂੰ ਬੱਚਿਓ,

ਡਰ ਨਹੀਂ ਲਗਦਾ, ਤੁਸੀਂ ਐਸ ਵੇਲੇ ਕਚਹਿਰੀ 'ਚ ਇਕੱਲੇ ਓਂ? ਤੁਹਾਡਾ ਜਿਹੜਾ ਪਿਤਾ ਸੀ ਉਹ ਜੰਗ 'ਚ ਮਾਰਿਆ ਜਾ ਚੁਕਿਆ ਹੈ ਤੇ ਉਸ ਦਾ ਸੀਸ ਦਿੱਲੀ ਭੇਜਿਆ ਹੋਇਆ ਹੈ। ਕੋਈ ਵੀ ਨਹੀਂ ਬਚਿਆ, ਤੁਹਾਡੀਆਂ ਮਾਤਾਵਾਂ ਵੀ ਨਹੀਂ ਬਚੀਆਂ। ਸਾਰੇ ਸਾਡੇ ਕਾਬੂ 'ਚ ਆ ਗਏ, ਹੁਣ ਤੁਹਾਨੂੰ ਡਰ ਨਹੀ ਲਗਦਾ? ਉਹ ਕਹਿੰਦੇ ਡਰ? ਡਰ ਨਹੀ ਸਾਨੂੰ ਕਿਸੇ ਦਾ। ਸਾਡੇ ਗੁਰੂ ਸਾਹਿਬ ਨੇ ਡਰਨਾ ਤੇ ਡਰਾਉਣਾ ਇਹ ਮਾੜੀਆਂ ਗੱਲਾਂ ਜਾਣਦੇ ਨੇ, ਨਾ ਕਿਸੇ ਤੋਂ ਡਰੋ ਤੇ ਨਾ ਕਿਸੇ ਨੂੰ ਡਰਾਓ। ਐਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ-

*ਧਾਰਨਾ - ਡਰ ਅਸੀਂ ਨਾ ਕਿਸੇ ਦਾ ਮੰਨਿਆ,*
*ਨਹੀਓਂ ਡਰ ਦੇਣਾ ਕਿਸੇ ਨੂੰ।*

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥*
*ਕਹੁ ਨਾਨਕ ਸੁਨਿ ਰੇ ਮਨਾ*
*ਗਿਆਨੀ ਤਾਹਿ ਬਖਾਨਿ॥* *ਅੰਗ - ੧੪੨੭*

ਕਹਿਣ ਲੱਗੇ ਨਵਾਬ ਸਾਹਿਬ! ਨਾ ਕਿਸੇ ਤੋਂ ਡਰੀਏ ਨਾ ਕਿਸੇ ਨੂੰ ਡਰਾਈਏ। ਕਿਉਂਕਿ ਸਾਡੇ ਗੁਰੂ ਨੇ ਦੱਸਿਆ ਹੈ ਕਿ ਇਕੋ ਆਤਮਾ ਪਰੀਪੂਰਨ ਹੈ, ਵਾਹਿਗੁਰੂ ਤੋਂ ਬਗੈਰ ਹੋਰ ਇਥੇ ਕੋਈ ਨਹੀਂ ਹੈ। ਕੀਹਨੂੰ ਡਰਾਉਣਾ ਹੈ ਤੇ ਕਿਸ ਤੋਂ ਅਸੀਂ ਡਰਨਾ ਹੈ। ਕਿਉਂਕਿ ਅਸੀਂ ਨਿਰਭਉ ਦਾ ਨਾਮ ਜਪਿਆ ਹੈ। ਜੋ ਨਿਰਭਉ ਦਾ ਨਾਮ ਜਪਦਾ ਹੈ -

*ਪਤਿਤ ਉਧਾਰਨ ਭੈ ਹਰਨ*
*ਹਰਿ ਅਨਾਥ ਕੇ ਨਾਥ ॥*
*ਕਹੁ ਨਾਨਕ ਤਿਹ ਜਾਨੀਐ*
*ਸਦਾ ਬਸਤੁ ਤੁਮ ਸਾਥਿ ॥* *ਅੰਗ - ੧੪੨੬*

ਸਾਡੇ ਨਾਲ ਅਕਾਲ ਪੁਰਖ ਹੈ ਜਿਹਨੂੰ ਨਿਰਭਉ ਕਹਿੰਦੇ ਨੇ, ਨਿਰਭਉ ਨਿਰਵੈਰ, ਨਾ ਸਾਡਾ ਕਿਸੇ ਨਾਲ ਵੈਰ ਹੈ।

*ਨਿਰਭਉ ਭਏ ਸਗਲ ਭੈ ਖੋਏ*
*ਗੋਬਿਦ ਚਰਣ ਓਟਾਈ ॥*
*ਨਾਨਕੁ ਜਸੁ ਗਾਵੈ ਠਾਕੁਰ ਕਾ*
*ਰੈਣਿ ਦਿਨਸੁ ਲਿਵ ਲਾਈ ॥* *ਅੰਗ - ੧੦੦੦*
*ਨਿਰਭਉ ਜਪੈ ਸਗਲ ਭਉ ਮਿਟੈ ॥*
*ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ ॥* *ਅੰਗ - ੨੯੩*

ਡਰੀਏ ਤਾਂ, ਤਾਂ ਜੇ ਵਾਹਿਗੁਰੂ ਦੂਰ ਹੋਵੇ, ਅੰਗ ਸੰਗ ਪ੍ਰਮੇਸ਼ਰ ਹੈ। ਸਾਰੇ ਪ੍ਰਭੂ ਦੀ ਜੋਤ ਨੇ, ਅਸੀਂ ਕਿਸੇ ਨੂੰ ਡਰਾਉਣਾ ਨਹੀਂ, ਕਿਸੇ ਤੋਂ ਅਸੀਂ ਡਰਨਾ ਨਹੀਂ। ਜਦੋਂ ਐਨੇ ਬਚਨ ਕਹੇ ਓਸ ਵੇਲੇ ਸਾਰੇ ਚੁੱਪ ਕਰ ਗਏ, ਬੱਚੇ ਖੜ੍ਹੇ ਨੇ। ਕਹਿੰਦੇ ਦੂਜੇ ਦਿਨ ਫੇਰ ਲਿਆਓ, ਛੱਡ ਦਿਓ, ਪਰ ਇਨ੍ਹਾਂ ਨੂੰ ਖਾਣ-ਪੀਣ ਨੂੰ ਕੁਛ ਨਹੀਂ ਦੇਣਾ। ਨਾ ਕਪੜਾ ਦਿਓ, ਪਾਲੇ ਮਰਦੇ ਆਪੇ ਹੀ ਠੀਕ ਹੋ ਜਾਣਗੇ। ਬਹੁਤ ਸਰਦੀ ਪੈ ਰਹੀ ਹੈ, ਦੂਸਰੇ ਦਿਨ ਝੂਠੇ ਨੰਦ ਨੇ ਇਹ ਵਿਉਂਤ ਬਣਾਈ ਕਿ ਵੱਡਾ ਦਰਵਾਜ਼ਾ ਬੰਦ ਰੱਖੋ, ਖਿੜਕੀ ਵਿਚੋਂ ਇਨ੍ਹਾਂ ਨੂੰ ਅੰਦਰ ਲਿਆਓ। ਇਨ੍ਹਾਂ ਨੂੰ ਪਹਿਲਾਂ ਕਹੋ ਕਿ ਸੀਸ ਐਉਂ ਕੱਢੋ ਨੀਵੇਂ ਹੋ ਕੇ, ਫੇਰ ਦੇਖਦੇ ਹਾਂ ਕਿ ਸੀਸ ਨਿਵਾਉਂਦੇ ਹਾਂ ਕਿ ਨਹੀਂ। ਉਹ ਜਿਸ ਵਕਤ ਆਉਂਦੇ ਨੇ ਤਾਂ ਨਾਲ ਕਹਿੰਦੇ ਨੇ ਦੇਖੋ ਐਉਂ ਲੰਘਣਾ ਹੈ। ਪਹਿਲਾਂ ਸਿਰ ਲੰਘਾਉਣਾ ਹੈ ਖਿੜਕੀ ਵਿਚੋਂ, ਪੈਰ ਪਹਿਲਾਂ ਨਹੀਂ ਲੰਘਾਉਣੇ, ਬੇਅਦਬੀ ਹੋ ਜਾਂਦੀ ਹੈ। ਜਿਸ ਵਕਤ ਉਥੇ ਆਏ ਦੋਵੇਂ ਭਰਾ ਖੜ੍ਹੇ ਹੋ ਗਏ, ਇਕ ਦੂਜੇ ਵਲ ਦੋਵੇਂ ਦੇਖਦੇ ਨੇ। ਕਹਿੰਦੇ ਕਿਵੇਂ ਲੰਘੀਏ? ਕਹਿੰਦੇ ਵੀਰ ਜੀ, ਆਪਾਂ ਸੀਸ ਨਹੀਂ ਨਿਵਾਉਣਾ, ਪਹਿਲਾਂ ਆਪਾਂ ਪੈਰ ਲੰਘਾਉਣੇ ਨੇ। ਸੋ ਉਸੇ ਵੇਲੇ ਪੈਰ ਪਹਿਲਾਂ ਲੰਘਾਏ ਸੀਸ ਪਿਛੋਂ ਲੰਘਾਇਆ। ਸਾਰੇ ਹੈਰਾਨ ਹੋ ਗਏ ਕਿ ਬੱਚੇ ਐਨੇ ਖਬਰਦਾਰ ਨੇ, ਜਿਹੜਾ ਬਚਨ ਕਿਹਾ ਹੈ ਇਹ ਤਾਂ ਅਕਾਲ ਪੁਰਖ ਨੂੰ ਅਰਪਣ ਕੀਤਾ ਹੋਇਆ ਹੈ, ਸਚਮੁੱਚ ਹੀ ਇਨ੍ਹਾਂ ਨੇ ਅਕਾਲ ਨੂੰ ਸੀਸ ਦਿਤਾ ਹੋਇਆ ਹੈ ਤੇ ਕਈਆਂ ਦੇ ਮਨਾਂ 'ਚ ਆ ਗਿਆ ਕਿ ਸਾਡੇ ਬੱਚੇ ਵੀ ਐਹੋ ਜਿਹੇ ਨੇ ਨਵਾਬ ਦੇ ਮਨ ਵਿਚ ਵੀ ਆ ਗਿਆ। ਨਵਾਬ ਕਹਿਣ ਲੱਗਿਆ ਕਿ ਇਨ੍ਹਾਂ ਬੱਚਿਆਂ ਨੂੰ ਛੱਡ ਦੇਈਏ, ਇਨ੍ਹਾਂ ਤੋਂ ਕੀ ਲੈਣਾ ਹੈ, ਵੈਰ ਇਨ੍ਹਾਂ ਦੇ ਪਿਤਾ ਨਾਲ ਹੈ। ਲੇਕਿਨ ਉਹ ਜਿਹੜਾ ਸੁੱਚਾ ਨੰਦ ਸੀ ਕਹਿਣ ਲੱਗਿਆ, ਨਵਾਬ ਸਾਹਿਬ ਗਲਤੀ ਨਾ ਕਰਿਓ, ਇਹ ਚੰਗਿਆੜਿਆਂ ਤੋਂ ਭਾਂਬੜ ਬਣ ਜਾਣੇ ਨੇ। ਇਹ ਸਪੋਲੀਏ ਜਿਹੜੇ ਨੇ ਵੱਡੇ-ਵੱਡੇ ਖੜੱਪੇ ਨਾਗ ਬਣ ਜਾਣੇ ਨੇ। ਓਸ ਵੇਲੇ ਕਾਬੂ ਕਰਨੇ ਬਹੁਤ ਔਖੇ ਹੋਣੇ ਨੇ। ਆਓ ਮੈ ਤੁਹਾਨੂੰ ਸਵਾਲ ਕਰਕੇ ਪੁੱਛ ਦਿੰਦਾ ਹਾਂ। ਕਹਿਣ ਲੱਗੇ, ਬੱਚਿਓ ਤੁਹਾਨੂੰ ਜੇ ਛੱਡ ਦੇਈਏ, ਚਲੋ ਤੁਸੀਂ ਸੀਸ ਤਾਂ ਨਹੀਂ ਨਿਵਾਉਣਾ, ਅਸੀਂ ਤੁਹਾਨੂੰ ਛੱਡ ਦਿੰਦੇ ਹਾਂ, ਤੇ ਤੁਸੀਂ ਫੇਰ ਕੀ ਕਰੋਂਗੇ? ਕਹਿੰਦੇ, ਅਸੀਂ ਜੋ ਸੰਸਾਰ ਦੇ ਵਿਚ ਅਨਿਆਂ ਹੋ ਰਿਹਾ ਹੈ, ਧੱਕਾ ਧੋੜਾ ਹੋ ਰਿਹਾ ਹੈ, ਬੇਇਨਸਾਫੀਆਂ ਹੋ ਰਹੀਆਂ ਨੇ, ਦੁਸ਼ਟਤਾਈ ਹੋ ਰਹੀ ਹੈ, ਅਸੀਂ ਉਸ ਦੇ ਖਿਲਾਫ ਹੀ ਰਹਿਣਾ ਹੈ। ਉਹ ਦੂਰ ਕਰਨੀ ਹੈ ਅਸੀਂ ਚਾਹੇ ਸਾਡਾ ਸੀਸ ਲੱਗ ਜਾਏ, ਕੁਛ ਹੋ ਜਾਏ, ਅਸੀਂ ਇਹ ਜਿਹੜੀਆਂ ਬੇਇਨਸਾਫੀਆਂ ਨੇ ਇਹ ਨਹੀਂ ਰਹਿਣ ਦੇਣੀਆਂ। ਜਦ ਤਕ ਜਨਤਾ ਦੇ ਵਿਚ ਪੂਰਨ ਸ਼ਾਂਤੀ ਨਹੀਂ ਆ ਜਾਂਦੀ, ਜਦ ਤਕ ਆਪਣੇ ਅਧਿਕਾਰਾਂ ਨੂੰ ਮੰਨਣ ਨਹੀਂ ਲਗ ਜਾਂਦੇ ਓਸ ਵੇਲੇ ਤਕ ਅਸੀਂ ਨਹੀਂ ਟਿਕਣਾ, ਚਾਹੇ ਰਾਜਾ ਮੁਗਲ ਹੋਵੇ, ਚਾਹੇ ਕੋਈ ਰਾਜਾ ਹੋਰ ਹੋਵੇ, ਅਸੀਂ ਬੇਇਨਸਾਫੀ ਦੇ ਵਿਰੁੱਧ ਯੁੱਧ ਕਰਨਾ ਹੈ, ਸਾਡੀ ਕਿਸੇ ਨਾਲ ਕੋਈ ਦੁਸ਼ਮਣੀ ਨਹੀਂ।

ਬਚਨ ਸੁਣੇ, ਓਸ ਤੋਂ ਬਾਅਦ ਨਵਾਬ ਨੇ ਕਿਹਾ ਕਿ ਇਹ ਬੱਚੇ ਇਸਲਾਮ ਦੇ ਵਿਚ ਲਿਆਉਣ ਵਾਲੇ ਨੇ। ਕਹਿਣ ਲੱਗੇ, ਬੱਚਿਓ! ਤੁਹਾਡਾ ਪਿਤਾ ਤਾਂ ਮਾਰ ਦਿਤਾ ਗਿਆ ਹੈ। ਹੁਣ ਤੁਹਾਡਾ ਕੋਈ ਨਹੀਂ ਹੈ, ਹੁਣ ਤੁਸੀਂ ਕਿਸਦੀ ਮਦਦ

ਲਵੋਂਗੇ, ਜਿਹੜਾ ਇਹ ਕੰਮ ਕਰ ਦੇਵੇ? ਕਹਿੰਦੇ ਅਸੀਂ ਸਿੱਖੀ ਪ੍ਰਫੁਲਤ ਕਰਾਂਗੇ, ਫੇਰ ਅਸੀਂ ਉਹ ਬੰਦੇ ਪੈਦਾ ਕਰਾਂਗੇ, ਜਿਹੜੇ ਬੇਇਨਸਾਫੀ ਦਾ ਡਟ ਕੇ ਮੁਕਾਬਲਾ ਕਰਨ। ਆਪਣੀ ਜਾਨ ਪਿਆਰੀ ਨਾ ਕਰਨ, ਜਾਨ ਤੋਂ ਵੱਧ ਅਸੂਲ ਨੂੰ ਮੰਨਣ। ਉਸ ਵੇਲੇ ਨਵਾਬ ਨੇ ਕਿਹਾ ਕਿ ਤੁਸੀਂ ਐਉਂ ਕਰੋ ਕਿ ਇਹ ਜੋ ਤੁਹਾਡਾ ਧਰਮ ਹੈ ਇਹਨੂੰ ਦਿਓ ਛੱਡ ਤੇ ਤੁਸੀ ਦੀਨ-ਏ-ਇਸਲਾਮ ਕਬੂਲ ਕਰ ਲਓ –

*ਧਾਰਨਾ – ਅੱਲਾਹ ਭਜ ਲਓ ਵਾਹਿਗੁਰੂ ਛੱਡ ਕੇ,*
*ਬਖਸ਼ਾਂ ਜਾਨ ਪੜ੍ਹ ਲਓ ਕਲਮਾਂ।*

ਕਹਿਣ ਲੱਗੇ, ਦੇਖੋ ਦੀਨ-ਏ-ਇਸਲਾਮ ਵਿਚ ਵੀ ਅੱਲਾਹ-ਅੱਲਾਹ ਕਰਦੇ ਨੇ, ਤੁਸੀਂ ਵਾਹਿਗੁਰੂ-ਵਾਹਿਗੁਰੂ ਕਰਦੇ ਓਂ।

*ਦੀਨ ਬਿਖੈ ਆਵਹੁ ਤੁਮ ਅਬੈ।*
*ਤੁਰਕ ਸ਼ਰ੍ਹਾ ਕੋ ਮਾਨਹੁ ਸਬੈ।*
*ਪੁਨ ਤੁਮ ਕੋ ਦੇਂ ਬਹੁ ਬਡਿਆਈ।*
*ਗਜ ਬਾਜੀ ਅਰੁ ਧਨ ਸਮੁਦਾਈ।*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ – ੫੯੫੧*

ਤੁਹਾਨੂੰ ਧਨ ਵੀ ਦੇਵਾਂਗੇ, ਘੋੜੇ ਵੀ ਦੇਵਾਂਗੇ, ਹਾਥੀ ਵੀ ਦੇਵਾਂਗੇ, ਰਹਿਣ ਵਾਸਤੇ ਤੁਹਾਨੂੰ ਵੱਡਾ ਮਹਿਲ ਦੇਵਾਂਗੇ।

*ਹਜ਼ਰਤ ਨਿਕਟ ਆਪਨੇ ਰਾਖੈ।*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ – ੫੯੫੧*

ਇਹ ਨਵਾਬ ਸਾਹਿਬ ਤੁਹਾਨੂੰ ਆਪਣੇ ਖਾਸ ਮਹੱਲ ਦੇ ਵਿਚ ਰੱਖਣਗੇ।

*ਪਾਲਨ ਪੋਸਨ ਕੋ ਅਭਿਲਾਖੈ।*

ਇਹ ਚਾਹੁੰਦੇ ਨੇ ਕਿ ਤੁਹਾਨੂੰ ਪਾਲ ਪੋਸ ਕੇ ਵੱਡਾ ਜਵਾਨ ਕੀਤਾ ਜਾਵੇ।

*ਦੇਹਿ ਗ੍ਰਾਮ ਕੁਛ ਬਡੋ ਬਨਾਵਹਿ।*
*ਕੇਤਿਕ ਚਮੂੰ ਸੰਗ ਤੁਮ ਲਾਵਹਿ।*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ – ੫੯੫੧*

ਤੁਹਾਨੂੰ ਪਿੰਡ ਵੀ ਦੇ ਦੇਵਾਂਗੇ ਕੁਛ।

ਕੁਛ ਫੌਜ ਵੀ ਤੁਹਾਨੂੰ ਰੱਖਣ ਦੀ ਆਗਿਆ ਦੇ ਦੇਵਾਂਗੇ। ਪਰ ਐਨਾ ਕੰਮ ਕਰ ਲਓ ਕਿ ਕਲਮਾ ਪੜ੍ਹ ਲਓ। ਤਾਂ ਉਸ ਵੇਲੇ ਇਕ ਦੂਜੇ ਵਲ ਦੇਖਿਆ ਤੇ ਹੱਸ ਪਏ। ਕਹਿਣ ਲੱਗੇ ਕਿ ਕਿੱਡਾ ਭੁਲੇਖਾ ਪਿਆ ਹੋਇਆ ਹੈ, ਸੰਸਾਰ ਨੂੰ –

*ਧਾਰਨਾ – ਅੱਲਾਹ ਵਾਹਿਗੁਰੂ ਹਰੀ ਦਾ ਨਾਮ ਇਕ ਹੈ,*
*ਭਰਮਾਂ ਵਿਚ ਪੈ ਗਈ ਦੁਨੀਆਂ।*
*ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥*
*ਕੋਈ ਸੇਵੈ ਗੁਸਈਆ ਕੋਈ ਅਲਾਹਿ ॥* *ਅੰਗ – ੮੮੫*

ਕਹਿਣ ਲੱਗੇ ਨਵਾਬ ਸਾਹਿਬ! ਇਹ ਕਿਹੜੀ ਗੱਲ ਕਹਿੰਦੇ ਓਂ, ਅੱਲਾਹ ਵੀ ਓਹੀ ਹੈ, ਵਾਹਿਗੁਰੂ ਵੀ ਓਹੀ ਹੈ ਇਹਦੇ ਵਿਚ ਤਾਂ ਕੋਈ ਫਰਕ ਨਹੀਂ ਹੈ, ਜੋ ਨਾਮ ਜਪਿਆ ਜਾਂਦਾ ਹੈ ਇਹ ਤੁਹਾਨੂੰ ਅਸੀਂ ਦਸਦੇ ਹਾਂ ਕਿ ਪਹਿਲਾਂ ਰਸਨਾ ਦੇ ਨਾਲ ਅਸੀਂ ਵਾਹਿਗੁਰੂ-ਵਾਹਿਗੁਰੂ ਅਸੀਂ ਕਰਦੇ ਹਾਂ। ਰਸਨਾ ਤੋਂ ਨਾਮ ਅੰਦਰ ਜਾਂਦਾ ਹੈ। ਚਾਰ ਬਾਣੀਆਂ ਦੇ ਨਾਲ ਜਪਿਆ ਜਾਂਦਾ ਹੈ, ਪਹਿਲਾਂ ਬੈਖਰੀ ਬਾਣੀ ਹੈ, ਦੱਸ ਗੁਣਾਂ ਫਲ ਵਧ ਜਾਂਦਾ ਹੈ, ਜਦ ਅਸੀਂ ਮਧਮਾ ਬਾਣੀ 'ਚ ਜਾਂਦੇ ਹਾਂ। ਸੌ ਗੁਣਾਂ ਫਲ ਵਧ ਜਾਂਦਾ ਹੈ ਜਦ ਅਸੀਂ ਪਸੰਤੀ ਬਾਣੀ 'ਚ ਜਾਂਦੇ ਹਾਂ। ਹਜ਼ਾਰ ਗੁਣਾਂ ਫਲ ਵਧ ਜਾਂਦਾ ਹੈ, ਜਦੋਂ ਅਸੀਂ ਪਰਾ ਬਾਣੀ 'ਚ ਜਾਂਦੇ ਹਾਂ। ਅਨਹਦ ਦੀ ਮਦਦ ਦੇ ਨਾਲ ਆਗਿਆ ਚੱਕਰ 'ਚ ਜਪਦੇ ਹਾਂ। ਤ੍ਰਿਕੁਟੀ 'ਚ ਜਪਦੇ ਹਾਂ। ਇਹ ਨਾਮ ਦਾ ਜੋ flow ਹੈ ਐਨਰਜੀ, ਇਹ ਜਦੋਂ ਸਰੀਰ ਦੇ ਵਿਚ ਸਾਰੇ ਦੇ ਵਿਚ vibration ਕਰਨ ਲਗ ਜਾਂਦੀ ਹੈ ਓਸ ਵੇਲੇ ਸਾਰਾ ਹੀ ਜੋ ਨਾਮ ਹੈ ਹਰ ਰੋਮ ਦੇ ਵਿਚ ਸਮਾ ਜਾਂਦਾ ਹੈ।

*ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥*
*ਨਾਨਕ ਗੁਰਮੁਖਿ ਸਾਚਿ ਸਮਾਵੈ ॥* *ਅੰਗ – ੯੪੧*

ਕਹਿਣ ਲੱਗੇ ਕਿ ਇਹ ਨਾਮ ਤਾਂ ਸਾਡੇ ਅੰਦਰ ਐਨਾ ਗਹਿਰਾ ਚਲਿਆ ਗਿਆ ਕਿ ਹੁਣ ਸਾਡੇ ਵਸ ਵਿਚ ਨਹੀਂ ਕਿ ਅਸੀਂ ਜਪੀਏ ਨਾ ਜਪੀਏ, ਇਹ ਆਪੇ ਹੀ –

*ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥*
*ਅੰਗ – ੧੨੯੧*
*ਬਿਨੁ ਜਿਹਵਾ ਜੋ ਜਪੈ ਹਿਆਇ ॥*
*ਕੋਈ ਜਾਣੈ ਕੈਸਾ ਨਾਉ ॥* *ਅੰਗ – ੧੨੫੬*

ਇਹ ਹੁਣ ਨਹੀਂ ਛੱਡਿਆ ਜਾਂਦਾ ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ –

*ਧਾਰਨਾ – ਵਸਿਆ ਵਾਹਿਗੁਰੂ ਰੋਮ ਰੋਮ ਦੇਹੀ ਦੇ,*
*ਇਹ ਕਿਵੇਂ ਜਾਵੇ ਛੱਡਿਆ।*
*ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥*
*ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥ ੧ ॥*
*ਪ੍ਰਭੁ ਪਾਇਆ ਸੁਖਦਾਈਆ ਮਿਲਿਆ ਸੁਖ ਭਾਇ ॥*
*ਸਹਜਿ ਸਮਾਨਾ ਭੀਤਰੇ ਛੋਡਿਆ ਨਹ ਜਾਇ ॥ ੧ ॥*
*ਜਰਾ ਮਰਾ ਨਹ ਵਿਆਪਈ ਫਿਰਿ ਦੂਖੁ ਨ ਪਾਇਆ॥*
*ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ ॥*
*ਸੋ ਜਾਨੈ ਜਿਨਿ ਚਾਖਿਆ ਹਰਿ ਨਾਮੁ ਅਮੋਲਾ ॥*
*ਕੀਮਤਿ ਕਹੀ ਨ ਜਾਈਐ ਕਿਆ ਕਹਿ ਮੁਖਿ ਬੋਲਾ*
*ਸਫਲ ਦਰਸੁ ਤੇਰਾ ਪਾਰਬ੍ਰਹਮ ਗੁਣ ਨਿਧਿ ਤੇਰੀ ਬਾਣੀ ॥*
*ਪਾਵਉ ਧੂਰਿ ਤੇਰੇ ਦਾਸ ਕੀ ਨਾਨਕ ਕੁਰਬਾਣੀ ॥*

*ਅੰਗ – ੮੦੯*

*ਕਾਇਆ ਕਾਪਰੁ ਚੀਰ ਬਹੁ ਫਾਰੇ*
*ਹਰਿ ਰੰਗੁ ਨ ਲਹੈ ਸਭਾਗਾ ॥* *ਅੰਗ – ੯੮੫*

ਇਕ ਵਾਰੀ ਪਿਆਰ ਲਗ ਗਿਆ, ਇਕ ਵਾਰੀ ਵਾਹਿਗੁਰੂ ਹਿਰਦੇ 'ਚ ਵਸ ਗਿਆ, ਪਿਆਰਿਓ ਫੇਰ ਹੋਰ ਮੰਤਰ ਕੋਈ ਜਪਿਆ ਹੀ ਨਹੀਂ ਜਾਂਦਾ। ਕਿਉਂਕਿ ਆਪੇ ਧੁਨੀ ਨਿਕਲਦੀ ਹੈ, ਜਿਵੇਂ ਉਬਲ ਨਿਕਲਦੀ ਹੈ ਨਾ, ਉਹਨੂੰ ਕਿਵੇਂ ਬੰਦ ਕਰ ਦੇਵੇ। ਅੱਲਾਹ-ਅੱਲਾਹ ਕਰ ਲਓ, ਰਾਮ-ਰਾਮ ਕਰ ਲਓ, ਠੀਕ ਹੈ ਵਾਹਿਗੁਰੂ ਦੇ ਨਾਮ ਨੇ ਕੋਈ ਵਿਖਸ਼ੇਪਤਾ ਨਹੀਂ ਹੈ ਇਹਦੇ ਵਿਚ। ਪਰ ਜਿਸ ਨਾਮ ਨੂੰ ਜਪ ਕੇ ਸਾਧਨਾ ਕੀਤੀ ਹੈ ਉਹ ਤਾਂ ਦੇਹੀ ਦੇ ਰੋਮ-ਰੋਮ ਵਿਚ ਰਚ ਗਿਆ। ਇਥੇ ਹੀ ਨਹੀਂ ਹੈ, ਅੱਖਾਂ ਦੇ ਨਾਲ ਨਾਮ ਜਪਦਾ ਹੈ, ਕੰਨਾਂ ਨਾਲ ਨਾਮ ਜਪਦਾ ਹੈ। ਕਈ ਪ੍ਰੇਮੀ ਹੈਰਾਨ ਹੁੰਦੇ ਨੇ ਕਿ ਅੱਖਾਂ ਨਾਲ ਵੀ ਨਾਮ ਜਪਿਆ ਜਾਂਦਾ ਹੈ? ਅੱਖਾਂ ਦੇ ਨਾਲ ਜਦੋਂ ਨਾਮ ਦੀ ਬਿਰਤੀ ਚੜ੍ਹ ਜਾਂਦੀ ਹੈ ਉਸ ਵੇਲੇ ਇਹ ਅੱਖ ਤਾਂ ਜਿਹੜੀ ਹੈ ਇਹ ਤਾਂ materialistic ਅੱਖ ਹੈ, ਅੱਖ ਹੋਰ ਖੁਲ੍ਹ ਜਾਂਦੀ ਹੈ। ਜਿਹਨੂੰ ਦਿਬਯ ਨੇਤਰ ਕਹਿੰਦੇ ਨੇ, ਉਹ ਦਿਬਯ ਨੇਤਰ ਖੁਲ੍ਹਦੇ ਸਾਰ ਹਰ ਥਾਂ ਦੇ ਉਤੇ ਪ੍ਰਮੇਸ਼ਰ ਨਜ਼ਰ ਆਉਣ ਲਗ ਜਾਂਦਾ ਹੈ।

*ਗੁਰਹਿ ਦਿਖਾਇਓ ਲੋਇਨਾ ॥ ੧ ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥* ਅੰਗ - ੪੦੭

ਨਾਮ ਦੇ ਵਿਚੋਂ ਨਿਕਲਦੇ ਹੀ, ਨਾਮ ਦਾ ਇਹ ਅਨੁਭਵ ਹੋਇਆ ਕਰਦਾ ਹੈ। ਬਾਕੀ ਹੈ ਮੰਤਰ ਦਾ ਜਾਪ ਇਹ ਸਾਰੇ ਸਰੀਰ ਦੇ ਰੋਮ-ਰੋਮ 'ਚ ਰਚ ਜਾਂਦਾ ਹੈ। ਫੇਰ ਚਾਹੇ ਕੋਈ ਆਵਾਜ਼ ਆਉਂਦੀ ਹੈ -

*ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਨਿ ॥*
ਅੰਗ - ੧੪੨੦

ਹਰਹਟ ਘੂੰ-ਘੂੰ ਕਰਦਾ ਹੈ, ਮਹਾਰਾਜ ਕਹਿੰਦੇ ਘੂੰ-ਘੂੰ ਨਹੀਂ ਤੂੰ-ਤੂੰ ਕਰਦਾ ਹੈ। ਘੂੰ-ਘੂੰ ਉਨ੍ਹਾਂ ਨੂੰ ਸੁਣਦਾ ਹੈ ਜਿਨ੍ਹਾਂ ਦੇ ਅੰਦਰਲੇ ਕੰਨ ਨਹੀਂ ਸੀ ਖੁਲ੍ਹੇ, ਦਿਬ ਕੰਨ੍ਹ ਨਹੀਂ ਸੀ ਖੁਲ੍ਹੇ। ਜਿਹਦੇ ਦਿਬਯ ਕੰਨ ਖੁਲ੍ਹ ਗਏ ਉਹਨੂੰ ਤੂੰ ਤੋਂ ਬਗੈਰ ਨਜ਼ਰ ਨਹੀਂ ਆਉਂਦਾ।

*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ*
*ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥* ਅੰਗ - ੧੨੬੫

ਜਿੰਨੀਆ ਆਵਾਜ਼ਾਂ ਸੁਣਦਾ ਹੈ ਸਾਰੀਆਂ ਪ੍ਰਮੇਸ਼ਰ ਦੀਆਂ ਸੁਣਦਾ ਹੈ -

*ਧਾਰਨਾ - ਨਾਮ ਹਰੀ ਦਾ ਜਪਦੇ ਸਾਰੇ ਵਣਾਂ ਦੇ ਪੰਖੇਰੂ।*

ਇਹ ਜੋ ਆਪ ਦੀ ਗੱਲ ਹੈ ਕਿ ਅੱਲਾਹ ਦਾ ਨਾਮ ਲੈ ਲਓ, ਨਮਾਜ਼ ਪੜ੍ਹ ਲਓ, ਸ਼ਰ੍ਹਾ, ਕਲਮਾ ਪੜ੍ਹ ਲਓ ਇਹ ਤਾਂ ਅਸੀਂ ਪੜ੍ਹਿਆ ਹੋਇਆ ਹੈ। ਇਹ ਅਰਬੀ ਬੋਲੀ 'ਚ ਹੈ, ਅਸੀਂ ਅੱਲਾਹ ਨੂੰ ਵੱਖਰਾ ਨਹੀਂ ਜਾਣਦੇ, ਰਾਮ ਨੂੰ ਹੋਰ ਨਹੀਂ ਜਾਣਦੇ। ਇਹ ਸਭ -

*ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ ॥* ਅੰਗ - ੧੧੬੮

ਸਤਿਕਾਰ ਕਰਦੇ ਹਾਂ ਸਾਰੇ ਨਾਮਾਂ ਦਾ, ਪਰ ਜੋ ਨਾਮ ਸਾਡੇ ਹਿਰਦੇ 'ਚ ਵਸ ਗਿਆ, ਰੋਮ-ਰੋਮ 'ਚ ਵਸ ਗਿਆ, ਕੰਨਾਂ ਨੂੰ ਓਹੀ ਨਾਮ ਸੁਣਦਾ ਹੈ, ਇਹ ਕਿਵੇਂ ਨਿਕਲ ਜਾਏਗਾ। ਜੀਭ ਨਾਲ ਜਪਦੇ ਹੋਈਏ ਤਾਂ ਅੱਲਾਹ ਕਹਿ ਸਕਦੇ ਹਾਂ, ਹੁਣ ਤਾਂ ਲੰਘ ਗਿਆ ਦੂਰ। ਇਹ ਨਹੀਂ ਹੋ ਸਕਦਾ। ਸੋ ਏਸ ਤਰ੍ਹਾਂ ਦੇ ਨਾਲ ਕਹਿਣ ਲੱਗੇ ਕਿ ਫੇਰ ਤਾਂ ਤੁਹਾਨੂੰ ਮੌਤ ਕਬੂਲਣੀ ਪੈਣੀ ਹੈ। ਕਹਿਣ ਲੱਗੇ ਕਿ ਇਹ ਤਾਂ ਗੱਲ ਹੀ ਨਹੀਂ ਕੋਈ, ਆਪਸ ਵਿਚ ਗੱਲ ਕਰਨ ਲੱਗ ਗਏ, ਕਹਿੰਦੇ ਐਉਂ ਕਹਿੰਦੇ ਨੇ, ਆਪਣੇ ਪੜਦਾਦਾ ਜੀ ਜਿਹੜੇ ਸੀਗੇ ਉਨ੍ਹਾਂ ਨੇ ਵੀ ਧਰਮ ਨਹੀਂ ਸੀ ਹਾਰਿਆ, ਤੱਤੀਆਂ ਤਵੀਆਂ ਤੇ ਬੈਠ ਗਏ, ਦੇਗਾਂ 'ਚ ਉਬਾਲੇ ਖਾ ਲਏ, ਤੱਤੀ ਰੇਤ ਸੀਸ 'ਚ ਪੁਆ ਲਈ। ਫੇਰ ਆਪਣੇ ਦਾਦਾ ਜੀ ਨੇ ਦਿੱਲੀ ਜਾ ਕੇ ਸੀਸ ਦੇ ਦਿਤਾ। ਇਹ ਤਾਂ ਆਪਣੀ ਕੁਲ ਦੀ ਰੀਤ ਤੁਰੀ ਆਈ ਹੈ -

*ਹਮਰੇ ਬੰਸ ਰੀਤਿ ਇਮ ਆਈ।*
*ਸੀਸ ਦੇਤਿ ਪਰ ਧਰਮ ਨ ਜਾਈ।*
*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - ੫੯੫੨*

ਇਹ ਰਘੁ ਕੁਲ ਦੀ ਜਿਵੇਂ ਰੀਤ ਹੈ, ਕਿ ਬਚਨ ਨਾ ਜਾਵੇ, ਚਾਹੇ ਕੁਛ ਹੋ ਜਾਵੇ ਬਚਨ ਪੂਰਾ ਕਰਾਂਗੇ। ਪਰ ਇਹ ਆਪਣੇ ਕੁਲ ਦੀ ਰੀਤ ਹੈ ਕਿ ਸੀਸ ਦੇ ਦੇਣਾ ਤੇ ਧਰਮ ਤੋਂ ਨਾ ਹਾਰਨਾ। ਕਹਿਣ ਲੱਗੇ ਕਿ ਇਹ ਸਾਡੀ ਰੀਤ ਹੈ ਪਿਆਰਿਓ! ਇਹ ਸੀਸ ਦੇ ਕੇ -

*ਤੁਮਰੀ ਜਰਾ ਉਖਾਰਨਿ ਹੇਤ।*
*ਹਮ ਨਹਿਂ ਡਰਪਹਿੰਗੇ ਸਿਰ ਦੇਤਿ।*
*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - ੫੯੫੨*

ਜਿਹੜਾ ਤੁਸੀਂ ਕਹਿੰਦੇ ਓ ਕਿ ਸੀਸ ਦਿੰਦੇ, ਮੌਤ ਤੋਂ ਡਰਾਂਗੇ। ਨਹੀਂ -

*ਧਾਰਨਾ - ਜਿਹੜੀ ਮੌਤ ਤੋਂ ਡਰੇ ਜਗ ਸਾਰਾ*
*ਮੇਰੇ ਮਨ ਆਨੰਦ ਹੈ ਜਿਹੜੀ ਮੌਤ ਤੋਂ।*
*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥*
ਅੰਗ - ੧੩੬੫

ਕਹਿਣ ਲੱਗੇ ਕਿਸ ਚੀਜ਼ ਨੂੰ ਤੁਸੀਂ ਮਾਰ ਦਿਓਂਗੇ। ਸਰੀਰ ਨੂੰ ਮਾਰ ਦਿਓਂਗੇ, ਸਰੀਰ ਤਾਂ ਪੰਜ ਤੱਤ ਦਾ ਜੋੜ ਹੋਇਆ ਹੋਇਆ ਹੈ, ਜਿਹਨੂੰ ਤੁਹਾਡੀ ਤਲਵਾਰ ਕੱਟ ਦੇਵੇਗੀ। 25 ਪ੍ਰਕ੍ਰਿਤੀਆਂ ਦੇ ਨਾਲ ਪੰਜ ਗਿਆਨ ਇੰਦਰੇ ਬਣੇ ਹੋਏ ਨੇ। ਪੰਜ ਪ੍ਰਾਣ ਹੈ ਉਹ ਤੁਹਾਡੇ ਤੋਂ ਕੱਟੇ ਨਹੀਂ ਜਾਣੇ। ਇਹਦੇ ਉਤੇ ਮਨ ਹੈ ਉਹਨੂੰ ਨਹੀਂ ਤੁਸੀਂ ਕੱਟ ਸਕਦੇ, ਬੁੱਧੀ ਨੂੰ ਨਹੀਂ ਤੁਸੀਂ ਕੱਟ ਸਕਦੇ, ਮੈਂ ਭਾਵ ਨੂੰ ਨਹੀਂ

ਕੱਟ ਸਕਦੇ।

ਕਹਿਣ ਲੱਗੇ, ਅਸੀਂ ਓਸ ਥਾਂ ਦੇ ਹਾਂ ਜਿਥੇ ਮੌਤ ਨਹੀਂ ਆਉਂਦੀ।

*ਜਰਾ ਮਰਾ ਨਹ ਵਿਆਪਈ*
*ਫਿਰਿ ਦੂਖੁ ਨ ਪਾਇਆ॥*
*ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ॥*

*ਅੰਗ* - ੮੦੮

ਨਾ ਉਥੇ ਬੁਢਾਪਾ ਆਉਂਦਾ ਹੈ, ਨਾ ਮੌਤ ਆਉਂਦੀ ਹੈ।ਨਾ ਉਥੇ ਦੁਖ ਆਉਂਦਾ ਹੈ। ਅਸੀਂ ਨਾਮ ਅੰਮ੍ਰਿਤ ਪੀਤਾ ਹੈ। ਸਾਡਾ ਆਤਮ ਸਰੂਪ ਹੈ ਜਿਸਨੂੰ ਤਲਵਾਰ ਕੱਟ ਨਹੀਂ ਸਕਦੀ। ਅੱਗ ਜਾਲ ਨਹੀਂ ਸਕਦੀ, ਪਾਣੀ ਡੋਬ ਨਹੀਂ ਸਕਦਾ, ਆਕਾਸ਼ ਸੁਕਾ ਨਹੀਂ ਸਕਦਾ। ਮਰਨਾ ਕਿਹੜੀ ਚੀਜ਼ ਨੇ ਹੈ ਸਰੀਰ ਤਾਂ ਬਿਨਸਨਹਾਰ ਹੈ, ਅੱਜ ਨਾ ਗਿਆ ਤਾਂ ਕੱਲ੍ਹ ਚਲਿਆ ਗਿਆ। ਜੇ ਕਿਤੇ ਲੇਖੇ ਲਗ ਜਾਏ ਤਾਂ ਚੰਗਾ ਭਲਾ ਹੈ। ਐਹ ਕਾਹਦਾ ਸਾਨੂੰ ਡਰਾਵਾ ਦਿੰਦੇ ਹੋਂ ਕਿ ਤੁਹਾਨੂੰ ਅਸੀਂ ਮਾਰ ਦੇਵਾਂਗੇ। ਏਸ ਸੰਸਾਰ ਤੇ ਕੋਈ ਨਹੀਂ ਰਿਹਾ। ਲੇਕਿਨ ਜਿਹੜਾ ਸੱਚਾ ਧਰਮ ਹੈ ਉਹ ਨਾਲ ਜਾਂਦਾ ਹੈ।

*ਕਹਾਂ ਮੰਦ ਮਤਿ! ਤੂੰ ਬਿਰਮਾਵੈਂ।*
*ਕੂਰ ਪਦਾਰਥ ਪਰ ਨ ਲੁਭਾਵੈਂ।*

*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ* - ੫੯੫੨

ਝੂਠੀਆਂ ਚੀਜ਼ਾਂ ਸਾਨੂੰ ਦਿੰਦਾ ਹੈਂ ਕਿ ਆਹ ਮਕਾਨ ਦੇ ਦੇਵਾਂਗੇ, ਫੌਜ ਦੇ ਦੇਵਾਂਗੇ।

*ਧਰਮ ਸਾਚ ਹੈ ਸਦ ਹੀ ਸੰਗ।*

*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ* - ੫੯੫੨

ਜਿਹੜਾ ਸੱਚਾ ਧਰਮ ਹੈ ਉਹ ਇਥੇ ਵੀ ਸੰਗ ਹੈ ਤੇ ਦਰਗਾਹ ਵਿਚ ਵੀ ਨਾਲ ਹੈ{

*ਕੋ ਅਸ ਮੂਰਖ ਕਰਹਿ ਜੁ ਭੰਗ।*

*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ* - ੫੯੫੨

ਐਹੋ ਜਿਹਾ ਕਿਹੜਾ ਹੈ ਜਿਹੜਾ ਧਰਮ ਨੂੰ ਭੰਗ ਕਰ ਦੇਵੇ। ਉਸ ਵੇਲੇ ਨਵਾਬ ਕਹਿਣ ਲੱਗਿਆ, ਦੇਖਿਆ ਸ਼ੇਰਖਾਨ ਵਲ, ਜੋ ਮਲੇਰਕੋਟਲੇ ਦਾ ਸੀ। ਕਹਿਣ ਲੱਗਿਆ ਕਿ ਤੁਹਾਡੇ ਭਰਾ ਨੂੰ ਇਨ੍ਹਾਂ ਦੇ ਪਿਤਾ ਨੇ ਮਾਰਿਆ ਹੈ। ਐਹ ਬੱਚੇ ਤੁਹਾਡੇ ਹਵਾਲੇ ਕਰਦੇ ਹਾਂ ਜਿਵੇਂ ਤੁਹਾਡਾ ਜੀਅ ਕਰਦਾ ਹੈ ਉਵੇਂ ਕਰੋ। ਕਹਿਣ ਲੱਗਿਆ, ਨਵਾਬ ਕਿ ਮੈ ਐਨਾ ਬੁਜ਼ਦਿਲ ਕਿ ਇਨ੍ਹਾਂ ਸ਼ੀਰਖੋਰ ਬੱਚਿਆਂ ਦੇ ਉਤੇ ਆਪਣੀਆਂ ਤਲਵਾਰਾਂ ਚਲਾਵਾਂ। ਇਨ੍ਹਾਂ ਨੇ ਕੀ ਵਿਗਾੜਿਆ ਹੈ। ਜੇ ਹਿੰਮਤ ਹੈ ਤਾਂ ਇਨ੍ਹਾਂ ਦੇ ਪਿਤਾ ਨਾਲ ਮੈਦਾਨ-ਏ-ਜੰਗ 'ਚ ਲੜੋ, ਉਹ ਕਿਤੇ ਨਹੀਂ ਗਿਆ ਉਹ ਨਿਕਲ ਗਿਆ ਸਾਰਿਆਂ ਦੇ ਵਿਚੋਂ। ਤੁਸੀਂ ਕਹਿੰਦੇ ਓਂ ਮਾਰ ਦਿਤਾ ਕੀਹਨੇ ਮਾਰਿਆ ਹੈ ਓਸਨੂੰ। ਉਹ ਬਹਾਦਰ ਨਹੀਂ ਕਿਸੇ ਦੇ ਕਾਬੂ ਆਉਣ ਵਾਲਾ। ਫੇਰ ਜੇ ਹਿੰਮਤ ਹੈ ਤਾਂ ਉਹਦੇ ਨਾਲ ਦੋ ਹੱਥ ਕਰੋ। ਆਹ ਬੱਚਿਆਂ ਨੂੰ ਸਾਡੇ ਹਵਾਲੇ ਕਰਦੇ ਓਂ? ਹਾਂ ਕਦੇ ਮੈਦਾਨ-ਏ-ਜੰਗ 'ਚ ਕਦੇ ਸਾਮ੍ਹਣੇ ਹੋਵਾਂਗੇ, ਜ਼ਰੂਰ ਅਸੀਂ ਮੁਕਾਬਲਾ ਕਰਾਂਗੇ। ਇਨ੍ਹਾਂ ਬੱਚਿਆਂ ਦਾ ਕੀ ਕਸੂਰ ਹੈ। ਕਿਹੜੀ ਸ਼ਰਾ ਹੈ ਜਿਹਦੇ ਨਾਲ ਤੁਸੀਂ ਫਤਵਾ ਲਾਉਂਦੇ ਓਂ ਸ਼ੀਲਖੋਰ ਬੱਚਿਆਂ ਨੂੰ। ਇਹ ਜਿਹੋ ਜਿਹੇ ਮਾਹੌਲ 'ਚ ਪਲੇ ਨੇ ਓਹੋ ਜਿਹੀ ਗੱਲ ਕਰਦੇ ਨੇ। ਬਈ ਅਸੀਂ ਦੁਸ਼ਟ ਦੋਖੀ ਜਿਹੜੇ ਨੇ ਉਹ ਮੁਕਾਉਣੇ ਨੇ, ਦੁਨੀਆਂ ਨੂੰ ਤੰਗ ਕਰਨ ਵਾਲੇ, ਮਾਰਨ ਵਾਲੇ। ਇਨ੍ਹਾਂ ਉਤੇ ਤਾਂ ਸ਼ਰ੍ਹਾ ਲਗਦੀ ਨਹੀਂ ਹੈ। ਅਖੀਰ ਝੂਠਾ ਨੰਦ ਦੇ ਕਹਿਣ ਦੇ ਨਾਲ ਸ਼ਰਾ ਲਾ ਦਿਤੀ ਗਈ ਕਿ ਇਹ ਛੱਡਣੇ ਨਹੀਂ ਕਿਸੇ ਕੀਮਤ ਤੇ ਵੀ। ਖੁਸ਼ ਕਰ ਰਿਹਾ ਸੀ ਉਨ੍ਹਾਂ ਨੂੰ। ਤੂੰ ਪ੍ਰੇਮੀਆਂ ਕੀ ਸੰਸਾਰ ਤੇ ਰਹਿਣਾ ਹੈ? ਪਾਪ ਕਰਕੇ ਨਹੀਂ ਕੋਈ ਬਚਦਾ ਹੁੰਦਾ। ਸੋ ਏਸ ਤਰ੍ਹਾਂ ਨੀਹਾਂ ਦੇ ਵਿਚ ਚਿਣਨ ਦਾ ਹੁਕਮ ਹੋ ਗਿਆ। ਨੀਹਾਂ ਦੇ ਵਿਚ ਚਿਣਦੇ ਨੇ ਤੇ ਜਿਸ ਵਕਤ ਛਾਤੀ ਕੋਲ ਪਹੁੰਚਦੀ ਹੈ, ਓਸ ਵੇਲੇ ਐਸਾ ਧਰਤੀ ਦੇ ਵਿਚ ਹੁਲਾਰਾ ਆਇਆ ਕਿ ਨੀਂਹ ਪਾਟ ਕੇ ਗਿਰ ਗਈ ਸਾਰੀ। ਤੇ ਨਾਲ ਦੀ ਨਾਲ ਇਕ ਬਹੁਤ ਜ਼ਬਰਦਸਤ ਹਨ੍ਹੇਰੀ ਚੱਲੀ। ਅੱਖਾਂ ਦੇ ਵਿਚ ਪੈ ਗਈ, ਦਹਿਲ ਪੈ ਗਿਆ ਸਾਰਿਆਂ ਦੇ ਮਨਾਂ ਵਿਚ ਕਿ ਆਹ ਮਾੜਾ ਕੰਮ ਹੋ ਰਿਹਾ ਹੈ, ਇਹ ਤਾਂ ਸ਼ਹਿਰ ਗਰਕ ਹੋ ਜਾਏਗਾ, ਹੁਣ ਹੋ ਜਾਏ ਚਾਹੇ ਫੇਰ ਹੋ ਜਾਵੇ। ਓਸ ਵੇਲੇ ਦੋ ਜਲਾਦ ਦਿੱਲੀ ਦੇ ਉਥੇ ਪਹੁੰਚ ਜਾਂਦੇ ਨੇ। ਜਲਾਦਾਂ ਨੂੰ ਕਿਹਾ, ਉਹ ਕਹਿੰਦੇ ਨਾ ਇਹ ਕੰਮ ਨਹੀਂ ਸਾਡੇ ਤੋ ਹੋਣਾ। ਅਸੀਂ ਕੋਈ ਪੈਸਾ ਨਹੀਂ ਲੈਣਾ ਇਹਦਾ। ਭਾਵੇਂ ਡਿਊਟੀ ਹੈ ਸਾਡੀ ਮਾਰਨ ਦੀ, ਪਰ ਇਹ ਸ਼ੀਰਖੋਰ ਬੱਚੇ ਨੇ। ਇਨ੍ਹਾਂ ਨੂੰ ਤਾਂ ਦੇਖੀ ਜਾਓ, ਕੱਪੜੇ ਪਾਏ ਹੋਏ ਨੇ ਨੀਲੇ ਜਿਹੇ ਰੰਗ ਦੇ, ਗੋਰਾ ਰੰਗ ਹੈ, ਕਿੰਨੇ ਸੋਹਣੇ ਲਗਦੇ ਨੇ। ਨਾ ਨਵਾਬ ਸਾਹਿਬ! ਸਾਡੀ ਤਲਵਾਰ ਇਨ੍ਹਾਂ ਤੇ ਨਹੀਂ ਚਲ ਸਕਦੀ। ਇਨ੍ਹਾਂ ਨੇ ਦੋਸ਼ ਵੀ ਕਿਹੜਾ ਕਰਿਆ ਸੀ। ਪਾਪੀ ਤਾਂ ਅਸੀਂ ਬਹੁਤ ਹਾਂ, ਵੱਡੇ-ਵੱਡੇ ਬੰਦਿਆਂ ਨੂੰ ਕੱਟ ਕੇ ਅਸੀਂ ਓਹ ਮਾਰਦੇ ਹਾਂ। ਪਰ ਉਹ ਡਿਊਟੀ ਹੁੰਦੀ ਹੈ, ਕਾਨੂੰਨ ਕਹਿੰਦਾ ਹੈ ਪਹਿਲਾਂ ਫੇਰ ਅਸੀਂ ਕਰਦੇ ਹਾਂ। ਆਹ ਸ਼ੀਰਖੋਰ ਬੱਚਿਆਂ ਨੂੰ ਕਿਵੇਂ ਮਾਰ ਦੇਈਏ? ਐਨੇ ਨੂੰ ਦੋ ਹੋਰ ਆ ਗਏ, ਦਿੱਲੀ ਤੋਂ ਆ ਗਏ, ਉਨ੍ਹਾਂ ਨੂੰ ਕੰਮ ਸੀ, ਨਵਾਬ ਕਹਿਣ ਲੱਗਿਆ ਕਿ ਐਹ ਬੱਚੇ ਬੇਹੋਸ਼ ਨੇ ਇਨ੍ਹਾਂ ਨੂੰ ਕੰਬਲ ਦੇ ਕੇ ਪਾਓ, ਤਲੀਆਂ ਮਲੋ, ਹੋਸ਼ ਵਿਚ ਲਿਆਓ, ਇਕ ਵਾਰੀ ਫੇਰ ਪੁੱਛ ਲਓ। ਤੇ ਅਗਲੇ ਦਿਨ ਫੇਰ ਪੁਛਿਆ ਉਹ ਕਹਿੰਦੇ ਨਹੀਂ ਸਰੀਰ ਨਹੀਂ ਅਸੀਂ ਪਿਆਰਾ ਕਰਨਾ, ਧਰਮ ਪਿਆਰਾ ਕਰਨਾ ਹੈ। ਓਸ ਵੇਲੇ ਇਨ੍ਹਾਂ ਨੇ ਦੋਹਾਂ ਬੱਚਿਆਂ ਨੂੰ ਬੜੀ ਬੇਰਹਿਮੀ ਦੇ ਨਾਲ ਸ਼ਹੀਦ ਕੀਤਾ, ਛਾਤੀ ਦੇ ਗੋਡੇ ਰੱਖ ਲਏ, ਕੁਇੰਟਲ-ਕੁਇੰਟਲ, ਡੇਢ-ਡੇਢ ਕੁਇੰਟਲ ਭਾਰੇ ਸੀਗੇ। ਜਿਵੇਂ ਬੱਕਰੇ ਨੂੰ ਜਿਹਬਾ ਕਰਦੇ ਨੇ ਐਸ ਤਰ੍ਹਾਂ ਦੇ ਨਾਲ ਉਨ੍ਹਾਂ ਦੀ ਗਰਦਨ ਕੱਟੀ।

ਸ਼ਹੀਦ ਹੋ ਗਏ, ਲੇਕਿਨ ਐਸੀ ਕਰਨੀ ਕਰ ਗਏ ਸੰਸਾਰ ਦੇ ਅੰਦਰ।

ਇਹਦੇ ਵਿਚ ਇਕ ਸਵਾਲ ਪੈਦਾ ਹੁੰਦਾ ਹੈ, ਆਪਾਂ ਸ਼ੁਰੂ ਕਰਿਆ ਸੀ ਕਿ

*ਅਉਖੀ ਘੜੀ ਨ ਦੇਖਣ ਦੇਈ*
*ਅਪਨਾ ਬਿਰਦੁ ਸਮਾਲੇ॥* *ਅੰਗ - ੬੮੨*

ਬਈ ਰੱਬ ਕਿੱਥੇ ਚਲਿਆ ਗਿਆ ਉਸ ਵੇਲੇ? ਕੁਦਰਤੀ ਆਉਂਦੀ ਹੈ ਇਹ ਗੱਲ। ਦੂਸਰੀ ਆਉਂਦੀ ਹੈ ਕਿ ਗੁਰੂ ਸਾਹਿਬ ਨੇ ਜੇ ਆਪਣੇ ਬੱਚਿਆਂ ਨੂੰ ਨਾ ਬਚਾ ਸਕੇ ਫੇਰ ਸਾਡੀ ਕੀ ਸਹਾਇਤਾ ਕਰਨਗੇ? ਸਾਡਾ faith ਹੀ ਹੈ, ਜਾਂ ਇਹਦੇ ਵਿਚ ਕੋਈ ਭੇਤ ਹੈ। ਮੈਂ ਪਹਿਲਾਂ ਹੀ ਬੇਨਤੀ ਕਰੀ ਸੀ ਕਿ ਭਗਤ ਚਾਰ ਪ੍ਰਕਾਰ ਦੇ ਹੁੰਦੇ ਨੇ। ਚੌਥੀ ਜਿਹੜੀ ਭਗਤੀ ਦੀ supreme ਜਿਹੜੀ ਕਿਸਮ ਹੈ ਉਹ ਹੈ ਗਿਆਨੀ ਭਗਤ। ਜਿਹੜੇ ਦੇਹ ਅਧਿਆਸ ਨੂੰ ਤੋੜ ਕੇ ਆਪਣੇ ਆਪ ਨੂੰ ਆਤਮਾ ਮੰਨਦੇ ਨੇ, ਅਰ ਇਹ ਮੰਨਦੇ ਕਿ ਆਤਮਾ ਸਤਿ ਹੈ ਬਾਕੀ ਅਨਾਤਮ ਸਾਰਾ ਝੂਠ ਹੈ। ਅਨਾਤਮ ਨੇ ਰਹਿਣਾ ਨਹੀਂ ਤੇ ਜਿਹੜਾ ਹੈ ਹੀ ਆਤਮਾ, ਵਿਸ਼ਵਾਸ਼ ਹੈ ਕਿ ਇਹਨੂੰ ਕੋਈ ਮਾਰ ਹੀ ਨਹੀਂ ਸਕਦਾ, ਉਹ ਤਾਂ ਆਪੇ ਹੀ ਆਪ ਹੈ, ਦੂਜਾ ਤਾਂ ਕੋਈ ਉਥੇ ਹੈ ਕੋਈ ਨਹੀਂ। ਪ੍ਰਭੂ ਨਾਲ ਮਿਲੇ ਹੋਏ ਨੇ। ਉਹਨੂੰ ਤਾਂ ਪਤਾ ਹੈ ਇਹ ਇਕ ਖੇਡ ਹੋ ਰਹੀ ਹੈ, ਡਰਾਮਾ ਹੋ ਰਿਹਾ ਹੈ, ਉਹ ਜਾਣਦੇ ਨੇ ਪ੍ਰਭੂ ਨੂੰ। ਸਦਾ ਦਾ ਜੀਵਨ ਉਨ੍ਹਾਂ ਨੂੰ ਪ੍ਰਾਪਤ ਹੈ। ਤਿੰਨ ਕਿਸਮ ਦੇ ਭਗਤਾਂ ਕੋਲ ਪ੍ਰਭੂ ਆਉਂਦਾ ਹੈ। ਆਰਥ ਭਗਤਾਂ ਦੇ ਕੋਲ, ਅਰਥਾ ਅਰਥੀ ਵਾਲਿਆਂ, ਅਨਹਲ ਭਗਤਾਂ ਕੋਲ, ਜਿਹੜੇ ਗਿਆਨੀ ਭਗਤ ਨੇ, ਭਾਈ ਗਿਆਨੀ ਭਗਤ ਸੀ, ਬੰਦ-ਬੰਦ ਕਟਿਆ ਗਿਆ, ਨਹੀਂ ਲੋਚਾ ਕਰੀ, ਬਈ ਮਰਨਾ ਨਹੀਂ ਅਸੀਂ। ਸਰੀਰ ਨੇ ਰਹਿਣਾ ਨਹੀਂ ਹੈ। ਭਾਈ ਦਿਆਲਾ ਜੀ ਗੁਰੂ ਸਾਹਿਬ ਦੇ ਸਾਮ੍ਹਣੇ ਉਬਾਲੇ ਗਏ, ਗੁਰੂ ਮਹਾਰਾਜ ਰਖਿਆ ਕਰ ਦਿੰਦੇ, ਲੇਕਿਨ ਉਹ ਸਰੀਰ ਤੋਂ ਉਪਰ ਸੀ, ਦੇਹ ਅਧਿਆਸ ਟੁੱਟਿਆ ਹੋਇਆ, ਵਿਦੇਹ ਅਵਸਥਾ ਦੇ ਸੀ ਉਹ। ਅਮਰ ਅਵਸਥਾ ਸੀ ਉਨ੍ਹਾਂ ਦੀ। ਅਮਰ ਅਵਸਥਾ ਲੋਚਾ ਹੀ ਨਹੀਂ ਕਰਦੀ ਕਿ ਸਾਨੂੰ ਕੋਈ ਬਚਾਓ।ਉਹ ਆਪ ਹੀ ਸਮਰੱਥ ਹੁੰਦੇ ਨੇ। ਜੇ ਉਹ ਚਾਹੁੰਣ ਸਭ ਕੁਛ ਕਰ ਸਕਦੇ ਨੇ। ਭਾਈ ਪ੍ਰਾਣਾ ਗੁਰੂ ਪੰਜਵੇਂ ਪਾਤਸ਼ਾਹ ਦੇ ਨਾਲ ਬੰਦ ਕਰਿਆ ਹੋਇਆ ਹੈ, ਜਿਸ ਵਕਤ ਗੁਰੂ ਮਹਾਰਾਜ ਨੂੰ ਲਾਲ ਗਰਮ ਤਵੀ ਦੇ ਉਤੇ ਚਰਨ ਧਰਨ ਵਾਸਤੇ ਕਿਹਾ, ਮਹਾਰਾਜ ਨੇ ਚਰਨ ਧਰਿਆ ਤੇ ਉਹ ਖੜ੍ਹਾ ਹੋ ਕੇ ਦੋਹੇਂ ਬਾਹਾਂ ਉਚੀਆਂ ਕਰਕੇ ਤਾਲੀ ਵਜਾਉਣ ਲੱਗਿਆ, ਮਹਾਰਾਜ ਨੇ ਕਿਹਾ, ਭਾਈ ਪ੍ਰਾਣਾ ਠਹਿਰ, ਕੀ ਕਰਨ ਲੱਗਿਆ ਹੈਂ? ਕਹਿੰਦਾ ਮਹਾਰਾਜ! ਮੈਂ ਨਹੀਂ ਦੇਖ ਸਕਦਾ। ਜਾਂ ਤਾਂ ਮੈਨੂੰ ਐਡਾ ਦਿਲ ਦੇਵੋ ਕਿ ਮੈਂ ਦੇਖ ਲਵਾਂ। ਮੈਂ ਨਹੀਂ ਦੇਖ ਸਕਦਾ ਮੈਂ ਲਾਹੌਰ ਨੂੰ ਗਰਕ ਕਰਨ ਲੱਗਿਆ ਹਾਂ। ਮੀਆਂ-ਮੀਰ ਆਉਂਦਾ ਹੈ ਕਿ ਮੈਂ curse ਕਰਦਾ ਨਵਾਬ ਨੂੰ। ਮਹਾਰਾਜ ਤੁਸੀਂ ਕਰੋ। ਗੋਰਖ ਆਉਂਦਾ ਹੈ ਕਿ ਮੈਂ ਹਵੇਲੀ ਨੂੰ ਧਰਤੀ 'ਚ ਗਰਕ ਕਰ ਦੇਣਾ ਹੈ। ਤੁਸੀਂ ਕਿਉਂ ਨਹੀਂ curse ਕਰਦੇ। ਮਹਾਰਾਜ ਕਹਿੰਦੇ ਮੀਆਂ ਮੀਰ ਇਥੇ ਆਤਮਾ ਤੋਂ ਬਗੈਰ ਦੂਜਾ ਹੈ ਕੋਈ ਨਹੀਂ-

*ਮਨਿ ਸਾਚਾ ਮੁਖਿ ਸਾਚਾ ਸੋਇ ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥*

*ਅੰਗ - ੨੭੨*

ਇਹ ਗੱਲ ਤੈਨੂੰ ਸਮਝਾਉਣੀ ਸੀ ਕਿ ਮਹਾਂਪੁਰਸ਼ ਜਿਹੜੇ ਹੁੰਦੇ ਨੇ ਉਹ ਆਪਣੇ ਗਿਆਨ ਦੇ ਵਿਚ ਪਰਪੱਕ ਹੁੰਦੇ ਨੇ, ਕੀਹਨੂੰ ਮੈਂ ਸਰਾਪ ਦੇਵਾਂ ਇਥੇ ਪ੍ਰਭੂ ਤੋਂ ਬਗੈਰ ਕੋਈ ਹੋਰ ਹੈ? ਇਹ ਤਾਂ ਇਕ ਖੇਡ ਹੋ ਰਹੀ ਹੈ, ਖੇਡ ਦੇ ਵਿਚ ਅਸੀਂ ਖੇਡਦੇ ਹਾਂ। ਉਥੇ ਸਵਾਲ ਹੀ ਨਹੀਂ ਪੈਦਾ ਹੁੰਦਾ ਕਿ ਕੋਈ ਆਵੇ ਤੇ ਰਾਖੀ ਕਰੇ।

ਸੋ ਇਹ ਬੜਾ ਭੁਲੇਖਾ ਹੈ ਸਾਡੇ ਮਨਾਂ 'ਚ ਬਗੈਰ ਗਿਆਨ ਤੋਂ ਸਾਡੇ ਅੰਦਰੋਂ ਲਹਿੰਦਾ ਨਹੀਂ ਹੈ। ਸੋ ਇਸ ਕਰਕੇ ਇਹ ਇਕ ਕੌਤਕ ਹੋ ਰਿਹਾ ਸੀ, ਵਰਤ ਰਹੀ ਸੀ ਖੇਲ੍ਹ। ਉਸ ਵੇਲੇ ਆਪ ਨੇ ਸੀਸ ਦੇ ਦਿਤਾ ਤੇ ਧਰਮ ਦੀ ਰਖਿਆ ਕਰ ਦਿਤੀ। ਐਸ ਥਾਂ ਦੇ ਉਤੇ ਸ਼ੋਕ ਹੋ ਰਿਹਾ ਹੈ, ਸਾਰਾ ਸ਼ਹਿਰ ਸ਼ੋਕਵਾਨ ਹੋ ਗਿਆ, ਕੀ ਮੁਸਲਮਾਨ ਕੀ ਹਿੰਦੂ, ਸਭ ਕਹਿੰਦੇ ਨੇ ਕਿ ਮਾੜਾ ਕੰਮ ਹੋਇਆ, ਧਰਤੀ ਡੋਲ ਰਹੀ ਹੈ, ਹਨ੍ਹੇਰੀ ਬੇ-ਮੌਸਮਾ ਚਲ ਰਹੀ ਹੈ। ਬੱਦਲ ਕੋਈ ਨਹੀਂ, ਬੱਦਲ ਗਰਜ ਰਿਹਾ ਹੈ, ਅਸਮਾਨ 'ਚ ਬਿਜਲੀ ਕੜਕ ਰਹੀ ਹੈ, ਮਾੜੇ ਸ਼ਗਨ ਆ ਰਹੇ ਨੇ। ਲੇਕਿਨ ਇਨ੍ਹਾਂ ਨੇ ਧਰਮ ਰੱਖਿਆ, ਇਥੇ ਵੀ ਜੈ-ਜੈਕਾਰ, ਸ਼ੁਭ ਮੰਡਲਾਂ ਵਿਚ ਵੀ ਤੇ ਅੱਗੇ ਦਰਗਾਹ ਵਿਚ ਵੀ। ਪੜ੍ਹੋ ਪਿਆਰ ਨਾਲ -

*ਧਾਰਨਾ - ਵਾਹਵਾ-ਵਾਹਵਾ ਬਈ ਸੀਸ ਦੇ ਕੇ ਧਰਮ ਰਖਿਆ।*
*ਜੈ-ਜੈਕਾਰ ਦਰਗਾਹ ਵਿਚ ਹੋਵੇ।*

ਧਰਮ ਦੀ ਰਾਖੀ ਵਾਸਤੇ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਦਾ ਸਾਨੂੰ ਸੁਨੇਹਾ ਦੇ ਗਏ। ਐਡੀ ਵੱਡੀ ਕੁਰਬਾਨੀ ਹੈ ਦੁਨੀਆਂ ਦੇ ਇਤਿਹਾਸ ਦੇ ਅੰਦਰ, ਛੋਟੇ ਬੱਚੇ ਕਿਸ ਤਰ੍ਹਾਂ ਦ੍ਰਿੜ੍ਹਤਾ ਦੇ ਨਾਲ ਧਰਮ ਵਾਸਤੇ ਆਪਣੇ ਪ੍ਰਾਣਾਂ ਦਾ ਤਿਆਗ ਕਰਦੇ ਨੇ। ਸੋ ਐਸੀ ਜੋ ਸ਼ਹੀਦ ਨੇ, ਐਸੀ ਕਰਨੀ ਹੈ ਉਹ ਜਦ ਸੰਸਾਰ ਜਦ ਯਾਦ ਕਰਦਾ ਹੈ ਮੱਲੋ-ਮੱਲੀ ਹਰੇਕ ਦੇ ਮੂੰਹ ਤੋਂ ਜਸ ਨਿਕਲਦਾ ਹੈ -

*ਧਾਰਨਾ - ਵਾਹਵਾ-ਵਾਹਵਾ ਬਈ ਜਸ ਗਾਉ ਸਾਰੀ ਦੁਨੀਆ,*
*ਐਸੀ ਕਰਨੀ ਕਰ ਗਏ ਜਗ 'ਤੇ।*

ਮਾਤਾ ਜੀ ਨੂੰ ਜਦੋਂ ਪਤਾ ਲਗਦਾ ਹੈ, ਇਥੇ ਫੇਰ ਬੜੀ ਭਾਰੀ ਗਲਤਫਹਿਮੀ ਇਤਿਹਾਸ ਪਾਈ ਜਾਂਦੇ ਨੇ। ਚਾਹੇ ਉਹ ਪ੍ਰੋਫੈਸਰਾਂ ਦੇ ਲਿਖੇ ਹੋਏ ਨੇ, ਚਾਹੇ ਪਹਿਲਿਆਂ ਦੇ ਲਿਖੇ ਹੋਏ ਨੇ। ਇਤਿਹਾਸ ਸੂਰਜ ਪ੍ਰਕਾਸ਼ 'ਚ ਤਾਂ ਹੱਦ ਹੀ ਲਾਹ ਦਿਤੀ, ਪਤਾ ਨਹੀਂ ਪਿਛੋਂ ਪਾ ਦਿਤੀਆਂ ਇਹ

ਗੱਲਾਂ। ਕਿ ਟੋਡਰ ਮੱਲ ਆ ਕੇ ਸੁਨੇਹਾ ਦਿੰਦਾ ਹੈ ਕਿ ਮਾਤਾ ਜੀ ਬੱਚੇ ਤਾਂ ਆਪਣੇ ਦਾਦਾ ਜੀ ਕੋਲ ਚਲੇ ਗਏ। ਉਸ ਵੇਲੇ ਇਤਿਹਾਸ ਲਿਖਦਾ ਹੈ ਕਿ ਮਾਤਾ ਜੀ ਗਸ਼ ਖਾ ਕੇ ਗਿਰ ਗਏ, ਜਦ ਹੋਸ਼ ਆਈ ਕਹਿੰਦੇ ਮੈਨੂੰ ਹੀਰਾ ਲਿਆ ਕੇ ਦੇ, ਮੈਂ ਛੇਤੀ ਚੱਟ ਲਵਾਂ। ਜਦ ਉਹਨੇ ਹੀਰਾ ਨਾ ਲਿਆ ਕੇ ਦਿਤਾ ਤਾਂ ਲਿਖਿਆ ਹੈ ਕਿ ਮਾਤਾ ਜੀ ਨੇ ਐਨੇ ਜ਼ੋਰ ਨਾਲ ਮਹੱਲ ਨਾਲ ਸਿਰ ਮਾਰਿਆ ਕਿ ਸਿਰ ਫਟ ਗਿਆ। ਬੇਹੋਸ਼ ਹੋ ਗਏ ਤੇ ਪ੍ਰਾਣ ਪੰਖੇਰੂ ਉਡ ਗਏ।

ਦੂਸਰੇ ਇਤਿਹਾਸ ਲਿਖਦੇ ਨੇ ਕਿ ਮਾਤਾ ਜੀ ਨੂੰ ਉਨ੍ਹਾਂ ਨੇ ਬੁਰਜ ਤੋਂ ਸੁੱਟ ਦਿਤਾ, ਤੇ ਹੇਠਾਂ ਆ ਕੇ ਸਰੀਰ ਛੱਡ ਗਏ। ਤੀਸਰੇ ਸਾਡੇ ਜਿਹੜੇ ਪ੍ਰੋਫੈਸਰ ਨੇ ਇਹ ਲਿਖਦੇ ਨੇ ਕਿ ਮਾਤਾ ਜੀ ਨੇ ਜਦੋਂ ਸੁਣਿਆ ਤਾਂ ਏਸ ਸਦਮੇ ਨੂੰ ਸਹਿ ਨਾ ਸਕੇ, ਤੇ ਉਸੇ ਵੇਲੇ ਦਿਲ ਫੇਲ੍ਹ ਹੋ ਗਿਆ।

ਹੁਣ ਆਹ ਗੱਲਾਂ ਇਨ੍ਹਾਂ ਪੜ੍ਹਿਆਂ ਲਿਖਿਆਂ ਬੰਦਿਆਂ ਦੀਆ ਲਿਖੀਆਂ ਹੋਈਆਂ ਪ੍ਰਚਲਤ ਨੇ ਸਾਰੇ। ਅਨਪੜ੍ਹ ਬੰਦੇ, ਆਹ ਕਵੀਸ਼ਰ, ਢਾਡੀ, ਇਹਨੂੰ ਦੁਨੀਆਂ ਤਕ ਪਹੁੰਚਾਈ ਜਾਂਦੇ ਨੇ। ਕਿੰਨਾ ਗਲਤ ਸੁਨੇਹਾ ਦਿਤਾ ਜਾ ਰਿਹਾ ਹੈ। ਇਕ ਤਾਂ ਗੁਰਸਿਖੀ ਦਾ ਜੀਵਨ, ਮਾਤਾ ਜੀ 28 ਸਾਲ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦਰਵਾਜ਼ੇ ਤੇ ਬੈਠੇ ਰਹੇ, ਰਾਖੀ ਵਾਸਤੇ, ਸੇਵਾ ਵਾਸਤੇ, ਉਹ ਅੰਦਰ ਤਪ ਕਰਦੇ ਨੇ ਤੇ ਇਹ ਦਰਵਾਜ਼ੇ 'ਚ ਬੈਠੇ ਪੂਣੀਆਂ ਨਹੀਂ ਸੀ ਬਣਾਉਂਦੇ ਇਹ ਵੀ ਤਪ ਹੀ ਕਰਦੇ ਸੀ। ਇਹ ਬੰਦਗੀ ਕਰਦੇ ਸੀ, ਪੂਰਨ ਯੋਗੀ ਸੀ, ਜੇ ਮਾਤਾ ਜੀਤੋ ਜੀ ਗੁਰੂ ਦਸ਼ਮੇਸ਼ ਪਿਤਾ ਦੇ ਕੋਲ ਯੋਗੀ ਬਣ ਸਕਦੇ ਨੇ, ਆਪਣੀ ਮਰਜ਼ੀ ਦੇ ਨਾਲ ਪ੍ਰਾਣ ਛੱਡ ਦਿਤੇ ਮਾਤਾ ਜੀਤੋ ਜੀ ਨੇ। ਇਕ ਅਵਸਥਾ ਆਉਂਦੀ ਹੈ ਜਿਸ ਥਾਂ ਦੇ ਉਤੇ ਜਾ ਕੇ ਯੋਗੀ ਨੂੰ ਕੋਈ ਦੋਸ਼ ਨਹੀਂ ਲਗਦਾ, ਆਪਣੀ ਮਰਜ਼ੀ ਨਾਲ ਸਰੀਰ 'ਚੋਂ ਨਿਕਲ ਜਾਂਦਾ ਹੈ, ਜੇ ਮਰਜ਼ੀ ਹੋਵੇ ਵਾਪਸ ਵੀ ਆ ਜਾਂਦਾ ਹੈ।

ਭਾਈ ਦਇਆ ਸਿੰਘ ਜੀ ਗੁਰੂ ਦਸ਼ਮੇਸ਼ ਪਿਤਾ ਨੂੰ ਨਮਸ਼ਕਾਰ ਕਰਕੇ ਜਾਂਦੇ ਨੇ ਤੇ ਜਾ ਕੇ ਸਰੀਰ ਛੱਡ ਦਿਤਾ। ਜਦੋਂ ਸ਼ਬਦ ਪੜ੍ਹਨੇ ਸ਼ੁਰੂ ਹੋਏ ਉਸ ਵੇਲੇ ਮਹਾਰਾਜ ਕਹਿੰਦੇ ਕਿ ਕੀ ਗੱਲ ਹੈ? ਕਹਿੰਦੇ ਜੀ ਭਾਈ ਦਇਆ ਸਿੰਘ ਹੀ ਚੜ੍ਹਾਈ ਕਰ ਗਏ। ਮਹਾਰਾਜ ਕਹਿੰਦੇ ਬਿਨਾਂ ਮਿਲੇ ਹੀ ਚਲੇ ਗਏ, ਲਿਆਓ ਬੁਲਾ ਕੇ ਲਿਆਓ। ਆਵਾਜ਼ ਦਿਤੀ, ਕਹਿਣ ਲੱਗੇ ਭਾਈ ਸਾਹਿਬ! ਆਪਨੂੰ ਗੁਰੂ ਦਸ਼ਮੇਸ਼ ਪਿਤਾ ਨੇ ਹੁਕਮ ਦਿਤਾ ਹੈ ਕਿ ਮਿਲ ਕੇ ਜਾਓ। ਥੋੜ੍ਹੀ ਦੇਰ ਤੋਂ ਬਾਅਦ ਸਰੀਰ 'ਚੋਂ ਵਾਹਿਗੁਰੂ-ਵਾਹਿਗੁਰੂ ਕਰ ਕੇ ਉਠ ਖੜ੍ਹੇ ਹੋਏ। ਮਹਾਰਾਜ ਜੀ ਦੇ ਚਰਨਾਂ ਤੇ ਆ ਕੇ ਨਮਸ਼ਕਾਰ ਕਰਦੇ ਨੇ, ਮਹਾਰਾਜ ਕਹਿੰਦੇ ਭਾਈ ਦਇਆ ਸਿੰਘ ਬਿਨਾਂ ਦੱਸੇ ਚਲੇ ਗਏ? ਕਹਿੰਦੇ, ਮਹਾਰਾਜ! ਇਧਰ ਵੀ ਤੁਸੀਂ ਤੇ ਓਧਰ ਵੀ ਤੁਸੀਂ। ਤੁਹਾਡਾ ਹੁਕਮ ਹੀ ਹੈ। ਕਹਿੰਦੇ ਕਿੱਥੇ ਚਲੇ ਗਏ ਸੀ? ਕਹਿੰਦੇ ਮਹਾਰਾਜ ਮੈਂ ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਵਿਚੋਂ ਜਦੋਂ ਸੱਚਖੰਡ ਵਿਚ ਪ੍ਰਵੇਸ਼ ਕਰਨ ਲੱਗਿਆ, ਉਸ ਵੇਲੇ ਆਪ ਦਾ ਹੁਕਮ ਆ ਗਿਆ। ਮਹਾਰਾਜ ਕਹਿੰਦੇ ਠੀਕ ਹੈ, ਸਾਡੀਆਂ ਖੁਸ਼ੀਆਂ, ਸਾਡਾ ਸੁਨੇਹਾ ਅਕਾਲ ਪੁਰਖ ਨੂੰ ਦੇ ਦਿਓ, ਜੋ ਅਸੀਂ ਮਾਛੀਵਾੜੇ ਜਾ ਕੇ ਦਿਤਾ ਸੀ।

*ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ।*

ਜਾਂਦੇ ਨੇ, ਜਾ ਕੇ ਕੁਸ਼ਾ ਦਾ ਆਸਣ ਵਿਛਾਇਆ, ਲੰਮੇ ਪੈ ਗਏ, ਫੇਰ ਸਰੀਰ ਛੱਡ ਦਿਤਾ।

ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਨੇ ਚਿੱਠੀਆਂ ਪਾ ਦਿਤੀਆਂ ਕਿ ਸੱਤਵੇਂ ਨੂੰ ਸਰੀਰ ਛੱਡ ਦੇਣਾ ਹੈ। ਸਾਰੀਆਂ ਸੰਗਤਾਂ ਵੈਰਾਗ ਵਿਚ ਆ ਗਈਆਂ, ਆਖਰੀ ਦਿਨ ਆ ਗਿਆ, ਬਾਬਾ ਲਾਲ ਸਿੰਘ ਜੀ ਜੋ ਲੰਗਰ ਦੀ ਸੇਵਾ ਕਰਦੇ ਸੀ ਉਹ ਕਹਿਣ ਲੱਗੇ ਕਿ ਤੁਸੀਂ ਹੀ ਬੇਨਤੀ ਕਰੋ, ਤੁਹਾਡਾ ਕਿਹਾ ਤਾਂ ਮੰਨਦੇ ਨੇ। ਬਾਬਾ ਜੀ ਸਾਰੀ ਸੰਗਤ ਨੂੰ ਲੈ ਕੇ ਚਲੇ ਗਏ। ਬਾਬਾ ਕਰਮ ਸਿੰਘ ਜੀ ਕਹਿਣ ਲੱਗੇ ਲਾਲ ਸਿੰਘਾ! ਇਹ ਹੁਕਮ ਕਿਵੇਂ ਮੋੜੀਏ ਅਕਾਲ ਪੁਰਖ ਦਾ। ਰਹਿਣ ਨੂੰ ਤਾਂ ਚਾਹੇ ਅਸੀਂ ਦੱਸ ਸਾਲ ਰਹੀ ਜਾਈਏ, ਕੋਈ ਦੋਸ਼ ਨਹੀਂ ਹੈ। ਪਰ ਰੀਤ ਨਹੀਂ ਗੁਰਮਤਿ ਦੇ ਅੰਦਰ। ਗੁਰੂ ਵੀ ਚਲੇ ਗਏ ਸਮੇਂ ਤੇ। ਵੱਡੇ-ਵੱਡੇ ਆਪਣੇ ਪੂਰਵਜ ਮਹਾਤਮਾ ਵੀ ਸਮੇਂ ਸਿਰ ਚਲੇ ਗਏ ਜਿਹੜੇ ਸਮਰੱਥ ਸੀਗੇ ਸਭ ਕੁਛ ਕਰਨ ਨੂੰ ਤੇ ਆਪਾਂ ਰੀਤ ਕਿਵੇਂ ਤੋੜ ਦੇਈਏ। ਹਾਂ, ਇਕ ਗੱਲ ਹੈਗੀ, ਤੁਹਾਡੇ ਦੋ ਸਾਲ, ਦੋ ਮਹੀਨੇ, ਦੋ ਦਿਨ ਰਹਿੰਦੇ ਨੇ। ਤੇ ਤੁਸੀਂ ਅੱਜ ਸਾਢੇ ਚਾਰ ਵਜੇ ਸਾਡੀ ਥਾਂ ਚਲੇ ਜਾਓ। ਅਸੀਂ ਤੁਹਾਡੀ ਥਾਂ ਆ ਜਾਵਾਂਗੇ। ਸੋ ਤਿੰਨ ਵਜੇ ਜਦੋਂ ਬਾਬਾ ਜੀ ਨੇ ਬੁਲਾਇਆ, ਕਿ ਆਏ ਨਹੀਂ ਹਨ। ਬੇਅੰਤ ਇਕੱਠ ਹੋਇਆ-ਹੋਇਆ ਹੈ ਸੰਗਤਾਂ ਦਾ, ਅੰਗਰੇਜ਼ ਵੀ ਆਏ ਬੈਠੇ ਨੇ। ਘੜੀਆਂ ਦੇਖ ਰਹੇ ਨੇ ਕਿ ਸਾਢੇ ਚਾਰ ਵਜੇ ਕਿਵੇਂ ਛੱਡ ਦੇਣਗੇ। ਓਸ ਵੇਲੇ ਬਾਬਾ ਜੀ ਆਉਂਦੇ ਨੇ, ਕੀਰਤਨ ਕਰਿਆ ਅਰਦਾਸਾਂ ਕਰੀਆਂ, ਜਪੁਜੀ ਸਾਹਿਬ ਦਾ ਪਾਠ ਕਰਕੇ ਚਾਰ ਵਜ ਕੇ ਪੱਚੀ ਮਿੰਟ ਤੇ ਬਕਸੇ 'ਚ ਜਾ ਪਏ। ਪੰਜ ਮਿੰਟ ਤੋਂ ਬਾਅਦ ਬਾਬਾ ਕਰਮ ਸਿੰਘ ਜੀ ਕਹਿਣ ਲੱਗੇ ਦੇਖੋ, ਭਾਈ ਲਾਲ ਸਿੰਘ ਓਨੀਂ ਚਲੇ ਗਏ? ਹੱਥ ਲਾਇਆ ਉਹ ਕਹਿੰਦੇ ਮਹਾਰਾਜ ਓਹ ਤਾਂ ਸਰੀਰ ਛੱਡ ਗਏ ਤੇ ਏਸੇ ਤਰ੍ਹਾਂ ਦੇ ਨਾਲ ਬਾਬਾ ਜੀ ਦੋ ਸਾਲ ਦੋ ਮਹੀਨੇ ਤੋਂ ਬਾਅਦ ਸੈਦੋ ਜਾ ਕੇ ਉਨ੍ਹਾਂ ਨੇ ਸਰੀਰ ਛੱਡ ਦਿਤਾ। ਬਾਬਾ ਅਤਰ ਸਿੰਘ ਜੀ ਮਹਾਰਾਜ, ਸੰਤ ਈਸ਼ਰ ਸਿੰਘ ਜੀ ਮਹਾਰਾਜ ਤੋਂ ਜੋ ਪਹਿਲਾਂ ਹੋਏ ਨੇ, ਉਨ੍ਹਾਂ ਨੇ ਬਕਸਾ ਤਿਆਰ ਕਰ ਲਿਆ, ਕੇਵਲ ਜੈਲਦਾਰ ਨੂੰ ਭੇਤ ਦਿਤਾ ਕਿ ਰਸਤੇ ਸਾਫ ਕਰਾ ਲਓ, ਸੰਗਤਾਂ ਨੇ ਬਹੁਤੀਆਂ ਨੇ ਆਉਣਾ ਹੈ, ਚਲ੍ਹਾ ਹੈ ਰਾਮਪੁਰ ਦਾ ਇਹਨੂੰ ਸਾਫ ਕਰ। ਕਿਸੇ ਨੂੰ ਭੇਤ ਨਾ ਦੇਈਂ ਅਸੀਂ ਸਰੀਰ ਛੱਡ ਦੇਣਾ ਹੈ। ਮਹਾਰਾਜ ਜੀ ਦੱਸਿਆ ਕਰਦੇ ਸੀ ਕਿ ਉਨ੍ਹਾਂ ਨੇ ਠੀਕ ਸਮੇਂ ਤੇ ਆਪਣਾ ਸਰੀਰ ਛੱਡ ਦਿਤਾ ਸੀ।

*(ਬਾਕੀ ਪੰਨਾ 39 'ਤੇ)*



# ਰਤਵਾੜਾ ਸਾਹਿਬ ਵਿਖੇ ਮਿਤੀ 30, 31 ਅਕਤੂਬਰ ਅਤੇ 1, 2 ਨਵੰਬਰ 2015 ਨੂੰ ਕਰਵਾਏ ਗਏ ਸਾਲਾਨਾ ਗੁਰਮਤਿ ਰੂਹਾਨੀ ਸਮਾਗਮ ਅਤੇ ਪਸ਼ਚਾਤਾਪ ਸਮਾਗਮ ਦੀ ਵਿਸਥਾਰ ਸਹਿਤ ਰਿਪੋਰਟ



## 30 ਅਕਤੂਬਰ-ਸਮਾਗਮ ਦਾ ਪਹਿਲਾ ਦਿਨ

ਧੰਨ-ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼, ਪਿਆਰੇ ਮਹਾਂਪੁਰਸ਼ਾਂ ਅਤੇ ਮਾਤਾ ਜੀਆਂ ਦੀ ਨਿੱਘੀ ਯਾਦ ਵਿਚ ਅਤੇ ਪੰਜਾਬ ਭਰ ਵਿਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੋਈ ਬੇਅਦਬੀ ਦੇ ਰੋਸ ਵਜੋਂ ਰਤਵਾੜਾ ਸਾਹਿਬ ਵਿਖੇ 4 ਰੋਜ਼ਾ ਸਾਲਾਨਾ ਗੁਰਮਤਿ ਸਮਾਗਮ 30 ਅਕਤੂਬਰ ਨੂੰ ਸ਼ੁਰੂ ਹੋਏ। ਸਵੇਰੇ 0.900 ਵਜੇ ਵਿਸ਼ਾਲ ਦੀਵਾਨ ਹਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਪ੍ਰਕਾਸ਼ ਬੜੇ ਸ਼ਾਨੋ-ਸ਼ੌਕਤ ਅਤੇ ਜਾਹੋ-ਜਲਾਲ ਨਾਲ ਕੀਤੇ ਗਏ। ਸੁੰਦਰ ਪਾਲਕੀ ਵਿਚ ਸਸ਼ੋਭਿਤ ਗੁਰੂ ਮਹਾਰਾਜ ਜੀ ਦਾ ਪ੍ਰਕਾਸ਼ ਅਲੌਕਿਕ ਦ੍ਰਿਸ਼ ਪੇਸ਼ ਕਰ ਰਿਹਾ ਸੀ। ਧੰਨ-ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿਚ ਕਥਾ ਕੀਰਤਨ, ਗੁਰਮਤਿ ਵਿਚਾਰਾਂ ਤੇ ਲੈਕਚਰ ਆਦਿ ਸੰਗਤਾਂ ਨਾਲ ਸਾਂਝੇ ਕੀਤੇ ਗਏ।

ਰਤਵਾੜਾ ਸਾਹਿਬ ਟਰੱਸਟ ਦੇ ਸਕੂਲ ਸੰਤ ਵਰਿਆਮ ਸਿੰਘ ਮੈਮੋਰੀਅਲ ਸੀਨੀਅਰ ਸਕੈਂਡਰੀ ਸਕੂਲ ਅਤੇ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸੀਨੀਅਰ ਸਕੈਂਡਰੀ ਸਕੂਲ ਦੇ ਬੱਚਿਆਂ ਵਲੋਂ ਧੰਨ-ਧੰਨ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਦੇ ਸਬੰਧ ਵਿਚ ਕਥਾ-ਕੀਰਤਨ, ਢਾਡੀ ਵਾਰਾਂ, ਕਵੀਸਰੀ ਤੇ ਲੈਕਚਰ ਪੇਸ਼ ਕੀਤੇ ਗਏ। ਵਿਸ਼ੇਸ਼ ਤੌਰ ਤੇ ਉਪੇਰਾ 'ਖ਼ੂਨੀ ਚਰਖੜੀ' ਪੇਸ਼ ਕੀਤਾ ਗਿਆ। ਬਾਬਾ ਗੁਰਦੇਵ ਸਿੰਘ ਜੀ ਬਨੂੜ, ਭਾਈ ਜਸਵਿੰਦਰ ਸਿੰਘ ਘੋਲਾ, ਸੰਤ ਪੂਰਨ ਸਿੰਘ ਜੀ ਦਿੱਲੀ, ਗਿਆਨੀ ਇਕਬਾਲ ਸਿੰਘ, ਸੰਤ ਸੁਰਿੰਦਰ ਸਿੰਘ ਮੋਹਾਲੀ ਵਾਲਿਆਂ ਨੇ ਹਾਜ਼ਰੀ ਭਰੀ। ਅਖੀਰ ਵਿਚ ਸੰਤ ਲਖਬੀਰ ਸਿੰਘ ਰਤਵਾੜਾ ਸਾਹਿਬ ਵਾਲਿਆ ਵਲੋਂ, ਮਾਲਕ ਬ੍ਰਹਿਮੰਡਾਂ ਦਾ, ਮੁਕਤੀ ਦਾ ਦਾਤਾ ਸਤਿਗੁਰੂ, ਧਾਰਨਾ ਦੀ ਰਸਮਈ ਧੁਨੀ ਗਾਇਨ ਕੀਤੀ। ਉਨ੍ਹਾਂ ਨੇ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਜੀਵਨ ਅਤੇ ਉਨ੍ਹਾਂ ਵਲੋਂ ਰਚਿਤ ਬਾਣੀ ਤੋਂ ਸੇਧ ਲੈਣ ਦੀ ਪ੍ਰੇਰਨਾ ਦਿਤੀ। ਮਹਾਂਪੁਰਸ਼ਾਂ ਨੇ ਦੱਸਿਆ ਕਿ ਧੰਨ ਗੁਰੂ ਰਾਮਦਾਸ ਜੀ ਮਹਾਰਾਜ ਨੇ ਸਮਰੱਥ ਗੁਰੂ ਅਮਰਦਾਸ ਜੀ ਦੀ ਸ਼ਰਨ ਵਿਚ ਜਾ ਕੇ ਸੇਵਾ ਸਿਮਰਨ ਕਰਕੇ ਉਚੀ ਪਦਵੀ ਪ੍ਰਾਪਤ ਕੀਤੀ। ਸਾਨੂੰ ਵੀ ਸਮਰੱਥ ਗੁਰੂ ਦੀ ਸ਼ਰਨ ਵਿਚ ਜਾ ਕੇ ਸੇਵਾ ਸਿਮਰਨ ਕਰਦੇ ਹੋਏ ਜੀਵਨ ਸਫਲ ਕਰਨਾ ਚਾਹੀਦਾ ਹੈ। ਰਾਤ ਦੇ



ਸਮਾਗਮ ਵਿਚ ਸਿੱਖ ਇਤਿਹਾਸ ਵਿਚ ਬੀਬੀਆਂ ਦੇ ਯੋਗਦਾਨ ਤੇ ਕੁਰਬਾਨੀਆਂ ਬਾਰੇ ਵਿਚਾਰਾਂ ਕੀਤੀਆਂ ਗਈਆ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਅੱਖਾਂ ਦੇ ਫਰੀ ਅਪਰੇਸ਼ਨ ਵੀ ਕੀਤੇ ਗਏ। ਇਸ ਮੌਕੇ ਬਾਬਾ ਹਰਪਾਲ ਸਿੰਘ, ਬਾਬਾ ਗੁਰਪਾਲ ਸਿੰਘ ਫਗਵਾੜਾ, ਸ੍ਰੀ ਮਾਨ ਕਰਨੈਲ ਸਿੰਘ, ਭਾਈ ਸੁਖਵਿੰਦਰ ਸਿੰਘ, ਭਾਈ ਮਨਜੀਤ ਸਿੰਘ ਯੂ.ਐਸ.ਏ, ਭਾਈ ਸਤਨਾਮ ਸਿੰਘ ਯੂ.ਐਸ.ਏ, ਸ: ਇੰਦਰਜੀਤ ਸਿੰਘ ਰੰਧਾਵਾ ਅਤੇ ਦੇਸ਼-ਵਿਦੇਸ਼ਾਂ ਦੀਆਂ ਸੰਗਤਾਂ ਨੇ ਹਾਜ਼ਰੀ ਭਰੀ। ਸੰਗਤਾਂ ਦੀ ਸਹੂਲਤ ਦਾ ਹਰ ਪੱਖੋਂ ਖਿਆਲ ਰੱਖਿਆ ਗਿਆ। ਇਹ ਸਮਾਗਮ ਸਿੱਖੀ ਦੇ ਅਮੀਰ ਵਿਰਸੇ ਨਾਲ ਜੁੜਨ ਦਾ ਵਿਸ਼ੇਸ਼ ਉਪਰਾਲਾ ਸੀ।

**ਸਮਾਗਮ ਦਾ ਦੂਜਾ ਦਿਨ - 31 ਅਕਤੂਬਰ-ਪਿਆਰੇ ਮਹਾਂਪੁਰਸ਼ ਸਚਖੰਡਵਾਸੀ ਸੰਤ ਵਰਿਆਮ ਸਿੰਘ ਜੀ ਦੀ ਨਿੱਘੀ ਯਾਦ ਨੂੰ ਸਮਰਪਿਤ।**

ਮਿਤੀ 31 ਅਕਤੂਬਰ 2015, ਦਿਨ ਸ਼ਨਿੱਚਰਵਾਰ, ਰਤਵਾੜਾ ਸਾਹਿਬ ਵਿਖੇ ਸਮਾਗਮ ਦਾ ਦੂਜਾ ਦਿਨ ਸੀ। ਅੱਜ ਦਾ ਗੁਰਮਤਿ ਸਮਾਗਮ ਪਰਮ ਸਤਿਕਾਰਯੋਗ ਸੰਤ ਬਾਬਾ ਵਰਿਆਮ ਸਿੰਘ ਜੀ ਦੀ ਨਿੱਘੀ ਯਾਦ ਨੂੰ ਸਮਰਪਿਤ ਸੀ। ਪਿਆਰੇ ਮਹਾਂਪੁਰਸ਼ਾਂ ਨੂੰ ਗੁਰੂ ਮਹਾਰਾਜ ਜੀ ਦੀ ਐਸੀ ਬਖਸ਼ਿਸ਼ ਪ੍ਰਾਪਤ ਸੀ, 'ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥' ਆਪ ਜੀ ਸਾਰਾ ਜੀਵਨ ਨਾਮ-ਸਿਮਰਨ ਵਿਚ ਸਰਸ਼ਾਰ ਹੋਏ ਅਤੇ ਲੱਖਾਂ ਜੀਆਂ ਨੂੰ ਨਾਮਬਾਣੀ ਨਾਲ ਜੋੜਿਆ। ਐਸੇ ਜੀਵਨ ਬਾਰੇ ਹੀ ਗੁਰਬਾਣੀ ਵਿਚ ਕਿਹਾ ਹੈ -

ਧੰਨੁ ਧੰਨੁ ਧੰਨੁ ਜਨੁ ਆਇਆ ॥ ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ॥ ਅੰਗ - ੩੯੫

ਆਪ ਜੀ ਨੇ ਲੋਕ ਭਲਾਈ ਲਈ ਰਤਵਾੜਾ ਸਾਹਿਬ ਵਿਖੇ ਵਿਦਿਅਕ ਕੇਂਦਰ, ਸਕੂਲ, ਹਸਪਤਾਲ, ਸਿਲਾਈ ਕਢਾਈ ਕੇਂਦਰ, ਟ੍ਰੇਨਿੰਗ ਕਾਲਜ, ਬਿਰਧ ਆਸ਼ਰਮ ਅਨੇਕਾਂ ਪਰਉਪਕਾਰੀ ਕਾਰਜ ਕੀਤੇ ਜਿਨ੍ਹਾਂ ਦਾ ਪ੍ਰਗਟਾਵਾ ਅੱਜ ਪੰਥ ਦੇ ਪ੍ਰਸਿੱਧ ਵਿਦਵਾਨਾਂ, ਵਿਆਖਿਆਕਾਰਾਂ, ਸ਼ਬਦ-ਕੀਰਤਨੀ ਜੱਥਿਆਂ ਨੇ ਆਪਣੇ ਵਿਚਾਰਾਂ ਰਾਹੀਂ ਕੀਤਾ।

ਸਮਾਗਮ ਸਵੇਰੇ ਅੰਮ੍ਰਿਤ ਵੇਲੇ 'ਆਸਾ ਜੀ ਵਾਰ' ਦੇ ਗਾਇਨ ਨਾਲ 4.30 ਵਜੇ ਪ੍ਰਾਰੰਭ ਹੋਇਆ। ਉਪਰੰਤ ਰੂਹਾਨੀ ਮਿਸ਼ਨ ਦੇ ਵਰਤਮਾਨ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਨੇ ਸ਼ਬਦ ਦੀ ਵਿਆਖਿਆ ਆਪਣੇ ਅੰਮ੍ਰਿਤ-ਮਈ ਬਚਨਾਂ ਰਾਹੀਂ ਕੀਤੀ। ਅਰਦਾਸ ਅਤੇ ਹੁਕਮਨਾਮੇ ਦੀ ਵਿਆਖਿਆ ਉਪਰੰਤ ਭਾਈ ਪ੍ਰਭਜੋਤ ਸਿੰਘ ਜੀ, ਭਾਈ ਤ੍ਰਿਲੋਚਨ ਸਿੰਘ ਜੀ, ਭਾਈ ਗਿਆਨ ਸਿੰਘ ਜੀ, ਪ੍ਰਸਿੱਧ ਰਾਗੀ ਭਾਈ ਜਤਿੰਦਰ ਸਿੰਘ ਜੀ ਪੱਟੀ ਵਾਲੇ ਅਤੇ













ਬਾਬਾ ਗੁਰਚਰਨ ਸਿੰਘ ਜੀ ਨੇ 'ਧੁਰ ਕੀ ਬਾਣੀ' ਦਾ ਸ਼ਬਦ-ਕੀਰਤਨ ਮਿੱਠੀ ਅਤੇ ਸੁਰੀਲੀ ਆਵਾਜ਼ ਵਿਚ ਪੇਸ਼ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰਸਿੱਧ ਢਾਡੀ ਗਿਆਨੀ ਜਗਦੇਵ ਸਿੰਘ ਜਾਚਕ ਨੇ ਢਾਡੀ ਪਰੰਪਰਾ ਅਨੁਸਾਰ 'ਵਾਰ' ਗਾਇਨ ਕਰਕੇ ਸੇਵਾ ਨਿਭਾਈ। ਮੀਰੀ-ਪੀਰੀ ਦੇ ਕੀਰਤਨੀ ਜੱਥੇ ਦੀਆਂ ਬੱਚੀਆਂ ਨੇ ਮਨੋਹਰ ਕੀਰਤਨ ਰਾਹੀਂ ਹਾਜ਼ਰੀ ਭਰੀ। ਸ: ਭਗਵਾਨ ਸਿੰਘ ਜੌਹਲ ਅਤੇ ਕਾਕਾ ਆਤਮ ਪ੍ਰਕਾਸ਼ ਸਿੰਘ ਨੇ ਸੰਖੇਪ ਵਿਖਿਆਨਾਂ ਰਾਹੀਂ ਗੁਰਮਤਿ ਵਿਚਾਰ ਪ੍ਰਗਟਾਏ ਅਤੇ ਮਹਾਂਪੁਰਸ਼ਾਂ ਦੇ ਪਰਉਪਕਾਰਾਂ ਦਾ ਜ਼ਿਕਰ ਕਰਕੇ ਆਪਣੀ ਸ਼ਰਧਾਂਜਲੀ ਭੇਂਟ ਕੀਤੀ। ਕਥਾ-ਕੀਰਤਨ-ਵਿਆਖਿਆ ਦੀ ਲੜੀ ਵਿਚ ਵਿਸ਼ੇਸ਼ ਤੌਰ ਤੇ ਬਾਬਾ ਸਤਨਾਮ ਸਿੰਘ ਜੀ ਅਮਰੀਕਾ ਵਾਲੇ, ਸੰਤ ਬਾਬਾ ਹਰਪਾਲ ਸਿੰਘ ਜੀ ਰਤਵਾੜਾ ਸਿੰਘ, ਬਾਬਾ ਗੁਰਪਾਲ ਸਿੰਘ ਜੀ ਅਤੇ ਮਹਾਂਪੁਰਸ਼ਾਂ ਦੀ ਸਪੁੱਤਰ ਬੀਬੀ ਰੂਪੀ ਸਿੱਧੂ ਨੇ ਮਨੋਹਰ ਸ਼ਬਦ ਗਾਇਨ ਅਤੇ ਵਾਹਿਗੁਰੂ ਮੰਤ੍ਰ ਦੀ ਮਿੱਠੀ ਧੁਨੀ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ।

ਵਿਸ਼ਵ ਰੂਹਾਨੀ ਮਿਸ਼ਨ ਨੇ ਅਨੇਕਾਂ ਪੁਸਤਕਾਂ ਰਾਹੀਂ ਸੰਤ ਮਹਾਰਾਜ ਜੀ ਦੇ ਪ੍ਰਵਚਨ ਸਾਂਝੇ ਹਨ, ਜਿਨ੍ਹਾਂ ਵਿਚ ਗੁਰਮਤਿ ਗੁਰੂ ਫਿਲਾਸਫੀ ਦੀ ਬੜੇ ਸਰਲ ਢੰਗ ਨਾਲ ਸੰਗਤਾਂ ਨਾਲ ਸਾਂਝ ਪਾਈ ਹੈ। ਅੱਜ ਸੱਤ ਪੁਸਤਕਾਂ ਸੰਤ ਬਾਬਾ ਲਖਬੀਰ ਸਿੰਘ ਜੀ ਅਤੇ ਹੋਰ ਸੰਤਾਂ ਮਹਾਂਪੁਰਸ਼ਾਂ ਦੇ ਕਰ ਕਮਲਾਂ ਰਾਹੀਂ ਰਿਲੀਜ਼ ਕੀਤੀਆਂ ਗਈਆਂ। ਪੁਸਤਕ ਅਮਰ ਗਾਥਾ, ਬਾਤ ਅਗੰਮ ਕੀ (ਸੱਤ ਭਾਗਾਂ ਦਾ ਸੰਗ੍ਰਹਿ), ਪੱਤਰ ਪ੍ਰੇਰਕ ਦੇ ਪ੍ਰਸ਼ਨ ਉੱਤਰ, ਗੁਰੂ ਅਮਰਦਾਸ ਪਰਸੀਐ, ਅੰਦਰਲੀ ਖੋਜ, ਕਿਵ ਸਚਿਆਰਾ ਹੋਈਐ (ਤਿੰਨ ਭਾਗਾਂ ਦਾ ਸੰਗ੍ਰਹਿ) ਇਨ੍ਹਾਂ ਵਿਚ ਪਿਆਰੇ ਮਹਾਂਪੁਰਸ਼ਾਂ ਦੇ ਪ੍ਰਵਚਨ ਹਨ। 'ਜਨਮ ਪਦਾਰਥੁ ਸਫਲੁ ਹੋਇ' ਅਤੇ 'ਆਤਮ ਗਿਆਨ' ਵਿਚ ਸੰਤ ਬਾਬਾ ਲਖਬੀਰ ਸਿੰਘ ਜੀ ਦੇ ਪ੍ਰਵਚਨ ਹਨ। ਸੰਤ ਮਹਾਰਾਜ ਜੀ ਦੇ ਪ੍ਰਵਚਨਾਂ ਨੂੰ ਜਿਵੇਂ ਹਰ ਮਹੀਨੇ ਛਪਦੇ 'ਆਤਮ ਮਾਰਗ' ਵਿਚ ਅਤੇ ਮਿਸ਼ਨ ਵਲੋਂ ਛਪੀਆਂ ਹੋਰ ਪੁਸਤਕਾਂ ਰਾਹੀਂ ਪ੍ਰਸਾਰਿਆ ਜਾ ਰਿਹਾ ਹੈ, ਇਸ ਬਾਰੇ ਭਾਈ ਸੁਖਵਿੰਦਰ ਸਿੰਘ ਜੀ ਨੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਦਿਆਂ ਦਸਿਆ ਕਿ ਗੁਰਮਤਿ ਸਮਾਗਮਾਂ ਸਮੇਂ ਸਾਰੀਆਂ ਪੁਸਤਕਾਂ ਅੱਧੀ ਕੀਮਤ ਤੇ ਦਿਤੀਆਂ ਜਾ ਰਹੀਆਂ ਹਨ ਅਤੇ 'ਆਤਮ ਮਾਰਗ' ਦੀ ਮੈਂਬਰਸ਼ਿਪ ਅੱਧੀ ਭੇਟਾ ਵਿਚ ਪ੍ਰਾਪਤ ਹੋ ਰਹੀ ਹੈ। ਇਨ੍ਹਾਂ ਪੁਸਤਕਾਂ ਅਤੇ ਆਤਮ ਮਾਰਗ ਰਾਹੀਂ ਸਮੂੰਹ ਸੰਗਤਾਂ ਗੁਰੂ ਜੀ ਦੇ ਰੂਹਾਨੀ ਮਾਰਗ ਨਾਲ ਜੁੜ ਸਕਦੀਆਂ ਹਨ।

ਸਮਾਗਮ ਦੇ ਅਗਲੇ ਵਕਤਾ ਸੰਤ ਬਾਬਾ ਸੇਵਾ ਸਿੰਘ ਜੀ ਰਾਮਪੁਰ ਖੇੜਾ, ਬਾਬਾ ਜੱਸਾ ਸਿੰਘ ਜੀ ਭੂਰੀ ਵਾਲੇ, ਬਾਬਾ ਗੁਰਦੇਵ ਸਿੰਘ ਬਨੂੜ ਵਾਲੇ ਜਿਨ੍ਹਾਂ ਸ਼ਬਦ-ਕੀਰਤਨ, ਵਿਆਖਿਆ ਅਤੇ ਵਾਹਿਗੁਰੂ ਮੰਤਰ ਦੇ ਜਾਪ ਰਾਹੀਂ ਸੇਵਾ ਨਿਭਾਈ। ਅੱਜ ਦੇ ਪ੍ਰੋਗਰਾਮ ਵਿਚ ਵਿਸ਼ੇਸ਼ ਤੌਰ ਤੇ ਸ਼ਾਮਲ ਹੋਣ ਲਈ ਪਧਾਰੇ ਬਾਬਾ ਗੁਲਾਮ ਹੈਦਰ ਕਾਦਰੀ, ਜਿਨ੍ਹਾਂ ਨੂੰ ਬਾਬਾ ਕਾਦਰੀ ਜੀ ਬਰਨਾਲੇ ਵਾਲੇ ਕਰਕੇ ਜਾਣਿਆ ਜਾਂਦਾ ਹੈ। ਇਨ੍ਹਾਂ ਨੇ ਸਰਬ ਮਨੁੱਖਤਾ ਦੇ ਭਾਈਚਾਰੇ ਵਿਚ ਪਿਆਰ ਵੰਡਣ ਦਾ ਸੰਦੇਸ਼ ਦਿਤਾ ਅਤੇ ਗੁਰਬਾਣੀ ਦੇ ਨਿਮਨ ਬਚਨਾਂ ਦੀ ਵਿਆਖਿਆ -

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥ ਅੰਗ - ੧੩੪੯

ਪ੍ਰੋਗਰਾਮ ਦੀ ਸਪੰਨਤਾ ਮਿਸ਼ਨ ਦੇ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਰਾਹੀਂ ਮਨੋਹਰ ਸ਼ਬਦ ਗਾਇਨ ਕੀਰਤਨ ਅਤੇ ਅਲੌਕਿਕ ਬਚਨਾਂ ਰਾਹੀਂ ਹੋਈ। ਆਪ ਜੀ ਨੇ ਪਿਆਰੇ ਮਹਾਂਪੁਰਸ਼ਾਂ ਨੂੰ ਯਾਦ ਕਰਦਿਆਂ 'ਕੋਈ ਆਣ ਮਿਲਾਵੈ ਮੇਰਾ ਪ੍ਰੀਤਮ ਪਿਆਰਾ' ਸ਼ਬਦ ਦੀ ਮਿੱਠੀ ਧੁਨੀ ਦਾ ਗਾਇਨ ਸਮੂੰਹ ਸੰਗਤਾਂ ਨਾਲ ਐਨੇ ਪਿਆਰ ਵਿਚ ਕੀਤਾ ਕਿ ਸੰਗਤਾਂ ਸੰਤ ਮਹਾਰਾਜ ਦੇ ਵੈਰਾਗਮਈ ਰੰਗ ਵਿਚ ਲੀਨ ਹੋ ਗਈਆਂ। ਆਪ ਜੀ ਨੇ







ਪਿਆਰੇ ਮਹਾਂਪੁਰਸ਼ਾਂ ਦੇ ਜੀਵਨ ਵਿਚੋਂ ਰੂਹਾਨੀ ਪ੍ਰਸੰਗ ਸਰਵਣ ਕਰਵਾਏ ਅਤੇ ਸੁਖਮਨੀ ਸਾਹਿਬ ਜੀ ਦੇ ਨਿਮਨ ਸ਼ਬਦਾਂ ਦੀ ਝਲਕ ਮਹਿਸੂਸ ਕੀਤੀ -

ਓਹੁ ਧਨਵੰਤੁ ਕੁਲਵੰਤੁ ਪਤਿਵੰਤੁ ॥
ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ
॥ ਧੰਨੁ ਧੰਨੁ ਧੰਨੁ
ਜਨੁ ਆਇਆ ॥
ਜਿਸੁ ਪ੍ਰਸਾਦਿ
ਸਭੁ ਜਗਤੁ ਤਰਾਇਆ ॥

ਅੰਗ - ੨੯੫















ਆਪ ਜੀ ਨੇ ਦੱਸਿਆ ਕਿ ਕਿਵੇਂ ਬਚਪਨ ਤੋਂ ਹੀ ਗੁਰੂ ਕ੍ਰਿਪਾ ਸਦਕਾ ਆਪ ਜੀ ਨੂੰ ਮਹਾਂਪੁਰਸ਼ਾਂ ਦੀ ਸੰਗਤ ਓਦੋਂ ਤੋਂ ਹੀ ਪ੍ਰਾਪਤ ਹੋਈ ਜਦੋਂ ਆਪ ਜੀ ਨੇ ਬਿਲਾਸਪੁਰ (ਯੂ.ਪੀ) ਦੇ ਪਛੜੇ ਇਲਾਕੇ ਵਿਚ ਸਿੱਖੀ ਦਾ, ਗੁਰਮਤਿ ਦਾ ਪ੍ਰਚਾਰ ਕੀਤਾ। ਸਿੱਖ ਵਾਹੀਕਾਰਾਂ ਨੇ ਕਰੜੀ ਮਿਹਨਤ ਨਾਲ ਜੰਗਲ ਆਬਾਦ ਕੀਤੇ ਪਰ ਇਹ ਆਬਾਦਕਾਰ ਆਪ ਵੀ ਜੰਗਲੀ ਹੋ ਗਏ। ਨਸ਼ਿਆਂ ਦੀ ਵਰਤੋਂ ਚੋਰੀ ਡਾਕਾ, ਕਈ ਕੁਕਰਮਾਂ ਦੇ ਚਿੱਕੜ ਵਿਚ ਫਸ ਗਏ। ਆਪ ਜੀ ਨੇ ਘਰ-ਘਰ ਫਿਰ ਕੇ ਸੰਗਤ ਜੋੜੀ, ਗੁਰਬਾਣੀ ਤੇ ਨਾਮ ਸਿਮਰਨ ਦੇ ਪ੍ਰਵਾਹ ਚਲਾ ਕੇ ਗੁਰਮਤਿ ਤੇ ਸਿੱਖੀ ਨਾਲ ਜੋੜਿਆ ਤੇ ਹਜ਼ਾਰਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕ ਕੇ ਨਵਾਂ ਜੀਵਨ ਪ੍ਰਾਪਤ ਹੋਇਆ। ਐਸੇ ਪਰਉਪਕਾਰ ਹੀ ਆਪ ਜੀ ਨੇ ਸਿੰਧ, ਫੌਜ ਦੀ ਨੌਕਰੀ ਸਮੇਂ ਅਤੇ ਚੰਡੀਗੜ੍ਹ ਵਿਚ ਨੌਕਰੀ ਕਰਦਿਆਂ ਕੀਤੇ। ਨਤੀਜੇ ਵਜੋਂ ਰਤਵਾੜਾ ਸਾਹਿਬ ਹੋਂਦ ਵਿਚ ਆਇਆ ਅਤੇ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੀ ਸਥਾਪਨਾ ਕੀਤੀ। ਦੀਵਾਨਾਂ ਰਾਹੀਂ, ਲਿਖਤਾਂ ਰਾਹੀਂ, ਆਤਮ ਮਾਰਗ ਮੈਗਜ਼ੀਨ, ਅਨੇਕਾਂ ਪੁਸਤਕਾਂ ਰਾਹੀਂ, ਸਕੂਲਾਂ, ਕਾਲਜਾਂ, ਆਸ਼ਰਮਾਂ ਰਾਹੀਂ ਮਨੁੱਖਤਾ ਦੀ ਸੇਵਾ ਕੀਤੀ। ਪ੍ਰਵਚਨਾਂ ਦੀ ਸਪੰਨਤਾ ਕਰਦਿਆਂ ਆਪ ਜੀ ਨੇ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣ ਦੀ ਅਪੀਲ ਕੀਤੀ। ਅਰਦਾਸ ਦੀ ਸੇਵਾ ਭਾਈ ਸੁਖਵਿੰਦਰ ਸਿੰਘ ਜੀ ਨੇ ਨਿਭਾਈ। ਹੁਕਮਨਾਮਾ ਸਰਵਣ ਕਰਕੇ ਸੰਗਤਾਂ ਸਤਿਨਾਮੁ ਦਾ ਜਾਪ ਕਰਦਿਆਂ ਘਰਾਂ ਨੂੰ ਪਰਤੀਆਂ। ਵੱਡੀ ਗਿਣਤੀ ਵਿਚ ਸੰਗਤਾਂ ਰਤਵਾੜਾ ਸਾਹਿਬ ਦੇ ਵਿਸ਼ਾਲ ਕੰਪਲੈਕਸ ਵਿਚ ਰਾਤ ਦੇ ਸਮਾਗਮ ਦਾ ਅਨੰਦ ਮਾਣਨ ਲਈ ਠਹਿਰੀਆਂ। ਰਾਤ ਦਾ ਦੀਵਾਨ ਸਮੂੰਹ ਸ਼ਹੀਦਾਂ ਨੂੰ ਸਮਰਪਿਤ ਸੀ।

## ਸਮਾਗਮ ਦਾ ਤੀਜਾ ਦਿਨ

## ਸਤਿਕਾਰਯੋਗ ਬੀਜੀ (ਮਾਤਾ ਰਣਜੀਤ ਕੌਰ ਜੀ) ਦੀ ਯਾਦ ਵਿਚ

ਰਤਵਾੜਾ ਸਾਹਿਬ ਵਿਖੇ ਮਿਤੀ 1 ਨਵੰਬਰ 2015 ਨੂੰ ਗੁਰਮਤਿ ਸਮਾਗਮ ਦਾ ਤੀਜਾ ਦਿਨ ਸੀ। ਇਹ ਮਹਾਨ ਸਮਾਗਮ ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ (ਜੀਵਨ ਸਾਥੀ ਸ੍ਰੀ ਮਾਨ







ਸੰਤ ਵਰਿਆਮ ਸਿੰਘ ਜੀ) ਦੀ ਨਿੱਘੀ ਯਾਦ ਨੂੰ ਸਮਰਪਿਤ ਸੀ। ਸੰਤ ਮਹਾਰਾਜ ਦੇ ਸਮੂੰਹ ਕਾਰਜਾਂ ਵਿਚ ਆਪ ਜੀ ਨੇ ਤਨੋ-ਮਨੋ ਪੂਰਾ ਸਾਥ ਦਿਤਾ। ਇਹ ਸੇਵਾ ਭਾਵੇਂ ਦੀਵਾਨਾਂ ਰਾਹੀਂ ਗੁਰਮਤਿ ਪ੍ਰਚਾਰ ਦੀ ਸੀ ਜਾਂ ਮੈਗਜ਼ੀਨ 'ਆਤਮ ਮਾਰਗ' ਆਡੀਓ, ਵੀ.ਡੀ.ਓ ਕੈਸਟਾਂ ਫਿਲਮਾਂ ਰਾਹੀਂ ਜਾਂ ਸਕੂਲਾਂ ਕਾਲਜਾਂ ਦੀ ਸਥਾਪਨਾ ਰਾਹੀਂ ਹੋਈ, ਬੀਜੀ ਨੇ ਇਹ ਸੇਵਾ ਵੱਧ ਚੜ੍ਹ ਕੇ ਨਿਭਾਈ।

ਨਿੱਤ ਮਰਿਆਦਾ ਅਨੁਸਾਰ ਅੱਜ ਦਾ ਸਮਾਗਮ ਵੀ ਅੰਮ੍ਰਿਤ ਵੇਲੇ 4.00 ਵਜੇ ਆਸਾ ਦੀ ਵਾਰ ਨਾਲ ਪ੍ਰਾਰੰਭ ਹੋਇਆ। ਆਸਾ ਦੀ ਵਾਰ ਦੀ ਸੇਵਾ ਬੀਬੀ ਚਰਨਜੀਤ ਕੌਰ ਦੇ ਬੀਬੀਆਂ ਦੇ ਜੱਥੇ ਨੇ ਨਿਭਾਈ। ਉਪਰੰਤ ਮਿਸ਼ਨ ਦੇ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਨੇ ਗੁਰਮਤਿ ਗੁਰਬਾਣੀ ਦੇ ਮਹਾਨ ਉਪਦੇਸ਼, ਨਾਮ ਜਪੁ ਸਿਮਰਨ ਦੀ ਮਹਿਮਾ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਸਰਵਣ ਕਰਵਾਈ। ਅਰਦਾਸ ਉਪਰੰਤ ਹੁਕਮਨਾਮੇ ਦੀ ਕਥਾ ਦੀ ਸੇਵਾ ਭਾਈ ਨਰਿੰਦਰ ਸਿੰਘ ਜੀ ਨੇ ਨਿਭਾਈ। ਮਹਾਂਪੁਰਸ਼ਾਂ ਵਲੋਂ ਸਥਾਪਿਤ ਕੀਤੇ ਗਏ ਸਕੂਲਾਂ ਦੇ ਅਧਿਆਪਕਾਂ ਨੇ ਮਿੱਠੀ ਸੁਰ ਵਿਚ ਸ਼ਬਦ ਕੀਰਤਨ ਕੀਤਾ। ਸ਼ਬਦ ਕੀਰਤਨ ਦੀ ਇਹ ਲੜੀ ਨਿਰੰਤਰ ਜਾਰੀ ਰਹੀ। ਸਤਿਕਾਰਯੋਗ ਬੀਜੀ ਨੂੰ ਪਿਆਰ ਭਰੀ ਸ਼ਰਧਾ ਗੁਰਬਾਣੀ ਦੇ ਸ਼ਬਦ ਗਾਇਨ ਰਾਹੀਂ ਭੇਟ ਵਿਚ ਵਿਸ਼ੇਸ਼ ਪ੍ਰੇਮੀ ਸਨ-ਭਾਈ ਗੁਰਵਿੰਦਰ ਸਿੰਘ ਬਟਾਲੇ ਵਾਲੇ, ਭਾਈ ਹਰਪਾਲ ਸਿੰਘ ਸਨੇਹੀ, ਭਾਈ ਰਾਜਵੀਰ ਸਿੰਘ ਖਡੂਰ ਸਾਹਿਬ, ਭਾਈ ਬਲਵਿੰਦਰ ਸਿੰਘ ਜੀ ਰਾਗੀ ਪੱਟੀ ਵਾਲੇ, ਰਾਗੀ ਭਾਈ ਗੁਰਜੀਤ ਸਿੰਘ ਰੁਦਰਪੁਰ ਵਾਲੇ। ਭਾਈ ਮੱਖਣ ਸਿੰਘ ਮਨੀਲਾ ਨੇ ਕਵਿਤਾ ਰਾਹੀਂ ਆਪਣੀਆਂ ਭਾਵਨਾਵਾਂ ਪ੍ਰਗਟ ਕੀਤੀਆਂ। ਡਾ. ਸਰਬਜਿੰਦਰ ਸਿੰਘ ਜੀ, ਮੁਖੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਆਪਣੇ ਭਾਸ਼ਨ ਵਿਚ ਗੁਰਮਤਿ ਦੇ ਪ੍ਰਸੰਗ ਵਿਚ ਮਾਤਾ ਜੀ ਦੇ ਰੂਹਾਨੀ ਜੀਵਨ ਦੀ ਝਾਕੀ ਪੇਸ਼ ਕੀਤੀ ਅਤੇ ਦੱਸਿਆ ਕਿ ਕਿਵੇਂ ਮਹਾਂਪੁਰਸ਼ਾਂ ਦੇ ਸਮੂੰਹ ਮਹਾਨ ਕਾਰਜਾਂ ਵਿਚ ਬੀਜੀ ਦਾ ਪੂਰਨ ਸਹਿਯੋਗ ਸੀ।







ਸਤਿਕਾਰਯੋਗ ਬੀਜੀ ਵਲੋਂ ਸੰਚਾਲਤ ਕੀਤੇ ਆਤਮ ਮਾਰਗ ਮੈਗਜ਼ੀਨ ਸਬੰਧੀ ਭਾਈ ਗਰਿੰਦਰ ਸਿੰਘ ਜੀ ਆਤਮ ਮਾਰਗ ਵਾਲਿਆਂ ਨੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ। ਉਪਰੰਤ ਭਾਈ ਜਸਵਿੰਦਰ (ਘੋਲਾ) ਜਿਹੜੇ ਪਿਛਲੇ ਲੰਮੇਰੇ ਸਮੇਂ ਤੋਂ ਬੀਜੀ ਦੀ ਸੇਵਾ




ਵਿਚ ਦਿਨ ਰਾਤ ਪੂਰੀ ਲਗਨ ਨਾਲ ਸਮਰਪਿਤ ਰਹੇ, ਉਨ੍ਹਾਂ ਨੇ ਬੀਜੀ ਦੀ ਪ੍ਰਸੰਸਾ ਵਿਚ ਬਚਨ ਕੀਤੇ। ਸਰਦਾਰ ਮਨਜੀਤ ਸਿੰਘ ਜੀ (ਅਮਰੀਕਾ ਨਿਵਾਸੀ) ਸਪੁੱਤਰ ਸ੍ਰੀ ਮਾਨ ਸੰਤ ਵਰਿਆਮ ਸਿੰਘ ਜੀ, ਨੇ ਸੰਗਤਾਂ ਦੇ ਦਰਸ਼ਨ ਕਰਦਿਆਂ ਬੜੇ ਵੈਰਾਗਮਈ ਢੰਗ ਨਾਲ ਸਤਿਕਾਰਯੋਗ ਮਾਤਾ ਜੀ (ਮਾਤਾ ਰਣਜੀਤ ਕੌਰ) ਦੀ ਦੋ ਸਾਲ ਪਹਿਲਾਂ ਹੋਈ ਵਿਦਾਇਗੀ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਸਹਿਜ ਵਿਚ ਵਿਚਰਦੇ ਬੀਜੀ ਨੇ ਅੰਤਿਮ ਸਵਾਸਾਂ ਸਮੇਂ ਵੀ ਬਿਲਕੁਲ ਅਡੋਲ ਅਵਸਥਾ ਵਿਚ ਸਿਮਰਨ ਕਰਦਿਆਂ ਸਰੀਰ ਤਿਆਗਿਆ ਅਤੇ ਮਹਾਂਪੁਰਸ਼ਾਂ ਦੀ ਸੰਗਤ ਵਿਚ ਜਾ ਰਲੇ।

ਬਾਬਾ ਹਰਪਾਲ ਸਿੰਘ ਨੇ ਆਪਣੇ ਪ੍ਰਵਚਨਾਂ ਵਿਚ ਦੱਸਿਆ ਕਿ ਸੰਤ ਮਹਾਰਾਜ ਵਾਂਗ ਬੀਜੀ ਦਾ ਸਾਰਾ ਜੀਵਨ ਵੀ ਨਾਮ ਸਿਮਰਨ ਅਤੇ ਸੇਵਾ ਵਿਚ ਬੀਤਿਆ। ਗੁਰੂ ਮਹਾਰਾਜ ਦਾ ਫੁਰਮਾਨ ਹੈ – 'ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥' ਸੰਤ ਮਹਾਰਾਜ ਅਤੇ ਮਾਤਾ ਜੀ ਸਦਾ ਸਾਡੇ ਸੰਗ ਹਨ। ਆਪ ਜੀ ਦੇ ਪਿਤਾ ਸੰਤ ਹੀਰਾ ਸਿੰਘ ਜੀ, ਮਾਤਾ ਹਰਪਾਲ ਕੌਰ, ਕਰਨੀ ਕਮਾਈ ਦੇ ਮਾਲਕ ਸਨ। ਸ਼ਬਦ ਕੀਰਤਨ ਦੀ ਸੇਵਾ ਨਿਭਾਉਂਦਿਆਂ ਆਪ ਜੀ ਨੇ 'ਪੂਤਾ ਮਾਤਾ ਕੀ ਆਸੀਸ ॥' ਦੇ ਗਾਇਨ ਰਾਹੀਂ ਸਪੰਨਤਾ ਕੀਤੀ।

ਸੰਤ ਬਾਬਾ ਲਖਬੀਰ ਸਿੰਘ ਜੀ ਨੇ ਆਪਣੇ ਪ੍ਰਚਨਾਂ ਦਾ ਆਰੰਭ ਇਲਾਹੀ ਬਾਣੀ 'ਹਰਿਮੰਦਰ ਸੋਈ ਆਖੀਐ' ਦੀ ਅੰਮ੍ਰਿਤ ਮਈ ਧੁਨੀ ਰਾਹੀਂ ਕੀਤਾ। ਮਹਾਂਪੁਰਸ਼ਾਂ ਵਲੋਂ ਰੂਹਾਨੀ ਵਿਖਿਆਨਾਂ ਦੀ ਮਰਿਆਦਾ ਅਨੁਸਾਰ ਹੀ ਆਪ ਜੀ ਨੇ ਰੂਹਾਨੀ ਪ੍ਰਵਚਨ ਸੰਗਤ ਨਾਲ ਸਾਂਝੇ ਕੀਤੇ ਅਤੇ ਦਸਿਆ ਕਿ ਗੁਰਮੁਖ ਪ੍ਰੇਮੀ ਸ਼ਬਦ ਰੂਪ, ਰਸ ਰੂਪ ਅਤੇ ਪ੍ਰਕਾਸ਼ ਰੂਪ ਵਿਚ ਪ੍ਰਵਿਰਤ ਹੁੰਦੇ ਹਨ, ਪ੍ਰਾਪਤੀ ਕੇਵਲ ਉਨ੍ਹਾਂ ਨੂੰ ਹੀ ਹੋਈ ਜੋ ਸ਼ਬਦ ਨਾਲ ਜੁੜੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆਂ ਵਿਚ, ਅੰਮ੍ਰਿਤ ਪਾਨ ਕਰਕੇ ਗੁਰੂ ਵਾਲੇ ਬਣੇ। ਮਹਾਂਪੁਰਸ਼ਾਂ ਤੇ ਬੀਜੀ ਨੇ ਸ਼ਬਦ ਦੀ ਕਮਾਈ ਕੀਤੀ ਅਤੇ ਸੰਗਤਾਂ ਨੂੰ ਨਾਮ ਸਿਮਰਨ, ਗੁਰਬਾਣੀ, ਗੁਰਸ਼ਬਦ ਨਾਲ ਜੋੜਿਆ। ਆਪ ਜੀ ਨੇ ਦੱਸਿਆ ਕਿ ਸੱਚੀ ਸ਼ਰਧਾ ਉਨ੍ਹਾਂ ਦੇ ਬਚਨਾਂ ਦੀ ਪਾਲਨਾ ਵਿਚ ਹੈ – ਉਹ ਹੈ ਸ਼ਬਦ ਦੀ ਕਮਾਈ, ਸੱਚਾ-ਸੁੱਚਾ ਗੁਰਮੁਖ ਜੀਵਨ ਅਤੇ ਸੇਵਾ। ਇਹੋ ਜੋਗ ਹੈ, ਭਗਤੀ ਹੈ, ਘਾਲ ਕਮਾਈ ਹੈ। ਹਰੀ ਨੂੰ ਜਪਣ ਵਾਲਾ ਹਰੀ ਰੂਪ ਹੋ ਜਾਂਦਾ ਹੈ। ਆਪ ਜੀ ਦੇ ਪ੍ਰਵਚਨਾਂ ਉਪਰੰਤ ਸੰਤ ਸਾਧੂ ਸਿੰਘ ਜੀ ਸੰਗਰੂਰ ਵਾਲਿਆਂ ਨੇ ਦੱਸਿਆ ਕਿ ਕਿਵੇਂ ਆਪ ਜੀ ਨੂੰ ਮਹਾਂਪੁਰਸ਼ਾਂ ਅਤੇ ਸਤਿਕਾਰਯੋਗ ਬੀਜੀ ਦੀ ਲੰਮੇ ਸਮੇਂ ਤੱਕ ਨਿੱਘੀ ਸੰਗਤ ਮਾਣਨ ਦਾ ਸੁਭਾਗ ਪ੍ਰਾਪਤ ਹੋਇਆ।



ਸਿੱਖ ਪੰਥ ਦੇ ਪ੍ਰਸਿੱਧ ਵਿਦਵਾਨ ਸੰਤ ਹਰੀ ਸਿੰਘ ਜੀ ਰੰਧਾਵੇ ਵਾਲਿਆ ਨੇ ਸਤਿਕਾਰਯੋਗ ਮਾਤਾ ਜੀ ਦੀ ਅਣਥੱਕ ਘਾਲਣਾ ਦੀਆਂ ਕਈ ਉਦਾਹਰਣਾਂ ਸੰਗਤ ਨਾਲ ਸਾਂਝੀਆਂ ਕੀਤੀਆਂ। ਆਪ ਜੀ ਨੇ ਦੱਸਿਆ ਕਿ ਮਹਾਂਪੁਰਸ਼ਾਂ ਨੇ ਨਿਰੋਲ ਗੁਰਮਤਿ ਦਾ ਪ੍ਰਚਾਰ ਤੇ ਪਾਸਾਰ ਕੀਤਾ ਅਤੇ ਇਸ ਕਾਰਜ ਲਈ ਅਨੇਕ ਸਾਧਨ ਵਰਤੇ ਜਿਨ੍ਹਾਂ ਵਿਚ ਸਤਿਕਾਰਯੋਗ ਬੀਜੀ ਦੀ ਵਿਸ਼ੇਸ਼ ਦੇਣ ਹੈ। ਆਪ ਨੇ ਇਹ ਭਰੋਸਾ ਸਾਂਝਾ ਕੀਤਾ ਕਿ ਮਹਾਂਪੁਰਸ਼ਾਂ ਵਲੋਂ ਸੰਚਾਲਨ ਸਮੂੰਹ ਕਾਰਜਾਂ ਦੀ ਸੌਂਪਣਾ ਬੜੇ ਜੋਗ ਗੁਰੂ ਪਿਆਰੇ ਵਾਲੇ ਬਾਬਾ ਲਖਬੀਰ ਸਿੰਘ ਜੀ ਨੂੰ ਕੀਤੀ ਜਿਸ ਦੀ ਸੇਵਾ ਆਪ ਜੀ ਬੜੀ ਨਿਪੁੰਨਤਾ ਨਾਲ ਨਿਭਾ ਰਹੇ ਹਨ। ਐਸੇ ਸੁੰਦਰ ਦੀਵਾਨ ਹਾਲ ਦੀ ਸਿਰਜਨਾ ਇਕ ਉਦਾਹਰਣ ਹੈ। ਮਿਸ਼ਨ ਦੇ ਚੇਅਰਮੈਨ ਸੰਤ ਬਾਬਾ ਲਖਬੀਰ ਸਿੰਘ ਨੇ ਸ੍ਰੀ ਮਾਨ ਸੰਤ ਵਰਿਆਮ ਸਿੰਘ ਜੀ ਦੀ ਪੁਸਤਕ 'ਅੰਦਰਲੀ ਖੋਜ' ਸੰਤ ਸਾਧੂ ਸਿੰਘ ਜੀ ਸੰਗਰੂਰ ਵਾਲੇ ਅਤੇ ਸੰਤ ਹਰੀ ਸਿੰਘ ਰੰਧਾਵੇ ਵਾਲਿਆਂ ਦੀ ਸੰਗਤ ਵਿਚ ਰਿਲੀਜ਼ ਕੀਤੀ। ਮਹਾਂਪੁਰਸ਼ਾਂ ਦੀਆਂ ਸਾਰੀਆਂ ਪੁਸਤਕਾਂ ਅਤੇ ਆਤਮ ਮਾਰਗ ਮੈਗਜ਼ੀਨ ਸਮਾਗਮ ਦੇ ਦਿਨਾਂ ਵਿਚ ਅੱਧੀ ਭੇਟਾ ਤੇ ਪ੍ਰਾਪਤ ਹੋਏ। ਜਿਸ ਦਾ ਸੰਗਤ ਨੇ ਬਹੁਤ ਹੁੰਗਾਰਾ ਭਰਿਆ। ਬਾਬਾ ਗੁਰਪਾਲ ਸਿੰਘ ਜੀ ਦੇ ਜੱਥੇ ਨੇ ਮਨੋਹਰ ਕੀਰਤਨ ਅਤੇ ਸ਼ਬਦ ਵਿਆਖਿਆ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਬੀਜੀ ਦੀ ਯਾਦ ਵਿਚ ਸਾਰੀਆਂ ਸੰਗਤਾਂ ਕੁਝ ਮਿੰਟਾਂ ਲਈ ਸਿਮਰਨ ਵਿਚ ਜੁੜੀਆਂ। ਸਮਾਗਮ ਨਿਰੰਤਰ ਚਲਦਾ ਰਿਹਾ, ਰਹਿਰਾਸ ਸਾਹਿਬ ਦੇ ਪਾਠ ਉਪਰੰਤ ਕਥਾ ਕੀਰਤਨ ਦੀ ਲੜੀ ਰਾਤ 12 ਵਜੇ ਤਕ ਜਾਰੀ ਰਹੀ।

**ਸਮਾਗਮ ਦਾ ਆਖਰੀ ਦਿਨ – 2 ਨਵੰਬਰ – ਪੰਜਾਬ ਵਿਚ ਵੱਖ-ਵੱਖ**



ਥਾਵਾਂ 'ਤੇ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਰੋਸ ਅਤੇ ਪਸ਼ਚਾਤਾਪ ਨੂੰ ਸਮਰਪਿਤ।

ਮਿਤੀ 2 ਨਵੰਬਰ 2015 ਨੂੰ ਰਤਵਾੜਾ ਸਾਹਿਬ ਵਿਖੇ ਹੋ ਰਹੇ 4 ਰੋਜ਼ਾ ਸਮਾਗਮ ਦਾ ਚੌਥਾ ਅਤੇ ਅੰਤਲਾ ਸਮਾਗਮ ਸੀ। ਇਹ ਸਮਾਗਮ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਦਬ-ਸਤਿਕਾਰ, ਵਿਚਾਰਧਾਰਾ ਅਤੇ ਸੰਪਾਦਨਾ ਨੂੰ ਸਮਰਪਿਤ ਸੀ।

ਪਰੰਪਰਾ ਅਨੁਸਾਰ ਇਹ ਸਮਾਗਮ ਵੀ ਅੰਮ੍ਰਿਤ ਵੇਲੇ 4.00 ਵਜੇ ਆਸਾ ਦੀ ਵਾਰ ਨਾਲ ਪ੍ਰਾਰੰਭ ਹੋਇਆ। ਆਸਾ ਦੀ ਵਾਰ ਦੇ ਕੀਰਤਨ ਦੀ ਸੇਵਾ ਬੀਬੀ ਉਜਾਗਰ ਕੌਰ ਦੇ ਜੱਥੇ ਨੇ ਨਿਭਾਈ। ਉਪਰੰਤ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਾਨਤਾ ਤੇ ਮਹਾਨਤਾ ਅਨਮੋਲ ਬਚਨਾਂ ਰਾਹੀਂ ਦਰਸਾਈ। ਆਪ ਜੀ ਨੇ ਵਿਆਖਿਆ ਵਿਚ ਸਿੱਧ ਕੀਤਾ ਕਿ ਅੱਜ ਪੂਰੇ ਵਿਸ਼ਵ ਦਾ ਜੇ ਇਕੋ ਧਰਮ ਹੋ ਸਕਦਾ ਹੈ, ਉਹ ਹੈ ਸ਼ਬਦ-ਗੁਰੂ, ਨਾਮ-ਜਪੁ-ਸਿਮਰਨ ਅਤੇ ਨਿਰਮਲ-ਕਰਮ, ਸੇਵਾ, ਪਰਉਪਕਾਰ ਜੋ ਗੁਰੂ ਗ੍ਰੰਥ ਸਾਹਿਬ ਜੀ ਦਾ ਮੁੱਖ ਸਿਧਾਂਤ ਹੈ -

ਸਰਬ ਧਰਮ ਮਹਿ ਸ੍ਰੇਸਟ ਧਰਮੁ ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥ ਅੰਗ- ੨੬੬

ਉਪਰੰਤ ਹੁਕਮਨਾਮਾ ਲਿਆ ਗਿਆ, ਜਿਸ ਦੀ ਵਿਆਖਿਆ ਭਾਈ ਨਰਿੰਦਰ ਸਿੰਘ ਕਥਾ ਵਾਚਕ ਰਤਵਾੜਾ ਸਾਹਿਬ ਜੀ ਨੇ ਕੀਤੀ। ਮਹਾਂਪੁਰਸ਼ਾਂ ਵਲੋਂ ਸੰਚਾਲਨ ਕੀਤੇ ਦੋਨੋਂ ਸਕੂਲਾਂ, ਸੰਤ ਵਰਿਆਮ ਸਿੰਘ ਮੈਮੋਰੀਅਲ ਹਾਇਰ ਸੈਕੰਡਰੀ ਸਕੂਲ ਅਤੇ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਦੇ ਅਧਿਆਪਕਾਂ ਨੇ ਸ਼ਬਦ ਗਾਇਨ ਕੀਤੇ। ਸ਼ਬਦ ਕੀਰਤਨ, ਸ਼ਬਦ ਵਿਚਾਰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਅਤੇ ਵਿਚਾਰਧਾਰਾ ਦੀ ਲੜੀ ਨਿਰੰਤਰ ਜਾਰੀ ਰਹੀ ਜਿਸ ਵਿਚ ਦੂਰ ਨੇੜੇ ਤੋਂ ਪਧਾਰੇ ਕੀਰਤਨੀ ਜੱਥਿਆਂ, ਵਿਦਵਾਨਾਂ ਅਤੇ ਸੰਤ ਮਹਾਂਪੁਰਸ਼ਾਂ ਨੇ ਅਨਮੋਲ ਬਚਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਵਰਣਨਯੋਗ ਕੁਝ ਨਾਮ ਇਸ ਪ੍ਰਕਾਰ ਹਨ - ਭਾਈ ਹਰਪ੍ਰੀਤ ਸਿੰਘ ਜੀ, ਭਾਈ ਨਰਿੰਦਰ ਸਿੰਘ ਜੀ ਸ਼ਾਂਤ, ਬੀਬੀ ਜਸਪ੍ਰੀਤ ਕੌਰ ਪਟਿਆਲਾ, ਭਾਈ ਮੱਖਣ ਸਿੰਘ ਮਨੀਲਾ, ਭਾਈ ਸਤਸਰੂਪ ਸਿੰਘ, ਭਾਈ ਗੁਰਦੀਪ ਸਿੰਘ ਬਟਾਲੇ ਵਾਲੇ, ਸੰਤ ਗੁਰਚਰਨ ਸਿੰਘ ਜੀ ਮਰਦਾਂਪੁਰ, ਕੀਰਤਨੀ ਜੱਥਾ ਰਾੜਾ ਸਾਹਿਬ, ਬਾਬਾ ਗੁਰਮੀਤ ਸਿੰਘ, ਬਾਬਾ ਸੁਖਜੀਤ ਸਿੰਘ ਸੰਗਰੂਰ। ਇਸ ਤੋਂ ਬਿਨਾਂ ਢਾਡੀ ਤਰਸੇਮ ਸਿੰਘ ਮੋਰਾਂਵਾਲੀ ਨੇ ਢਾਡੀ ਪ੍ਰਥਾ ਅਨੁਸਾਰ ਵਾਰਾਂ ਦਾ ਗਾਇਨ ਕੀਤਾ। ਭਾਈ ਗੁਰਦੇਵ ਸਿੰਘ ਜੀ ਹਜ਼ੂਰ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਨੇ ਇਲਾਹੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਸੰਤ ਬਾਬਾ ਸਰਬਜੋਤ ਸਿੰਘ ਬੇਦੀ ਊਨਾ ਸਾਹਿਬ ਵਾਲਿਆਂ ਨੇ ਗੁਰਮਤਿ ਵਿਚਾਰ ਪ੍ਰਗਟ ਕਰਦਿਆਂ ਅਜੋਕੀਆਂ ਵਾਪਰੀਆਂ ਮੰਦ ਘਟਨਾਵਾਂ ਦਾ ਜ਼ਿਕਰ ਕਰਦਿਆਂ ਦੁਖ ਪ੍ਰਗਟ ਕੀਤਾ ਅਤੇ ਸਮੂਹ ਸਿੱਖ ਜਗਤ ਨੂੰ ਸਾਂਝੀਵਾਲਤਾ ਵਿਚ, ਇਕ ਗੁਰੂ, ਗੁਰ ਸ਼ਬਦ ਨਾਲ ਜੁੜ ਕੇ ਰਹਿਣ ਦੀ ਅਪੀਲ ਕੀਤੀ। ਸੰਤ ਹਰੀ ਸਿੰਘ ਜੀ ਰੰਧਾਵੇ ਵਾਲਿਆਂ ਨੇ ਵਿਸ਼ੇਸ਼ ਤੌਰ ਤੇ ਵਾਪਰੀਆਂ ਮੰਦ ਘਟਨਾਵਾਂ ਦੀ ਪੂਰੀ ਜਾਣਕਾਰੀ ਦਿਤੀ ਅਤੇ ਦੁਖ ਸਾਂਝਾ ਕੀਤਾ ਕਿ ਨਿਰਾਦਰੀ ਕਰਨ ਵਾਲੇ ਦੋਸ਼ੀਆਂ ਨੂੰ ਪਕੜਨ ਦੀ ਥਾਂ ਰੋਸ ਕਰਨ ਵਾਲੀਆ ਨਿਹੱਥੀਆਂ ਸੰਗਤਾਂ ਉਪਰ ਲਾਠੀਚਾਰਜ ਕਰਨਾ ਅਤੇ ਗੋਲੀ ਚਲਾਣੀ ਘਨੌਣੀ ਅਤੇ ਨਿੰਦਣਯੋਗ ਕਾਰਵਾਈ ਹੈ। ਜਿਸ ਦੀ ਸਾਰੇ ਸਿੱਖ ਜਗਤ ਨੇ, ਦੇਸ਼-ਪ੍ਰਦੇਸ਼ ਵਿਚ ਸਖਤ ਅਲੋਚਨਾ ਕੀਤੀ ਹੈ। ਆਪ ਜੀ ਨੇ ਦੱਸਿਆ ਕਿ ਸਮੂਹ ਸਿੱਖ ਸੰਗਤਾਂ ਅਤੇ ਸੰਤ ਮਹਾਂਪੁਰਸ਼ਾਂ ਨੇ ਇਸ



ਮਾਮਲੇ ਨੂੰ ਗੰਭੀਰਤਾ ਨਾਲ ਲਿਆ ਹੈ ਅਤੇ ਅਕਾਲ ਤਖਤ ਸਾਹਿਬ ਅਤੇ ਸਮੂੰਹ ਪੰਜਾਂ ਤਖਤਾਂ 'ਤੇ ਗੁਰਬਾਣੀ ਨਾਲ ਤਨੋ-ਮਨੋ ਜੁੜੇ ਸਿੱਖ ਪੰਥ ਦੇ ਹਿਤੈਸ਼ੀ ਗੁਰਸਿੱਖਾਂ ਨੂੰ ਸ਼ਸ਼ੋਭਤ ਕੀਤਾ ਜਾਵੇ ਤਾਂਕਿ ਉਹ ਸਿੱਖ ਪੰਥ ਦੀ ਸਹੀ ਅਗਵਾਈ ਕਰ ਸਕਣ।

ਬਾਬਾ ਗੁਰਪਾਲ ਸਿੰਘ ਜੀ ਯੂ.ਪੀ ਵਾਲਿਆਂ ਨੇ ਵੀ ਇਸ ਵਿਸ਼ੇ ਸਬੰਧੀ ਵਿਚਾਰ ਪ੍ਰਗਟਾਏ। ਬਾਬਾ ਹਰਪਾਲ ਸਿੰਘ ਜੀ ਅਤੇ ਅਮਰੀਕਾ ਨਿਵਾਸੀ ਮਹਾਂਪੁਰਸ਼ਾਂ ਦੇ ਸਪੁੱਤਰ ਸ. ਮਨਜੀਤ ਸਿੰਘ ਨੇ ਵੀ ਸੰਗਤਾਂ ਨੂੰ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਟੀਚਿਆਂ ਸਬੰਧੀ ਜਾਣਕਾਰੀ ਦਿਤੀ। ਸ: ਇੰਦਰਜੀਤ ਸਿੰਘ ਰੰਧਾਵਾ ਨੇ ਵੀ ਸੰਗਤਾਂ ਨੂੰ ਸੰਬੋਧਨ ਕੀਤਾ। ਸ. ਹਰਭਾਗ ਸਿੰਘ ਦੇਸੂਮਾਜਰਾ ਅਤੇ ਨੰਬਰਦਾਰ ਤ੍ਰਿਲੋਚਨ ਸਿੰਘ ਮਾਨ ਬਲੌਂਗੀ ਵਾਲਿਆਂ ਨੇ ਵੀ ਹਾਜ਼ਰੀ ਭਰੀ।

ਪੂਰੇ ਸਮਾਗਮ ਦੇ ਕੇਂਦਰ ਬਿੰਦੂ, ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਹੋਈ ਬੇਅਦਬੀ ਅਤੇ ਵਾਪਰੀਆਂ ਦੁਖਦਾਈ ਘਟਨਾਵਾਂ ਜਿਨ੍ਹਾਂ ਨਾਲ ਸੰਗਤਾਂ ਦੇ ਹਿਰਦੇ ਦੁਖੀ ਹੋਏ, ਸਾਰਾ ਦਿਨ ਕੇਂਦਰਤ ਰਿਹਾ।

## ਸਮਾਗਮ ਦੀ ਸਪੰਨਤਾ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਮੁਖੀ ਬਾਬਾ ਲਖਬੀਰ ਸਿੰਘ ਜੀ ਦੇ ਪ੍ਰਵਚਨਾਂ ਨਾਲ ਹੋਈ। ਆਪ ਜੀ ਨੇ ਮਹਾਂਪੁਰਸ਼ਾਂ ਅਤੇ ਸਤਿਕਾਰਯੋਗ ਬੀਜੀ ਦੀ ਮਹਾਨ ਘਾਲ-ਕਮਾਈ, ਸਾਧਨਾ ਅਤੇ ਸੇਵਾ ਦਾ ਜ਼ਿਕਰ ਕਰਦਿਆਂ, ਮਹਾਨ ਯੋਗੀ ਸਵਾਮੀ ਰਾਮ ਜੀ ਦੇ ਮਹਾਂਪੁਰਸ਼ਾਂ ਲਈ ਪਿਆਰ ਤੇ ਸਤਿਕਾਰ ਨੂੰ ਦੱਸਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਦਬ ਸਤਿਕਾਰ, ਗੁਰੂ ਗ੍ਰੰਥ ਸਾਹਿਬ ਦੇ ਸੰਪਾਦਕ ਗੁਰੂ ਅਰਜਨ ਦੇਵ ਜੀ ਦੇ ਸਮੇਂ ਦੀ ਇਸ ਘਟਨਾ ਤੋਂ ਪ੍ਰਤੱਖ ਹੁੰਦਾ ਹੈ ਜਦੋਂ ਆਪ ਜੀ ਨੇ ਆਪਣਾ ਆਸਣ ਭੂੰਜੇ ਕਰਕੇ ਗੁਰੂ ਗ੍ਰੰਥ ਸਾਹਿਬ ਨੂੰ ਪਲੰਘ ਤੇ ਸੁਸ਼ੋਭਿਤ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੁੰਦਿਆਂ ਫੁਰਮਾਇਆ 'ਗੁਰੂ ਮਾਨਿਓ ਗ੍ਰੰਥ' ਸਾਰੀ ਮਨੁੱਖਤਾ ਦੇ ਸਾਂਝੇ ਹਨ। ਗੁਰੂ ਗ੍ਰੰਥ ਸਾਹਿਬ ਦਾ ਨਿਰਾਦਰ ਕੁਲ ਜਹਾਨ ਦੀ ਮਨੁੱਖਤਾ ਦਾ ਨਿਰਾਦਰ ਹੈ, ਐਸੇ ਗੁਰੂ ਦੀ ਜਿਸ ਦਾ ਸੰਦੇਸ਼ ਹੈ - ਤੇਰੇ ਭਾਣੇ ਸਰਬੱਤ ਦਾ ਭਲਾ। ਨਿਰਾਦਰ ਕਰਨ ਵਾਲਿਆਂ ਨੂੰ ਰੱਬ ਸੁਮੱਤ ਬਖਸ਼ੇ, ਸਰਕਾਰ ਆਪਣੇ ਫਰਜ਼ ਨਿਭਾਵੇ, ਸਿੱਖ ਜਥੇਬੰਦੀਆਂ ਗੁਰੂ ਪਿਆਰ ਵਿਚ ਮਿਲ ਕੇ ਸਾਂਝੇ ਪ੍ਰੋਗਰਾਮਾਂ ਵਿਚ ਕਿਰਿਆਸ਼ੀਲ ਹੋਣ। ਆਪ ਜੀ ਨੇ ਸਮੂੰਹ ਬੁਲਾਰਿਆਂ ਅਤੇ ਆਈਆਂ ਸੰਗਤਾਂ ਦਾ ਕੋਟਿ-ਕੋਟਿ ਧੰਨਵਾਦ ਕੀਤਾ। ਸਟੇਜ ਸੈਕਟਰੀ ਦੀ ਸੇਵਾ ਭਾਈ ਜਸਵੰਤ ਸਿੰਘ ਅਤੇ ਪ੍ਰੋ. ਗੁਰਦੇਵ ਸਿੰਘ ਨੇ ਨਿਭਾਈ। ਅਰਦਾਸ ਦੀ ਸੇਵਾ ਭਾਈ ਸੁਖਵਿੰਦਰ ਸਿੰਘ ਨੇ ਬਾਖੂਬੀ ਨਿਭਾਈ। ਹੁਕਮਨਾਮੇ ਦੀ ਸੇਵਾ ਭਾਈ ਪ੍ਰਭਜੋਤ ਸਿੰਘ ਨੇ ਨਿਭਾਈ। ਸੰਗਤਾਂ ਨਾਮ ਬਾਣੀ ਵਿਚ ਰੰਗੀਆਂ ਆਪਣੇ ਘਰਾਂ ਨੂੰ ਪਰਤੀਆਂ।

ਇਨ੍ਹਾਂ ਸਮਾਗਮਾਂ ਲਈ ਬੜੇ ਸੁਚੱਜੇ ਪ੍ਰਬੰਧ ਕੀਤੇ ਗਏ। ਨਵ-ਉਸਾਰੇ ਵਿਸ਼ਾਲ ਦੀਵਾਨ ਹਾਲ ਵਿਚ ਹਜ਼ਾਰਾਂ ਸੰਗਤਾਂ ਨੇ ਆਰਾਮ ਨਾਲ ਸਜ ਕੇ ਸਾਰੇ ਪ੍ਰੋਗਰਾਮਾਂ ਦਾ ਆਨੰਦ ਮਾਣਿਆ। ਪੁਰਾਤਨ ਦੀਵਾਨ ਹਾਲ ਵਿਚ ਸਜੀਆਂ ਸੰਗਤਾਂ ਨੇ ਗੁਰੂ ਕੇ ਲੰਗਰਾਂ ਦਾ ਰਸ ਮਾਣਿਆ। ਥਾਂ-ਥਾਂ ਛਬੀਲਾਂ ਦਾ ਪ੍ਰਬੰਧ ਕੀਤਾ ਗਿਆ। ਛੋਟੇ ਬੱਚਿਆਂ ਲਈ ਦੁੱਧ ਦੇ ਸਟਾਲ ਲਗਾਏ ਗਏ। ਟਰਾਂਸਪੋਰਟ, ਰਿਹਾਇਸ਼ੀ ਪ੍ਰਬੰਧ, ਕੰਟਰੋਲ ਰੂਮ, ਪੁਲਿਸ ਸਟੇਸ਼ਨ ਆਦਿ ਸੰਗਤਾਂ ਦੀਆਂ ਸਹੂਲਤਾਂ ਵਿਚ ਤਤਪਰ ਦਿਖ ਰਹੇ ਸਨ। ਪੰਜ ਥਾਂ ਤੇ ਜੋੜਾ ਘਰ ਅਤੇ ਤਿੰਨ ਥਾਵਾਂ ਤੇ ਫਲੱਸ਼ਾਂ ਦਾ ਪ੍ਰਬੰਧ ਕੀਤਾ ਗਿਆ। ਸਾਈਕਲ, ਮੋਟਰ ਸਾਈਕਲ, ਸਕੂਟਰ, ਕਾਰਾਂ, ਬੱਸਾਂ, ਟਰੱਕਾਂ ਰਾਹੀਂ ਪੁੱਜ ਰਹੀਆਂ ਸੰਗਤ ਲਈ ਪਾਰਕਿੰਗ ਦਾ ਪੂਰਾ-ਪੂਰਾ ਪ੍ਰਬੰਧ ਸੀ।

ਪੁਸਤਕਾਂ, ਆਤਮ ਮਾਰਗ ਮੈਗਜ਼ੀਨ, ਆਡੀਓ, ਵੀਡੀਓਜ਼, ਅੱਧੀ ਕੀਮਤ ਤੇ ਉਪਲਬਧ ਸਨ। ਆਤਮ ਮਾਰਗ ਦੀ ਮੈਂਬਰਸ਼ਿਪ ਅਤੇ ਰਿਨਿਊਲ 1500 ਤੋਂ ਵੱਧ ਮੈਂਬਰਾਂ ਨੇ ਪ੍ਰਾਪਤ ਕੀਤੀ। ਵੱਡੀ ਤਾਦਾਦ ਵਿਚ ਪਾਠਕ ਜਨਾਂ ਨੇ ਪੁਸਤਕਾਂ ਅਤੇ ਆਡੀਓ, ਵੀਡੀਓਜ਼ ਆਦਿ ਪ੍ਰਾਪਤ ਕੀਤੀਆਂ। ਅਸਲ ਵਿਚ ਰੂਹਾਨੀ ਰੰਗ ਵਿਚ ਰੰਗਿਆ ਇਹ ਅਲੌਕਿਕ ਅਤੇ ਨਿਵੇਕਲਾ ਮਹਾਨ ਗੁਰਮਤਿ ਸਮਾਗਮ ਸੀ ਜਿਸ ਦੀ ਅਮਿੱਟ ਛਾਪ ਲੰਮੇ ਸਮੇਂ ਤਕ ਅਨੇਕ ਜਗਿਆਸੂਆਂ ਦੇ ਅਨੰਦ ਦਾ ਆਧਾਰ ਬਣਿਆ ਰਹੇਗਾ।



(ਪੰਨਾ 30 ਦੀ ਬਾਕੀ)

ਸੋ ਜਦੋਂ ਮਾਤਾ ਜੀ ਦੀ ਗੱਲ ਆਉਂਦੀ ਹੈ, ਕਿੰਨੀਆਂ ਕਮਜ਼ੋਰੀਆਂ ਨੇ, ਗੁਰਸਿਖਾਂ 'ਚ ਐਨੀਆਂ-ਐਨੀਆਂ ਸ਼ਕਤੀਆਂ ਨੇ ਮਰਜ਼ੀ ਨਾਲ ਆਉਂਦੇ ਨੇ, ਮਰਜ਼ੀ ਨਾਲ ਚਲੇ ਜਾਂਦੇ ਨੇ, ਤੇ ਮਾਤਾ ਜੀ ਨੂੰ ਕਹਿੰਦੇ ਨੇ ਕਿ ਹੀਰਾ ਮੰਗਦੇ ਸੀ ਚੱਟਣ ਵਾਸਤੇ। ਕਿੱਡਾ ਅਨੁਭਵ ਗਲਤ ਹੋਇਆ ਹੈ। ਕਿੱਡਾ ਕਲੰਕਤ ਕਰਦੇ ਨੇ ਏਸ ਚੀਜ਼ ਨੂੰ ਕਿ ਜੀ ਸਿਰ ਮਾਰਿਆ। ਇਹਦੇ ਥਾਂ ਤੇ ਮਾਤਾ ਇੰਦ ਕੌਰ ਦਾ ਪੁੱਤਰ, ਜਦੋਂ ਨਾਮਧਾਰੀਆਂ ਨੂੰ ਤੋਪਾਂ ਨਾਲ ਉਡਾ ਰਹੇ ਸੀ, ਬਿਸ਼ਨ ਸਿੰਘ ਨਾਮ ਦਾ ਚੌਦਾਂ ਸਾਲ ਦਾ ਲੜਕਾ ਸੀ, ਉਹ ਐਨਾ ਸੋਹਣਾ ਸੀ, ਜਿਹੜਾ ਡੀ.ਸੀ ਸੀ; ਉਹਦੀ ਘਰਵਾਲੀ ਨੇ ਜਦ ਦੇਖਿਆ ਕਿ ਹੈਂ ਐਨਾ ਸੁੰਦਰ ਬੱਚਾ ਇਹ ਵੀ ਤੋਪ ਨਾਲ ਉਡ ਜਾਏਗਾ? ਉਹ ਛੱਡ ਦਿਤਾ ਗਿਆ, ਤੇ ਉਹ ਮਾਂ ਕੋਲ ਚਲਿਆ ਗਿਆ, ਕਹਿੰਦੀ ਤੂੰ ਛੁਟ ਕੇ ਕਿਉਂ ਆ ਗਿਆ। ਕਹਿੰਦਾ ਉਨ੍ਹਾਂ ਨੇ ਆਪੇ ਹੀ ਛੱਡ ਦਿਤਾ। ਕੰਨ ਵਿਚ ਗੱਲ ਕਹਿ ਦਿਤੀ, ਸਿੱਧਾ ਹੀ ਡੀ.ਸੀ ਕੋਲ ਗਿਆ, ਦਾਹੜੀ ਉਹਦੀ ਧੁਨੀ ਤਕ ਸੀ, ਉਹਨੇ ਕਿਹਾ ਕਿ ਕੋਈ ਭੇਤ ਦੀ ਗੱਲ ਦੱਸੇਗਾ, ਕਹਿੰਦਾ ਤੇਰੇ ਕੰਨ 'ਚ ਦੱਸਣੀ ਹੈ। ਨੀਵਾਂ ਹੋ ਗਿਆ, ਜਦ ਬਿਲਕੁਲ ਨੀਵਾਂ ਹੋਇਆ ਬੱਚੇ ਨੇ ਦਾਹੜੀ ਫੜ ਲਈ, ਛੱਡੀ ਹੀ ਨਾ, ਜ਼ੋਰ ਲਾ ਰਹੇ। ਕੋਲ ਨਾਭਾ ਸਟੇਟ ਦੇ ਰਸਾਲੇ ਦਾ ਰਾਮ ਸਿੰਘ ਨਾਮ ਦਾ ਖੜ੍ਹਾ ਸੀ, ਨੈਬ ਸੂਬੇਦਾਰ ਉਸਨੇ ਆਪਣੀ ਕਿਰਚ ਦੇ ਨਾਲ ਉਹਦੀਆਂ ਦੋਵੇਂ ਬਾਹਾਂ ਵੱਢ ਦਿਤੀਆਂ। ਉਸ ਤੋਂ ਬਾਅਦ ਉਹਦੀ ਗਰਦਨ ਵੱਢ ਦਿਤੀ, ਜਦੋਂ ਗਿਰ ਗਿਆ ਉਹਦਾ ਬੱਚਾ, ਉਸ ਬੀਬੀ ਨੇ ਐਨੇ ਜੈਕਾਰੇ ਬੁਲਾਏ, ਛਾਲਾਂ ਮਾਰੇ, ਕਹਿੰਦੀ ਮੇਰੀ ਕੁੱਖ ਸਵੱਲੀ ਹੋ ਗਈ। ਅੱਜ ਮੇਰਾ ਬੱਚਾ ਸ਼ਹੀਦਾਂ 'ਚ ਚਲਿਆ ਗਿਆਂ ਮੈਂ ਅਮਰ ਹੋ ਗਈ, ਮੈਂ ਫਰਜ਼ ਪੂਰਾ ਕਰ ਦਿਤਾ। ਉਹ ਮਾਤਾ ਜੇ ਐਨੀ ਖੁਸ਼ ਹੁੰਦੀ ਹੈ ਤੇ ਉਹਦੇ ਮੁਕਾਬਲੇ ਤੇ ਗੁਰੂ ਦਸ਼ਮੇਸ਼ ਪਿਤਾ ਦੀ ਮਾਤਾ ਜਿਹੜੀ ਸਿਖਿਆ ਦੇ ਕੇ ਭੇਜਦੀ ਹੈ ਰੋਜ਼ ਕਿ ਬੱਚਿਓ! ਧਰਮ ਨਹੀਂ ਹਾਰਨਾ ਸੀਸ ਭਾਵੇਂ ਚਲਿਆ ਜਾਏ। ਉਹ ਤਾਂ ਪਹਿਲਾਂ ਹੀ ਜਾਣਦੀ ਸੀ ਕਿ ਸੀਸ ਜਾਣਾ ਹੈ। ਤੇ ਉਹਨੂੰ ਕਹਿੰਦੇ ਨੇ ਕਿ ਜੀ ਹੀਰਾ ਚੱਟ ਕੇ ਜਾਨ ਦੇ ਦਿਤੀ, ਛਾਲ ਮਾਰ ਦਿਤੀ, ਕੋਈ ਕਹਿੰਦਾ ਹੈ ਕਿ ਜੀ ਉਹਦਾ heart fail ਹੋ ਗਿਆ। ਨਵੀਂ ਤੋਂ ਨਵੀਂ ਕਹਾਣੀ ਕੱਢਦੇ ਨੇ, ਗੁਰਮਤਿ ਨਹੀਂ ਇਨ੍ਹਾਂ ਚੀਜ਼ਾਂ ਨੂੰ ਪ੍ਰਵਾਨ ਕਰਦੀ, ਗੁਰਮਤਿ ਦੇ ਵਿਚ ਤਾਂ ਜੋ ਉਦੇਸ਼ ਹੈ ਉਹ ਇਸ ਤਰ੍ਹਾਂ ਹੈ -

*ਧਾਰਨਾ - ਆਵੈ ਜਾਏ ਨਿਸੰਗ ਗੁਰਮੁਖ ਪਿਆਰਾ-*
*ਗੁਰਮੁਖ ਪਿਆਰਾ।*

ਮਰਜ਼ੀ ਹੁੰਦੀ ਹੈ ਦੁਨੀਆਂ 'ਚ ਰਹਿੰਦੇ ਨੇ, ਮਰਜ਼ੀ ਹੁੰਦੀ ਹੈ ਸਰੀਰ ਛੱਡ ਜਾਂਦੇ ਨੇ। ਸੋ ਏਸ ਤਰ੍ਹਾਂ ਦੇ ਨਾਲ ਮਾਤਾ ਜੀ ਨੇ ਜਦ ਸੁਣਿਆ ਉਸ ਵੇਲੇ ਆਪ ਨੇ ਸੁਰਤੀ ਚਾੜ੍ਹੀ ਤੇ ਬ੍ਰਹਮ ਰੁੰਦਰ ਦੇ ਵਿਚੀਂ ਦਸਵੇਂ ਦੁਆਰ ਥਾਈਂ ਆਪਣੇ ਪ੍ਰਾਣ ਗੁਰੂ ਜੋਤੀ ਦੇ ਵਿਚ ਲੀਨ ਕਰ ਦਿਤੇ। ਸੋ ਇਸ ਤਰ੍ਹਾਂ ਮੈਂ ਬੇਨਤੀ ਇਹ ਕਰੀ ਸੀ ਕਿ ਨਾਮਦੇਵ ਜੀ ਨੂੰ ਜਦੋਂ ਉਹਨੇ ਇਹ ਗੱਲ ਕਹੀ, ਮਾਤਾ ਰੋਣ ਲੱਗ ਗਈ।

*ਰੁਦਨੁ ਕਰੈ ਨਾਮੇ ਕੀ ਮਾਇ ॥*
*ਛੋਡਿ ਰਾਮੁ ਕੀ ਨ ਭਜਹਿ ਖੁਦਾਇ ॥ ਅੰਗ - ੧੧੬੫*

ਕਹਿਣ ਲੱਗੀ ਕਿ ਤੂੰ ਛੱਡ ਦੇ ਬੇਟਾ, ਰਾਮ-ਰਾਮ ਦੀ ਥਾਂ ਤੇ ਖੁਦਾ-ਖੁਦਾ ਕਰ ਲੈ। ਕਹਿੰਦਾ ਮਾਤਾ, ਐਨੀ ਕਮਜ਼ੋਰ ਹੈਂ ਤੂੰ, ਮੈਂ ਤੈਨੂੰ ਮਾਂ ਨਹੀਂ ਕਹਿਣਾ।

*ਨ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ ॥*
*ਪਿੰਡੁ ਪੜੈ ਤਉ ਹਰਿ ਗੁਨ ਗਾਇ ॥ ਅੰਗ - ੧੧੬੫*

ਸਰੀਰ ਚਲਿਆ ਜਾਵੇ ਮੇਰਾ ਰਾਮ-ਰਾਮ ਕਰਦਿਆਂ ਦਾ।

*ਕਰੈ ਗਜਿੰਦੁ ਸੁੰਡ ਕੀ ਚੋਟ ॥*
*ਨਾਮਾ ਉਬਰੈ ਹਰਿ ਕੀ ਓਟ ॥ ੮ ॥*
*ਕਾਜੀ ਮੁਲਾਂ ਕਰਹਿ ਸਲਾਮੁ ॥*
*ਇਨਿ ਹਿੰਦੂ ਮੇਰਾ ਮਲਿਆ ਮਾਨੁ ॥ ੯ ॥*
*ਬਦਿਸਾਹ ਬੇਨਤੀ ਸੁਨੇਹੁ ॥*
*ਨਾਮੇ ਸਰ ਭਰਿ ਸੋਨਾ ਲੇਹੁ ॥ ਅੰਗ - ੧੧੬੫-੬੬*

ਨਾਮੇ ਦੇ ਬਰਾਬਰ ਸੋਨਾ ਲੈ ਲਓ -

*ਬਦਿਸਾਹ ਬੇਨਤੀ ਸੁਨੇਹੁ ॥*
*ਨਾਮੇ ਸਰ ਭਰਿ ਸੋਨਾ ਲੇਹੁ ॥ ੧੦ ॥*
*ਮਾਲੁ ਲੇਉ ਤਉ ਦੋਜਕਿ ਪਰਉ ॥*
*ਦੀਨੁ ਛੋਡਿ ਦੁਨੀਆ ਕਉ ਭਰਉ ॥ ੧੧ ॥*
*ਪਾਵਹੁ ਬੇੜੀ ਹਾਥਹੁ ਤਾਲ ॥*
*ਨਾਮਾ ਗਾਵੈ ਗੁਨ ਗੋਪਾਲ ॥ ੧੨ ॥*
*ਗੰਗ ਜਮੁਨ ਜਉ ਉਲਟੀ ਬਹੈ ॥*
*ਤਉ ਨਾਮਾ ਹਰਿ ਕਰਤਾ ਰਹੈ ॥ ਅੰਗ-੧੧੬੫-੬੬*

ਕਹਿੰਦੇ ਜੇ ਗੰਗਾ ਸਮੁੰਦਰ 'ਚੋਂ ਨਿਕਲ ਕੇ ਪਹਾੜਾਂ ਨੂੰ ਚਲ ਪਵੇ, ਜਮੁਨਾ ਸਮੁੰਦਰ 'ਚੋਂ ਨਿਕਲ ਕੇ ਪਹਾੜਾਂ ਨੂੰ ਚਲ ਪਵੇ, ਚਲੀ ਜਾਵੇ, ਲੇਕਿਨ ਮੈਂ ਤਾਂ ਪ੍ਰਮੇਸ਼ਰ ਦਾ ਭਜਨ ਕਰਕੇ ਆਪਣਾ ਧਰਮ ਕਾਇਮ ਰੱਖਾਂਗੇ, ਓਸ ਵੇਲੇ -

*ਸਾਤ ਘੜੀ ਜਬ ਬੀਤੀ ਸੁਣੀ ॥*
*ਅਜਹੁ ਨ ਆਇਓ ਤ੍ਰਿਭਵਣ ਧਣੀ ॥ ਅੰਗ-੧੧੬੬*

ਸਾਢੇ ਬਾਰ੍ਹਾਂ ਮਿੰਟ ਬਾਕੀ ਰਹਿ ਗਏ, ਸਭ ਨੂੰ ਫਿਕਰ ਹੋ ਗਿਆ।

ਉਸੇ ਵੇਲੇ ਕੀ ਨਜ਼ਰ ਆਇਆ, ਥੋੜ੍ਹੇ ਮਿੰਟ ਰਹਿ ਗਏ, ਤੇ ਐਧਰੋਂ ਬਾਦਸ਼ਾਹ ਨੇ ਹੁਕਮ ਕਰ ਦਿਤਾ ਬਈ ਜਿਸ ਵਕਤ ਘੜਿਆਲ ਵੱਜੇ, ਨਾਲ ਦੀ ਨਾਲ ਉਹਦਾ ਸਿਰ ਕਲਮ ਕਰਕੇ ਗਊ ਦੇ ਉਤੇ ਕੱਟ ਕੇ ਰੱਖ ਦਿਓ। ਉਨ੍ਹਾਂ ਨੇ ਵੀ ਆਪਣੀਆਂ ਤਲਵਾਰਾਂ ਚੁੱਕ ਲਈਆਂ ਤੇ ਨਾਮਦੇਵ ਜੀ ਵਲ ਨੂੰ ਜਾਂਦੇ ਨੇ, ਓਸ ਵੇਲੇ ਆਕਾਸ਼ ਦੇ ਵਿਚ ਫੜ-ਫੜਾਹਟ ਹੋਈ, ਕਿਉਂਕਿ ਸਾਕਾਰ ਨੂੰ ਮੰਨਦੇ ਸੀ, ਸਾਕਾਰ, ਇਕ ਨਿਰਾਕਾਰ। ਗੁਰਸਿੱਖੀ ਜਿਹੜੀ ਹੈ ਸਾਕਾਰ ਨੂੰ ਵੀ ਮੰਨਦੀ ਹੈ, ਗੁਰੂ ਰੂਪ 'ਚ। ਗੁਰੂ ਨਾਨਕ ਪਾਤਸ਼ਾਹ ਨੂੰ,

ਪ੍ਰਮੇਸ਼ਰ ਦਾ ਰੂਪ ਸਮਝਦੇ ਨੇ।

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੋੁਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ ॥* *ਅੰਗ - ੪੪੨*

ਗੁਰੂ ਨਾਨਕ ਪਾਰਬ੍ਰਹਮ ਦਾ ਸਾਕਾਰ ਰੂਪ ਹੈ, ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ ਤੂੰ ਗੁਰੂ ਪ੍ਰਮੇਸ਼ਰ। ਇਹ ਤਾਂ ਸਾਡੀ ਹੈ ਸਾਕਾਰ ਪੂਜਾ। ਦੂਸਰਾ ਗੁਰੂ ਨਾਨਕ ਦਾ ਸਰੂਪ ਬਾਣੀ ਹੈ। ਨਿਰਾਕਾਰ ਦਾ ਜਿਹੜਾ ਸਰੂਪ ਹੈ ਉਹ ਸਾਡੇ ਅੰਦਰ ਹੈ, ਘਟ-ਘਟ 'ਚ ਵਿਆਪਕ ਹੈ, ਜਿਸਦੀ ਪਹੁੰਚ ਉਥੇ ਹੋ ਗਈ, ਉਹ ਕਦੇ ਵਿਛੁੜਦਾ ਨਹੀ, ਹਰ ਵਕਤ ਵਾਹਿਗੁਰੂ ਦੇ ਨਾਲ ਹੀ ਰਹਿੰਦਾ ਹੈ। ਤੇ ਜਿਹੜਾ ਸਰਗੁਣ ਸਰੂਪ ਹੈ ਇਹਨੂੰ ਆਉਣਾ ਪੈਂਦਾ ਹੈ। ਧੰਨੇ ਨੇ ਸਰਗੁਣ ਦੀ ਪੂਜਾ ਕਰੀ, ਪ੍ਰਸ਼ਾਦਾ ਛਕਣ ਵਾਸਤੇ ਆਉਣਾ ਪਿਆ ਉਹਨੂੰ। ਗੁਰਸਿੱਖ ਜਦ ਭੋਗ ਲਗਾਉਂਦੇ ਨੇ, ਅੰਦਰ ਹੀ ਭੋਗ ਲਗ ਜਾਂਦਾ ਹੈ ਉਨ੍ਹਾਂ ਦੇ, ਅੰਤਰ ਆਤਮੇ, ਕਿਉਂਕਿ ਸਾਰੇ ਰਸਾਂ ਦੇ ਵਿਚ ਓਹੀ ਸਮਾਇਆ ਹੋਇਆ ਹੈ।

*ਆਪੇ ਰਸੀਆ ਆਪੇ ਰਾਵੇ*
*ਜਿਉ ਤਿਸ ਦੀ ਵਡਿਆਈ ॥* *ਅੰਗ - ੭੬੫*

ਕੇਵਲ ਧਿਆਨ ਦੇਣ ਦੀ ਲੋੜ ਹੈ, ਇਹ ਬ੍ਰਹਮਗਿਆਨੀਆਂ ਦਾ ਜਿਹੜਾ ਭੋਗ ਹੋਇਆ ਕਰਦਾ ਹੈ, ਉਹ ਹੋਰ ਹੁੰਦਾ ਹੈ। ਜਿਹੜੇ ਸਾਧਕ ਨੇ, ਉਨ੍ਹਾਂ ਦਾ ਭੋਗ ਹੋਰ ਤਰ੍ਹਾਂ ਲਗਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਨਿਰਾਕਾਰ ਦਾ ਜਿਨ੍ਹਾਂ ਨੂੰ ਗਿਆਨ ਹੈ ਉਹ ਪ੍ਰਮੇਸ਼ਰ ਦੇ ਵਿਚ ਰਹਿੰਦੇ ਨੇ, ਪ੍ਰਮੇਸ਼ਰ ਤੋਂ ਬਾਹਰ ਕਦੇ ਵੀ ਨਹੀਂ ਹੋਇਆ ਕਰਦੇ। ਕਿਉਂਕਿ ਭਰਮ ਹਟ ਜਾਂਦਾ ਹੈ। ਰੱਸੀ ਪਈ ਹੈ, ਹਨ੍ਹੇਰੇ ਦੇ ਵਿਚ ਸੱਪ ਲੱਗੀ ਜਾਂਦੀ ਹੈ, ਦਿਨ ਚੜ੍ਹ ਗਿਆ, ਸੱਪ ਤਾਂ ਉਹਦੇ 'ਚ ਹੈ ਹੀ ਨਹੀਂ ਸੀਗਾ, ਇਕ ਭਰਮ ਸੀ। ਜਦ ਭਰਮ ਦੂਰ ਹੋ ਗਿਆ ਤਾਂ ਸਾਰਾ ਹੀ ਸੰਸਾਰ ਵਾਹਿਗੁਰੂ ਦਾ ਰੂਪ ਦਿਸਦਾ ਹੈ। ਇਹਦੇ ਵਿਚ ਹੀ ਕੋਈ ਆਪਣਾ ਆਪ ਨਹੀਂ ਹੁੰਦਾ। ਉਹ ਆਪ ਵੀ ਪ੍ਰਮੇਸ਼ਰ ਹੁੰਦੇ ਨੇ।

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥*
*ਅੰਗ - ੨੭੩*

ਉਹ ਤਾਂ ਹੈ ਹੀ ਪ੍ਰਮੇਸ਼ਰ। ਮਿਲਣਾ ਮਿਲਾਉਣਾ ਕੀਹਨੂੰ ਹੈ। ਉਹ ਤਾਂ ਇਕ ਅੱਖ ਖੁਲ੍ਹਣੀ ਹੈ ਅਸਲੀਅਤ ਨੂੰ ਦੇਖ ਲੈਣਾ ਹੈ। ਤੱਤ ਨੂੰ ਦੇਖ ਲੈਣਾ ਹੈ। ਸੋ ਇਸ ਤਰ੍ਹਾਂ ਨਾਮਦੇਵ ਜੀ ਕਿਉਂਕਿ ਸਾਕਾਰ ਦੀ ਪੂਜਾ ਕਰਦੇ ਸੀ, ਜਦੋਂ ਦੋ ਮਿੰਟ ਰਹਿ ਗਏ ਉਸ ਵੇਲੇ ਅਚਾਨਕ -

*ਧਾਰਨਾ - ਹਰਿ ਜੀ ਛੱਡ ਕੇ ਸ਼ਿੰਘਾਸਨ ਆ ਗਏ,*
*ਬੰਨ੍ਹੇ ਹੋਏ ਸੱਚੇ ਪਿਆਰ ਦੇ।*

ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ ਇਥੇ ਹੀ ਸਮਾਪਤੀ ਹੈ।

********

(ਪੰਨਾ 5 ਦੀ ਬਾਕੀ)

ਵਰਤਮਾਨ ਸਮੇਂ ਵਿਚ ਪੰਜਾਬ ਦੇ ਬਣੇ ਹੋਏ ਹਾਲਾਤਾਂ 'ਤੇ ਨਜ਼ਰਸਾਨੀ ਮਾਰਿਆਂ ਸਮਝ ਲਗਦੀ ਹੈ ਕਿ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਸਾਡੇ ਸਾਰਿਆਂ ਨੂੰ ਕੁਲ ਮਨੁੱਖਤਾ ਨੂੰ ਸੁੱਖ-ਸ਼ਾਂਤੀ ਬਖਸ਼ ਰਹੇ ਹਨ ਪਰ ਲੋੜ ਹੈ ਉਨ੍ਹਾਂ ਤਾਕਤਾਂ ਦੀ ਨਿਸ਼ਾਨ ਦੇਹੀ ਕਰਨ ਦੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਮਾਣ ਸਤਿਕਾਰ ਨੂੰ ਠੇਸ ਪਹੁੰਚਾ ਰਹੀਆਂ ਹਨ।

ਰਤਵਾੜਾ ਸਾਹਿਬ ਵਿਖੇ 30-31 ਅਕਤੂਬਰ 1-2 ਨਵੰਬਰ ਦੇ ਸਾਲਾਨਾ ਸਮਾਗਮਾਂ ਵਿਚ ਜਿਥੇ ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਮਨਾਏ ਗਏ, ਪਿਆਰੇ ਮਹਾਂਪੁਰਸ਼ਾਂ ਤੇ ਮਾਤਾ ਜੀ ਦੀ ਯਾਦ ਮਨਾਈ ਗਈ ਉਥੇ 2 ਨਵੰਬਰ ਨੂੰ ਵੱਡੇ ਪੱਧਰ 'ਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਪੰਜਾਬ ਭਰ ਵਿਚ ਵੱਖ-ਵੱਖ ਥਾਵਾਂ ਤੇ ਹੋਈ ਬੇਅਦਬੀ ਦੇ ਰੋਸ ਵਜੋਂ ਪਸ਼ਚਾਤਾਪ ਅਰਦਾਸ ਸਮਾਗਮ ਦੇ ਰੂਪ ਵਿਚ ਮਨਾਏ ਗਏ। ਇਕ ਮਹਾਨ ਸੰਦੇਸ਼ ਇਸ ਸਮਾਗਮ ਵਿਚ ਇਹ ਦਿਤਾ ਗਿਆ ਕਿ ਗੁਰਸਿੱਖ ਲਈ ਸਭ ਤੋਂ ਸਰਵੋਤਮ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਹਨ। ਜਿਸ ਲਈ ਗੁਰਸਿੱਖ ਆਪਾ ਵਾਰਨ ਤੋਂ ਵੀ ਗੁਰੇਜ਼ ਨਹੀਂ ਕਰਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਰਬ ਸਾਂਝੀਵਾਲਤਾ ਦਾ ਉਪਦੇਸ਼ ਹੈ। ਸਮੂੰਹ ਮਾਨਵਤਾ ਤੇ ਸ੍ਰਿਸ਼ਟੀ ਦਾ ਭਲਾ ਮੰਗਿਆ ਗਿਆ ਹੈ। ਇਸ ਦੀ ਨਿਰਾਦਰੀ ਕਦਾਚਿਤ ਬਰਦਾਸ਼ਤ ਨਹੀਂ ਹੋਵੇਗੀ। ਸਮੂੰਹ ਸੰਤਾਂ-ਮਹਾਂਪੁਰਸ਼ਾਂ ਵਲੋਂ 2 ਨਵੰਬਰ ਦੇ ਸਮਾਗਮ ਵਿਚ ਗੁਰੂ ਗ੍ਰੰਥ ਸਾਹਿਬ ਦੇ ਪਵਿੱਤਰ ਉਪਦੇਸ਼ਾਂ ਰਾਹੀਂ ਸੰਗਤਾਂ ਨੂੰ ਚਾਨਣਾ ਪਾਇਆ ਗਿਆ। ਸਾਨੂੰ ਸਾਰਿਆਂ ਨੂੰ ਨਾਮ ਬਾਣੀ ਨਾਲ ਜੁੜਨ ਦਾ ਉਪਦੇਸ਼ ਦ੍ਰਿੜ੍ਹ ਕਰਵਾਇਆ। ਬੇਅੰਤ ਸੰਗਤਾਂ ਨੇ ਦੇਸ਼ਾਂ-ਵਿਦੇਸ਼ਾਂ ਤੋਂ ਆ ਕੇ ਇਸ ਵਿਚ ਹਾਜ਼ਰੀ ਭਰੀ। ਟਰੱਸਟ ਰਤਵਾੜਾ ਸਾਹਿਬ ਅਤੇ ਸੰਤ ਬਾਬਾ ਲਖਬੀਰ ਸਿੰਘ ਜੀ, ਚੇਅਰਮੈਨ ਟਰੱਸਟ ਨੇ ਸਭ ਸੰਗਤਾਂ ਦੇ ਪਿਆਰ ਤੇ ਸਹਿਯੋਗ ਦੇਣ ਦਾ ਤਹਿ ਦਿਲੋਂ ਧੰਨਵਾਦ ਕੀਤਾ। ਸਮੂੰਹ ਸੇਵਾਦਾਰਾਂ ਅਤੇ ਪ੍ਰਬੰਧਕਾਂ ਵਲੋਂ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਜਾਂਦੀ ਹੈ।

ਗੁਰੂ ਕ੍ਰਿਪਾ ਕਰਨ ਸਾਨੂੰ ਸਭਨਾਂ ਨੂੰ ਆਪਣਾ ਪਿਆਰ ਬਖਸ਼ਣ। ਮਹਾਨ ਸ਼ਹੀਦਾਂ ਦੀ ਪਵਿੱਤਰ ਧਰਤੀ ਸ੍ਰੀ ਫਤਹਿਗੜ੍ਹ ਸਾਹਿਬ ਅਤੇ ਸ੍ਰੀ ਚਮਕੌਰ ਸਾਹਿਬ, ਜਗਤ ਮਾਤਾ ਮਾਤਾ ਗੁਜਰ ਕੌਰ ਜੀ ਅਤੇ ਸਾਹਿਬਜ਼ਾਦਿਆਂ ਨੂੰ ਨਮਸ਼ਕਾਰ।

ਸ਼ਹੀਦਾਂ ਨੂੰ ਕੋਟਿ ਕੋਟਿ ਪ੍ਰਣਾਮ।

*ਭਾਈ ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ 'ਆਤਮ ਮਾਰਗ'*

********

# ਨਿਰਭਉ ਜਪੈ ਸਗਲ ਭਉ ਮਿਟੈ....॥

## (ਪ੍ਰਸੰਗ - ਸਾਹਿਬਜ਼ਾਦਿਆਂ ਦੀ ਮਹਾਨ ਸ਼ਹਾਦਤ)

*ਸੰਤ ਬਾਬਾ ਹਰਪਾਲ ਸਿੰਘ ਜੀ*

*ਤੁਮ ਦਾਤੇ ਠਾਕੁਰ ਪ੍ਰਤਿਪਾਲਕ ਨਾਇਕ ਖਸਮ ਹਮਾਰੇ ॥*
*ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ*
*ਹਮ ਬਾਰਿਕ ਤੁਮਰੇ ਧਾਰੇ ॥ ੧ ॥*
*ਜਿਹਵਾ ਏਕ ਕਵਨ ਗੁਨ ਕਹੀਐ ॥*
*ਬੇਸੁਮਾਰ ਬੇਅੰਤ ਸੁਆਮੀ*
*ਤੇਰੋ ਅੰਤੁ ਨ ਕਿਨ ਹੀ ਲਹੀਐ ॥ ੧ ॥ ਰਹਾਉ ॥*
*ਕੋਟਿ ਪਰਾਧ ਹਮਾਰੇ ਖੰਡਹੁ*
*ਅਨਿਕ ਬਿਧੀ ਸਮਝਾਵਹੁ ॥*
*ਹਮ ਅਗਿਆਨ ਅਲਪ ਮਤਿ ਥੋਰੀ*
*ਤੁਮ ਆਪਨ ਬਿਰਦੁ ਰਖਾਵਹੁ ॥ ੨ ॥*
*ਤੁਮਰੀ ਸਰਣਿ ਤੁਮਾਰੀ ਆਸਾ*
*ਤੁਮ ਹੀ ਸਜਨ ਸੁਹੇਲੇ ॥*
*ਰਾਖਹੁ ਰਾਖਨਹਾਰ ਦਇਆਲਾ*
*ਨਾਨਕ ਘਰ ਕੇ ਗੋਲੇ ॥* *ਅੰਗ - ੬੭੪*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀਓ! ਖਿਆਲਾਂ ਨੂੰ ਬਾਹਰ ਜਾਣ ਤੋਂ ਰੋਕੀਏ। ਚਿੱਤ ਬਿਰਤੀਆਂ ਕਰੀਏ ਇਕਾਗਰ, ਰਸਨਾ ਦੀ ਪਵਿੱਤਰਤਾ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ 'ਸਤਿਨਾਮੁ ਸ੍ਰੀ ਵਾਹਿਗੁਰੂ।' ਪਾਤਸ਼ਾਹ ਜੀ ਦੀ ਅਪਾਰ ਬਖਸ਼ਿਸ਼ ਹੈ, ਵਿਦੇਸ਼ਾਂ ਦੇ ਵਿਚ ਇਹ ਪਵਿੱਤਰ ਗੁਰੂ ਧਾਮ ਗੁਰਦੁਆਰਾ ਸਾਹਿਬ ਸਨਹੋਜ਼ੇ ਵਿਖੇ ਸੰਧਿਆਂ ਵੇਲੇ ਦੇ ਦੀਵਾਨ ਸਜ ਰਹੇ ਹਨ।

ਸਤਿਸੰਗਤ ਦੀ ਨਿਸ਼ਾਨੀ ਹੈ -

*ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥*
*ਅੰਗ - ੭੨*

ਇਥੇ ਕੇਵਲ ਤੇ ਕੇਵਲ, ਨਾਮ ਨਾਲ ਜੁੜਦੇ ਹਾਂ। ਉਹ ਹੈ ਸਤਿਸੰਗ।

*ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥ ਨਾਮੁ ਪ੍ਰਭੂ ਕਾ ਲਾਗਾ ਮੀਠਾ ॥*
*ਅੰਗ - ੨੯੩*

ਨਾਮ ਜਿਹੜਾ ਹੈ, ਇਹ ਬਹੁਤ ਹੀ ਪਿਆਰਾ ਲਗਦਾ ਹੈ। ਜਦੋਂ ਇਸ ਸੁਹਾਵਣੇ ਸਥਾਨ, ਗੁਰੂ ਦਰਬਾਰ ਦੇ ਵਿਚ ਪਹੁੰਚਦੇ ਹਾਂ। ਉਹ ਭਾਗਾਂ ਵਾਲੇ ਹਨ ਜੋ ਸਤਿਸੰਗ ਦੇ ਵਿਚ ਪਹੁੰਚ ਜਾਂਦੇ ਹਨ। ਕਿਉਂਕਿ ਜ਼ਿੰਦਗੀ ਦੇ ਵਿਚ ਜਦੋਂ ਪੂਰਬਲਾ ਸੰਚਿਤ ਕਰਮ ਫਲ ਦੇਣ ਵਾਸਤੇ ਤਿਆਰ ਹੋਵੇ ਤਾਂ ਸਤਿਸੰਗ ਦੇ ਵਿਚ ਆ ਸਕਦੇ ਹਾਂ, ਨਹੀਂ ਤਾਂ ਰਹਿ ਜਾਂਦੇ ਹਨ। ਵੇਖਿਆ ਹੈ ਕਿ ਕਿੰਨੇ ਪ੍ਰੇਮੀ ਐਸੇ ਵੀ ਹਨ ਕਿ ਨਮਸ਼ਕਾਰ ਕਰਦੇ ਹਨ, ਨਮਸ਼ਕਾਰ ਦਾ ਵੀ ਪੁੰਨ ਫਲ ਹੈ -

*ਕਰਿ ਡੰਡਉਤ ਪੁਨੁ ਵਡਾ ਹੇ ॥* *ਅੰਗ - ੧੩*

ਪਰ ਕਲਜੁਗ ਦਾ ਸਮਾਂ ਹੈ, ਮਨ ਬੜਾ ਚਲਾਇਮਾਨ ਹੈ, ਇਹ ਸਾਨੂੰ ਪ੍ਰੇਰਿਤ ਕਰ ਦਿੰਦਾ ਹੈ ਕਿ ਚੱਲ ਤੂੰ, ਸਮਾਂ ਨਹੀਂ ਹੈ। ਪਰ ਅਸਲ ਜਿਹੜਾ ਪੁੰਨ ਹੈ -

*ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ ॥* *ਅੰਗ - ੯੬੨*

ਕਲਜੁਗ ਦੇ ਵਿਚ ਇਹ ਪੁੰਨ ਹੈ, ਜਦੋਂ ਅਸੀਂ ਗਾਉਂਦੇ ਹਾਂ, ਸੁਣਦੇ ਹਾਂ। ਇਹ ਪੁੰਨ ਬਹੁਤ ਵੱਡਾ ਹੈ, ਬਾਣੀ ਗਾਉਣ ਦਾ, ਬਾਣੀ ਸੁਣਨ ਦਾ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*
*ਅੰਗ - ੫੪੬*

ਜਿਹੜੇ ਚਲੇ ਜਾਂਦੇ ਹਨ, ਉਹ ਇਸ ਪੁੰਨ ਤੋਂ ਵਾਂਝੇ ਰਹਿ ਜਾਂਦੇ ਹਨ। ਚੱਲ ਕੇ ਤਾਂ ਆਏ, ਫਲ ਬਹੁਤ ਹੈ। ਪਰ ਜਦੋਂ ਤਕ ਅੰਤਰੰਗ ਸਤਿਸੰਗ ਦੇ ਵਿਚ ਨਹੀਂ ਜੁੜਦੇ, ਉਸ ਜਗ੍ਹਾਂ 'ਤੇ ਨਹੀਂ ਪਹੁੰਚਦੇ, ਜਿਥੇ ਪਰਮ ਅਨੰਦ ਹੈ, ਸ਼ਾਂਤੀ ਹੈ ਫੇਰ ਅਸੀਂ ਇਨ੍ਹਾਂ ਤੋਂ ਵਾਂਝੇ ਰਹਿ ਜਾਂਦੇ ਹਾਂ। ਇਸ ਕਰਕੇ ਆਓ! -

*ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥*
*ਸਾਵਧਾਨ ਏਕਾਗਰ ਚੀਤ ॥* *ਅੰਗ- ੨੯੫*

ਇਕਾਗਰਤਾ ਦੇ ਨਾਲ ਕੀਤਾ ਹੋਇਆ ਸਤਿਸੰਗ, ਥੋੜ੍ਹਾ ਜਿਹਾ ਸਮਾਂ ਵੀ, ਨਾਮ ਦੇ ਰੰਗ ਵਿਚ ਰੰਗ ਦਿੰਦਾ ਹੈ। ਜਿਥੇ ਮਨ ਦੀ ਸ਼ਾਂਤੀ ਹੈ। ਉਹ ਸ਼ਾਂਤੀ ਕਿਵੇਂ ਮਿਲਦੀ ਹੈ? ਮਨ ਕਿਸੇ ਤਰ੍ਹਾਂ ਦੇ ਨਾਲ ਵੀ ਧੀਰਜ ਨਹੀਂ ਰਖਦਾ। ਕਿਵੇਂ ਸ਼ਾਂਤ ਹੋਏਗਾ? -

*ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥*
*ਅੰਗ - ੭੦੨*

ਸ਼ਾਂਤੀ ਜੇ ਹੈ ਤਾਂ ਨਾਮ ਦੇ ਵਿਚ ਹੈ। ਇਹ ਮਹੀਨਾ ਤਾਂ ਸਾਰਾ ਹੀ ਸ਼ਹਾਦਤਾਂ ਦੇ ਨਾਲ ਭਰਪੂਰ ਹੈ। ਕਿੰਨਿਆਂ ਨੇ ਕੁਰਬਾਨੀਆਂ ਕੀਤੀਆਂ ਗੁਰੂ ਪਿਆਰ ਦੇ ਵਿਚ, ਗੁਰੂ ਸਾਹਿਬ ਨੇ ਵੀ ਸਰਬੰਸ ਵਾਰ ਦਿਤਾ।

ਆਪਾਂ ਪਿਛੇ ਵਿਚਾਰ ਕਰਦੇ ਆਏ ਹਾਂ ਕਿ ਗੁਰੂ ਦਸਮੇਸ਼ ਪਿਤਾ ਜੀ ਮਹਾਰਾਜ, ਅੱਜ ਜਿਹੜੇ ਆਪਣੇ ਨੇ ਉਹ ਬੇਗਾਨੇ ਹੋ ਰਹੇ ਨੇ ਤੇ ਜਿਹੜੇ ਦੂਸਰੇ ਨੇ ਉਹ ਗੁਰੂ ਦੇ ਚਰਨਾਂ 'ਚ ਨਮਸ਼ਕਾਰ ਕਰਕੇ ਆਪਾ ਨਿਛਾਵਰ ਕਰਦੇ ਨੇ।

ਕ੍ਰਿਪਾਲਦਾਸ ਜੋ ਮਹੰਤ ਸੀ ਉਹਦੇ ਕੋਲ ਜਦੋਂ ਗੁਰੂ ਪਾਤਸ਼ਾਹ ਜੀ ਗਏ, ਉਹ ਕਿੰਨਾ ਪਿਆਰ ਕਰਨ ਵਾਲਾ ਸੀ। ਜਦੋਂ ਜੰਗ-ਯੁਧ ਨੂੰ ਦੇਖ ਕੇ ਪਟਨਾ ਸਾਹਿਬ, ਪੰਜ ਸੌ ਦੇ ਕਰੀਬ ਇਹਦੇ ਚੇਲੇ, ਸਭ ਦੌੜ ਗਏ। ਇਹ ਨਹੀਂ ਜ਼ਿੰਮੇਵਾਰੀ ਤੋਂ ਭੱਜਿਆ, ਉਥੇ ਹੀ ਟਿਕਿਆ ਰਿਹਾ ਤੇ ਆਪਣੇ ਕੁਤਕੇ ਨਾਲ ਹੀ ਕਿੰਨਿਆਂ ਦੇ ਹੀ ਇਸ ਨੇ ਸਿਰ ਭੰਨੇ। ਜੰਗ ਯੁੱਧ ਵਿਚ ਆਪਣੇ ਜੌਹਰ ਦਿਖਾਏ। ਪਰ ਅੱਜ

ਸਮਾਂ ਐਸਾ ਹੈ ਕਿ ਮਾਇਆ ਪੈ ਗਈ, ਭੁੱਲ ਗਿਆ। ਹੁਣ ਸਿੱਖ ਰਾਹੀਂ ਸੁਨੇਹਾ ਭੇਜਦਾ ਹੈ ਕਿ ਇਥੋਂ ਦੀ ਗੁਰੂ ਜੀ ਚਲੇ ਜਾਣ ਤਾਂ ਮੇਰਾ ਇਹ ਡੇਰਾ ਵਸਦਾ ਰਹਿ ਸਕਦਾ ਹੈ, ਪਿੱਛੇ ਫੌਜ ਲੱਗੀ ਹੈ। ਐਨੇ ਜੰਗ-ਯੁੱਧ ਹੋਏ ਹਨ ਤੇ ਡੇਰੇ ਦੀ ਸ਼ਾਂਤੀ ਵਾਸਤੇ, ਇਸ ਤਰ੍ਹਾਂ ਦੇ ਨਾਲ ਉਹ ਬੇਨਤੀ ਪਹੁੰਚਾਉਂਦਾ ਹੈ। ਗੁਰੂ ਪਾਤਸ਼ਾਹ ਜੀ ਕਿੰਨੇ ਦਿਆਲੂ ਹਨ। ਕਹਿਣ ਲੱਗੇ, ਸਾਡੇ ਉਸ ਪਿਆਰੇ ਮਹੰਤ ਦਾ ਡੇਰਾ ਹੈ। ਠੀਕ ਹੈ ਇਹ ਅੰਦਰੋਂ ਕਮਜ਼ੋਰ ਹੈ, ਕਿਉਂਕਿ ਉਸ ਸਤਿਤਾਈ ਦੇ ਨਾਲ ਨਹੀਂ ਸੀ ਉਹ ਜੁੜਿਆ ਜਿਥੇ ਗੁਰੂ ਸਾਹਿਬ ਪਹੁੰਚਾਉਣਾ ਚਾਹੁੰਦੇ ਸਨ –

*ਨਿਰਭਉ ਜਪੈ ਸਗਲ ਭਉ ਮਿਟੈ ॥ਅੰਗ – ੨੯੩*

ਪੂਜਾ ਦਾ ਧਾਨ –

*ਧਰਮਸਾਲ ਦੀਆਂ ਰੋਟੀਆਂ, ਤਿਨੇ ਕੰਮ ਕਰੇਨਿ।*
*ਮਤ ਮਾਰਨ, ਹੱਡ ਗਾਲਣ, ਭਜਨ ਕਰਨ ਨ ਦੇਣ।*

ਇਹ ਤਾਂ ਓਹੀ ਜਿਹੜੇ ਵੰਡ ਕੇ ਛਕਦੇ ਹਨ –

*ਏਕੁ ਕਬੀਰਾ ਨਾ ਮੁਸੈ ਜਿਨਿ ਕੀਨੀ ਬਾਰਹ ਬਾਟ ॥*
*ਅੰਗ – ੧੩੬੫*

ਇਸ ਕਰਕੇ ਕਿਰਤ ਕਰਨਾ, ਵੰਡ ਛਕਣਾ, ਨਾਮ ਜਪਣਾ ਇਹ ਅਸੂਲ ਹੈ। ਇਸ ਤੋਂ ਵੀ ਅੱਗੇ ਜਦੋਂ ਆਪਾਂ ਇਹ ਅਸੂਲ ਪੂਰੇ ਕਰ ਲੈਂਦੇ ਹਾਂ –

*ਗੁਰਮੁਖਿ ਨਾਮੁ ਦਾਨੁ ਇਸਨਾਨੁ ॥ ਅੰਗ – ੯੪੨*

ਇਸ ਤੋਂ ਵੀ ਅੱਗੇ ਜਾ ਕੇ ਅਵਸਥਾ ਵਧਦੀ ਹੈ, ਜਿਥੇ ਅੰਤਮ ਨਿਸ਼ਾਨਾ ਹੈ –

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥*
*ਅੰਗ – ੮੪੬*

ਇਸ ਤਰ੍ਹਾਂ ਦੇ ਨਾਲ ਗੁਰੂ ਪਾਤਸ਼ਾਹ ਜੀ ਨੂੰ ਉਹ ਫਤਹਿ, ਜਦ ਮੁਰਸ਼ਦ ਨਾਲ ਵਿਗਾੜ ਲੈਂਦਾ ਹੈ, ਜਵਾਬ ਦੇ ਦਿੰਦਾ ਹੈ ਕਿ ਘੋੜੀ ਨਹੀਂ ਹੈ। ਉਸ ਸਮੇਂ ਤਾਂ ਲੋੜ ਸੀ ਗੁਰੂ ਦੀ ਖੁਸ਼ੀ ਲੈਣ ਦੀ, ਪਰ ਮੁਨਕਰ ਹੋ ਗਿਆ। ਅੰਤ ਐਸਾ ਆਇਆ ਕਿ ਸੱਪ ਲੜ ਕੇ ਘੋੜੀ ਵੀ ਮਰ ਗਈ ਤੇ ਆਪ ਵੀ ਉਸ ਸੱਪ ਨੇ ਡੰਗ ਲਿਆ –

*ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥*
*ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ ॥*
*ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ ॥ ਅੰਗ – ੫੧੦*

ਕੋਈ ਗੁਰਮੁਖ ਹੈ, ਨਹੀਂ ਤਾਂ ਇਹ ਸਾਰਿਆਂ ਨੂੰ, ਡਸ ਲੈਂਦੀ ਹੈ। ਆਪਣੇ ਅੰਦਰ ਗ੍ਰਸ ਲੈਂਦੀ ਹੈ।

ਅੱਜ ਰਾਏ ਕੱਲਾ, ਰਾਏਕੋਟ ਕਿੰਨਾ ਪਿਆਰ ਵਾਲਾ ਉਹ ਗੁਰੂ ਚਰਨਾਂ ਦੇ ਵਿਚ ਵੈਰਾਗ ਕਰਦਾ ਹੈ ਕਿ ਐਸਾ ਭਾਣਾ ਵਰਤਾਇਆ ਹੁਣ ਨੂਰਾ ਮਾਹੀ ਆ ਕੇ ਸੁਨੇਹਾ ਦਿੰਦਾ ਹੈ। ਉਸ ਨੂੰ ਭੇਜਿਆ ਸੀ ਸਰਹੰਦ ਦਾ ਪਤਾ ਕਰਨ ਵਾਸਤੇ ਕਿਵੇਂ ਗੰਗੂ ਨੇ ਜਿਹੜਾ ਕਿ ਵਿਸ਼ਵਾਸ਼ੀ ਸੀ, ਨਮਕ ਹਰਾਮੀ ਹੋ ਗਿਆ। ਕਿਸ ਵਾਸਤੇ? ਆਹ ਮੋਹਰਾਂ ਵੇਖ ਲਈਆਂ ਕਿ ਮਾਤਾ ਜੀ ਕੋਲ ਹਨ ਤੇ ਉਸ ਨੇ ਜਾ ਕੇ ਸ਼ਿਕਾਇਤ ਕਰ ਦਿਤੀ, ਉਹਨੂੰ ਵੀ ਮਾਇਆ ਨੇ ਗ੍ਰਸ ਲਿਆ ਤੇ ਹੁਣ ਉਹ ਰਥ ਅੱਜ ਵੀ ਹੈ, ਇਹ ਸਾਖੀ ਭਰਦਾ ਹੈ, ਗਵਾਹੀ ਦੇ ਰਿਹਾ ਹੈ। ਨਥਲਪੁਰ ਉਹਦੇ ਦਰਸ਼ਨ ਕਰੀਦੇ ਹਨ। ਨਥਲਪੁਰ ਵਾਲੇ ਬਾਬਾ ਅਜੀਤ ਸਿੰਘ ਜੀ ਦੇ ਵਡੇਰਿਆਂ ਦਾ ਇਹ ਰਥ, ਜਿਸ ਦੇ ਉਤੇ ਸਾਹਿਬਜ਼ਾਦਿਆਂ ਨੂੰ, ਮਾਤਾ ਜੀ ਨੂੰ, ਜਾਨੀ ਖਾਂ, ਮਾਨੀ ਖਾਂ ਉਥੋਂ ਦੇ ਦਰੋਗੇ ਸਰਹੰਦ ਲੈ ਕੇ ਜਾਂਦੇ ਹਨ। ਠੰਢੇ ਬੁਰਜ ਦੇ ਵਿਚ ਕੈਦ ਕੀਤੇ ਗਏ। ਜਿੱਥੇ ਨਾ ਕੋਈ ਉਪਰ ਲੈਣ ਵਾਸਤੇ ਵਸਤਰ ਹੈ, ਐਨੀ ਠੰਢ ਪੈ ਰਹੀ ਹੈ। ਹੁਣ ਤੁਸੀਂ ਦੇਖਦੇ ਹੋ ਕਿ ਇਨ੍ਹਾਂ ਦਿਨਾਂ ਦੇ ਵਿਚ ਕਿੰਨੀ ਧੁੰਦ ਕਿੰਨਾ ਕੋਹਰਾ, ਤਾਪਮਾਨ ਜ਼ੀਰੋ ਡਿਗਰੀ ਦੇ ਨੇੜੇ ਆ ਜਾਂਦਾ ਹੈ ਤੇ ਉਥੇ ਮਾਤਾ ਜੀ ਆਪਣੇ ਛੋਟੇ ਪੋਤਿਆਂ ਦੇ ਨਾਲ, ਸਾਹਿਬਜ਼ਾਦਾ ਅਜੀਤ ਸਿੰਘ ਜੀ ਤੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਜਿਹੜੇ ਸਨ ਇਹ ਤਾਂ ਚਮਕੌਰ ਸਾਹਿਬ ਸ਼ਹੀਦ ਹੋ ਗਏ। ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਮਹਾਰਾਜ ਤੇ ਜਿਨ੍ਹਾਂ ਦੀ ਸਰੀਰਕ ਉਮਰ 7 ਸਾਲ 11 ਮਹੀਨੇ, 8 ਦਿਨ, ਦੀ ਸੀ। ਛੋਟੇ ਸਾਹਿਬਜ਼ਾਦੇ ਬਾਬਾ ਫਤਹਿ ਸਿੰਘ ਜੀ ਮਹਾਰਾਜ ਉਨ੍ਹਾਂ ਦੀ ਸਰੀਰਕ ਉਮਰ 5 ਸਾਲ 10 ਮਹੀਨੇ 10 ਦਿਨ ਦੀ ਸੀ। ਬੱਚਿਆਂ ਨੂੰ ਇਹ ਸੰਸਕਾਰ ਮਿਲਦੇ ਹਨ, ਐਸੇ ਸੰਸਕਾਰ ਮਿਲੇ ਕਿ ਜਦੋਂ ਮਾਤਾ ਜੀ ਉਪਦੇਸ਼ ਦੇ ਰਹੇ ਹਨ, ਦਾਦੀ ਮਾਂ, ਉਸ ਉਪਦੇਸ਼ ਨੂੰ ਦ੍ਰਿੜ੍ਹ ਕਰ ਰਹੇ ਹਨ। ਉਪਦੇਸ਼ ਤਾਂ ਉਨ੍ਹਾਂ ਨੇ ਕਮਾਇਆ ਹੀ ਹੋਇਆ ਸੀ। ਜਿਵੇਂ ਧਰੂ ਤੇ ਪ੍ਰਹਿਲਾਦ ਛੋਟੀ ਉਮਰ ਵਿਚ, ਪੰਜ ਸਾਲ ਦੀ ਉਮਰ ਵਿਚ ਕਿੱਡਾ ਤਪ ਕੀਤਾ। ਕਿੰਨਾ ਉਸ ਨੂੰ ਗਿਆਨ ਸੀ।

ਇਥੇ ਤਾਂ ਵਿਰਾਸਤ ਦੇ ਵਿਚ ਹੀ ਗੁਰੂ ਤੋਂ ਸਿਖਸ਼ਾ ਮਿਲੀ। ਮਾਤਾ ਜੀ ਤੋਂ ਇਹ ਸਿਖਸ਼ਾ ਮਿਲੀ ਕਿ ਵੇਖੋ ਹੁਣ ਤੁਸੀਂ ਕੱਲ ਨੂੰ ਸੂਬੇ ਦੀ ਕਚਹਿਰੀ ਵਿਚ ਪੇਸ਼ ਹੋਣ ਜਾਣਾ ਹੈ। ਦਾਦੀ ਮਾਂ ਨੂੰ ਐਸਾ ਵਿਸ਼ਵਾਸ਼ ਹੈ ਕਿ ਮੇਰੇ ਪੁੱਤਰ ਦੇ ਪੁੱਤਰ ਐਸਾ ਹੀ ਕਰਨਗੇ, ਜਿਹੜਾ ਉਪਦੇਸ਼ ਸ਼ੁਰੂ ਤੋਂ ਚਲਿਆ ਆ ਰਿਹਾ ਹੈ। ਹੁਣ ਜਦੋਂ ਸਵੇਰੇ ਮੁਰਿੰਡੇ ਦੇ ਦਰੋਗੇ ਲੈਣ ਆਏ ਤੇ ਕਚਹਿਰੀ ਵਿਚ ਪੇਸ਼ ਕਰਦੇ ਹਨ। ਦਸਦੇ ਹਨ ਕਿ ਇਸ ਕਚਹਿਰੀ ਦਾ ਅਸੂਲ ਹੈ, ਝੁਕ ਕੇ ਸੱਤ ਸਲਾਮਾਂ ਕਰਨੀਆਂ। ਸਾਹਿਬਜ਼ਾਦੇ ਅੱਗੋਂ ਜਵਾਬ ਦਿੰਦੇ ਹਨ ਕਿ ਸਾਡਾ ਤਾਂ ਜੋ ਅਸੂਲ ਹੈ ਉਹ ਫਤਹਿ ਦਾ ਨਾਹਰਾ ਹੈ, ਉਹ ਬੁਲਾਉਣਾ ਹੈ। ਜਿਹੜਾ ਸੀਸ ਹੈ –

*ਜੋ ਦੀਸੈ ਗੁਰਸਿਖੜਾ*
*ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥ ਅੰਗ – ੭੬੩*

ਉਹਨੂੰ ਤਾਂ ਝੁਕ ਸਕਦਾ ਹੈ। ਕਿਉਂਕਿ ਸਾਨੂੰ ਉਸ ਆਤਮਾ ਦੇ ਦਰਸ਼ਨ ਹੁੰਦੇ ਹਨ। ਪਰ ਇਹ ਸੀਸ ਅਸੀਂ ਸਤਿਗੁਰ ਨੂੰ ਦਿਤਾ ਹੈ। ਜਦੋਂ ਅੰਮ੍ਰਿਤ ਛਕਾਉਂਦੇ ਹਨ ਉਥੇ ਇਹ ਪ੍ਰਤਗਿਆ ਹੁੰਦੀ ਹੈ ਕਿ ਇਹ ਸੀਸ ਪਾਮਰਾਂ ਅੱਗੇ ਨਹੀਂ ਝੁਕਣਾ। ਐਸੇ ਨਿਡਰ –

*ਨਿਰਭਉ ਜਪੈ ਸਗਲ ਭਉ ਮਿਟੈ ॥ ਅੰਗ– ੨੯੩*

ਨਿਰਭਉ ਨਾਲ ਜੁੜੇ ਹੋਏ ਜੋ ਹਨ ਉਹ ਕੋਈ ਡਰ ਨਹੀਂ ਮੰਨਦੇ। ਹੁਣ ਉਹ ਬਥੇਰਾ ਸਾਮ, ਦਾਮ, ਦੰਡ, ਭੇਦ

ਇਹ ਰਾਜਨੀਤੀ ਦੇ ਚਾਰ ਅੰਗ ਹਨ। ਸਾਮ ਪਿਆਰ ਨਾਲ। ਹੁਣ ਉਨ੍ਹਾਂ ਨੂੰ ਪਿਆਰ ਨਾਲ ਕਹਿੰਦੇ ਹਨ ਕਿ ਵੇਖੋ ਤੁਹਾਡੇ 'ਤੇ ਇਹ ਸੂਬਾ ਸਰਹੰਦ ਖੁਸ਼ ਹੈ। ਤੁਹਾਡੀਆਂ ਛੋਟੀਆਂ ਜਿੰਦਾਂ ਵੇਖ ਕੇ ਇਹ ਤਰਸ ਕਰ ਰਿਹਾ ਹੈ। ਤੁਹਾਨੂੰ ਡੋਲੇ ਦਿਤੇ ਜਾਣਗੇ। ਦਾਮ ਹੁੰਦਾ ਹੈ ਪੈਸੇ ਨਾਲ। ਤੀਜਾ ਅੰਗ ਹੈ ਦੰਡ, ਡਰਾਵਾ ਤੇ ਚੌਥਾ ਭੇਤ ਹੈ ਰਾਜਨੀਤੀ ਦਾ ਅੰਗ। ਚਾਣਕੀਜ ਰਿਸ਼ੀ ਹੋਇਆ ਹੈ ਉਹਨੇ ਲਿਖਿਆ ਹੈ ਗ੍ਰੰਥ। ਜਿਥੇ ਅੱਜ ਰਾਜਨੇਤਾ ਦਿੱਲੀ 'ਚ ਰਹਿੰਦੇ ਹਨ, ਉਹਦਾ ਨਾਮ ਵੀ ਚਾਣਕੀਜ ਪੁਰੀ ਹੈ। ਸੋ ਇਹ ਸਾਰੇ ਅੰਗ ਉਹ ਵਰਤ ਰਹੇ ਹਨ। ਪਰ ਇਹ ਤਾਂ ਗੁਰੂ ਪੁੱਤਰ, ਗੁਰੂ ਸਾਹਿਬਜ਼ਾਦੇ ਜਾਣਦੇ ਹਨ ਕਿ ਕਿੱਡਾ ਇਹ ਫਰੇਬ ਹੈ, ਧੋਖਾ ਹੈ ਤੇ ਹੁਣ ਐਸੇ ਲਾਲਚ ਵੀ ਦੇ ਰਹੇ ਹਨ ਕਿ ਤੁਹਾਡੇ ਸਹਿਜ਼ਾਦੀਆਂ ਦੇ ਨਾਲ ਨਿਕਾਹ ਕਰ ਦੇਵਾਂਗੇ। ਤੁਸੀਂ ਐਨਾ ਹੀ ਕਰਨਾ ਹੈ ਕਿ ਦੀਨ-ਏ-ਇਸਲਾਮ ਕਬੂਲ ਕਰ ਲਓ। ਪਰ ਉਨ੍ਹਾਂ ਦੇ ਸਾਰੇ ਹੀਲੇ-ਵਸੀਲੇ ਫੇਲ੍ਹ ਹੋ ਜਾਂਦੇ ਹਨ। ਲਾਜਵਾਬ ਕਰ ਦਿੰਦੇ ਹਨ। ਹੁਣ ਕਹਿੰਦੇ ਕਿ ਇਹ ਜਿਹੜਾ ਸੀਸ ਹੈ, ਇਹ ਅਸੀਂ ਸਤਿਗੁਰ ਨੂੰ ਸੌਂਪ ਦਿੰਦੇ ਹਾਂ। ਜਦੋਂ ਇਹ ਸਤਿਗੁਰ ਨੂੰ ਦੇ ਦਿਤਾ ਫੇਰ ਤਾਂ ਗੁਰੂ ਦੀ ਮੱਤ ਕੰਮ ਕਰਦੀ ਹੈ, ਆਪਣੀ ਮੱਤ ਛੱਡ ਦਿਤੀ ਜਾਂਦੀ ਹੈ। ਗੁਰੂ ਦੀ ਮੱਤ ਕੀ ਕਹਿੰਦੀ ਹੈ -

*ਗੁਰ ਕੀ ਮਤਿ ਤੂੰ ਲੇਹਿ ਇਆਨੇ ॥ ਅੰਗ - ੨੮੮*

ਇਹ ਜਿਹੜਾ ਅਸਲ ਹੈ, ਗੁਰੂ ਮਤ ਧਾਰਨ ਕਰਨਾ। ਮਨ ਕੀ ਮੱਤ ਛੱਡ ਦੇਣੀ ਹੈ। ਜਿਹੜੇ ਉਹ ਸਵਾਲ ਕਰਦੇ ਹਨ, ਉਨ੍ਹਾਂ ਦਾ ਜਵਾਬ ਇਸ ਤਰ੍ਹਾਂ ਦਿੰਦੇ ਹਨ ਕਿ ਇਹ ਨਹੀਂ ਹੋ ਸਕਦਾ। ਦੂਸਰਾ ਤੁਸੀਂ ਜਿਹੜਾ ਮੌਤ ਦਾ ਡਰ ਦਿੰਦੇ ਹੋ ਅਸੀਂ ਨਾ ਕਿਸੇ ਨੂੰ ਭੈ ਦਿੰਦੇ ਹਾਂ ਤੇ ਨਾ ਕਿਸੇ ਦਾ ਭੈ ਮੰਨਦੇ ਹਾਂ -

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥*
*ਅੰਗ - ੧੪੨੭*

ਗੁਰਮਤਿ ਅਨੁਸਾਰ, ਗੁਰਬਾਣੀ ਦੇ ਪ੍ਰਕਾਸ਼ ਵਿਚ ਉਨ੍ਹਾਂ ਨੂੰ ਇਹ ਉਤਰ ਮਿਲ ਰਹੇ ਹਨ। ਸਾਰੀ ਕਚਹਿਰੀ ਦੇ ਵਿਚ ਬੈਠੇ ਲੋਕ ਅਸ਼-ਅਸ਼ ਕਰ ਉਠਦੇ ਹਨ ਕਿ ਐਨੀ ਛੋਟੀ ਉਮਰ ਐਨਾ ਗਿਆਨ, ਐਨਾ ਧਿਆਨ?

ਉਥੇ ਕਚਹਿਰੀ ਵਿਚ ਬੈਠੇ ਸੁੱਚਾ ਨੰਦ ਨੂੰ, ਜਿਹਨੂੰ ਹੁਣ ਸਾਰੇ ਝੂਠਾ ਨੰਦ ਹੀ ਕਹਿੰਦੇ ਹਨ। ਝੂਠ ਦੀ ਗਵਾਹੀ ਦੇਣ ਵਾਲਾ। ਉਹ ਕਹਿੰਦਾ ਹੈ ਕਿ ਇਹ ਬੱਚੇ ਛੱਡਣ ਜੋਗੇ ਨਹੀਂ ਹਨ। ਉਸ ਦੀ ਕਿੱਡੀ ਇਹ ਕਾਇਰਤਾ ਪੂਰਨ ਗੱਲ ਹੈ, ਰਾਜ ਅੰਨ ਦਾ ਅਸਰ ਹੈ।

*ਮਾਇਆਧਾਰੀ ਅਤਿ ਅੰਨਾ ਬੋਲਾ ॥*
*ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥ ਅੰਗ - ੩੧੩*

ਹੁਣ ਉਹ ਸੂਬਾ ਸਰਹੰਦ, ਜਿਸਦੀਆਂ ਅੱਖਾਂ ਹਾਥੀ ਵਰਗੀਆਂ ਛੋਟੀਆਂ, ਚਿਹਰੇ 'ਤੇ ਚੀਚਕ ਦੇ ਦਾਗ, ਬਹੁਤ ਹੀ ਡਰਾਵਣਾ ਉਸ ਦਾ ਰੂਪ ਰੰਗ ਸੀ। ਉਸ ਦੀ ਕਚਹਿਰੀ ਦੇ ਵਿਚ ਇਹ ਪਾਪ ਕਮਾਉਣ ਦੀਆਂ ਵਿਚਾਰਾਂ ਹੋ ਰਹੀਆਂ ਸਨ। ਐਸਾ ਸਮਾਂ ਪ੍ਰਤੱਖ ਵਰਤ ਰਿਹਾ ਸੀ -

*ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ।*
*ਭਾਈ ਗੁਰਦਾਸ ਜੀ ਵਾਰ ੧/੩੦*

ਐਸੀ ਹਾਲਤ ਹੈ, ਰਾਜੇ ਦਾ ਕੰਮ ਹੈ -

*ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ੍ ਬੈਠੇ ਸੁਤੇ ॥*
*ਅੰਗ - ੧੨੮੮*

ਇਹ ਮਾਇਆਧਾਰੀ ਹਨ, ਇਨ੍ਹਾਂ ਦੇ ਉਤੇ ਕੋਈ ਅਸਰ ਨਹੀਂ ਹੋ ਰਿਹਾ ਤੇ ਹੁਣ ਐਸਾ ਡਰਾਵਾ ਦੇ ਰਹੇ ਹਨ ਜਿਹੜਾ ਤੀਜਾ ਅੰਗ ਹੈ ਦੰਡ ਦਾ ਕਿ ਤੁਸੀਂ ਜਾਂ ਤਾਂ ਇਸਲਾਮ ਕਬੂਲ ਕਰੋ, ਜਾਂ ਫੇਰ ਮੌਤ ਨੂੰ ਕਬੂਲ ਲਓ। ਹੁਣ ਮੌਤ ਹੈ ਤਾਂ ਅਟੱਲ ਸਚਾਈ। ਆਉਣੀ ਹੀ ਆਉਣੀ ਹੈ। ਸਾਹਿਬਜ਼ਾਦਾ ਜੀ ਕਹਿਣ ਲੱਗੇ ਕਿ ਜੇ ਮੁਸਲਮਾਨ ਹੋ ਕੇ ਮੌਤ ਨਹੀਂ ਆਉਣੀ ਕੀ ਇਹ ਹੋ ਸਕਦਾ ਹੈ? ਕਹਿੰਦੇ ਨਹੀਂ। ਇਹ ਤਾਂ ਆਉਣੀ ਹੀ ਆਉਣੀ ਹੈ। ਉਡੀਕ ਦੀਆਂ ਘੜੀਆਂ ਲੰਬੀਆਂ ਕਿਉਂ ਕਰਨੀਆਂ। ਕਿਉਂਕਿ -

*ਹਮਰੇ ਬੰਸ ਰੀਤ ਇਮ ਆਈ।*
*ਸੀਸ ਦੀਆ ਪਰ ਧਰਮ ਨ ਜਾਈ।*

ਧਰਮ ਦੇ ਵਾਸਤੇ ਸੀਸ ਦਿਤਾ ਸਾਡੇ ਦਾਦਾ ਜੀ ਨੇ।

*ਤਿਲਕ ਜੰਞੂ ਰਖਾ ਪ੍ਰਭ ਤਾਕਾ॥*
*ਕੀਨੋ ਬਡੋ ਕਲੂ ਮਹਿ ਸਾਕਾ॥*
*ਸਾਧਨਿ ਹੇਤਿ ਇਤੀ ਜਿਨਿ ਕਰੀ॥*
*ਸੀਸੁ ਦੀਆ, ਪਰ ਸੀ ਨ ਉਚਰੀ॥*
*(ਬਚਿਤ੍ਰ ਨਾਟਕ, ਪਾ: ੧੦ ਵਿਚੋਂ)*

ਸਾਡੇ ਪੜਦਾਦਾ ਜੀ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਮਹਾਰਾਜ, ਭਾਵੇਂ ਕਿੰਨੀ ਅੱਗ ਵਰਤ ਰਹੀ ਸੀ, ਗਰਮੀ ਹੈ, ਤੱਤੀ ਤਵੀ 'ਤੇ ਬੈਠੇ, ਸੀਸ 'ਚ ਰੇਤ ਪੈਂਦੀ ਹੈ, ਪਰ ਉਨ੍ਹਾਂ ਦੇ ਅੰਦਰ ਕਿੰਨੀ ਸ਼ਾਂਤੀ ਹੈ -

*ਬ੍ਰਹਮ ਗਿਆਨੀ ਕੈ ਧੀਰਜੁ ਏਕ ॥ ਅੰਗ - ੨੭੨*

ਕਿੰਨੀ ਧੀਰਜ, ਕਿੰਨੀ ਸ਼ਾਂਤੀ ਦੇ ਪੁੰਜ। ਕਿਉਂਕਿ ਜਿਹੜਾ ਬੀਰ ਰਸ ਸ਼ਹੀਦ ਹੈ, ਉਹ ਸ਼ਹਾਦਤ ਦਿੰਦਾ ਹੈ ਜੰਗ-ਯੁੱਧ ਦੇ ਮੈਦਾਨ ਦੇ ਵਿਚ। ਸ਼ਕਤੀ ਸੰਪੰਨ ਹੋਣ ਦੇ ਬਾਵਜੂਦ ਸ਼ਾਂਤ ਰਸ ਸ਼ਹੀਦ। ਸ਼ਹੀਦਾਂ ਦੇ ਸਿਰਤਾਜ, ਧੰਨ ਗੁਰੂ ਅਰਜਨ ਦੇਵ ਜੀ ਪਾਤਸ਼ਾਹ ਮਹਾਰਾਜ, ਕਹਿੰਦੇ ਸਾਡੇ ਦਾਦਾ ਜੀ, ਸਾਡੇ ਪੜਦਾਦਾ ਜੀ ਨੇ ਸੀਸ ਦਿਤਾ ਪਰ ਧਰਮ ਨਹੀਂ ਛੱਡਿਆ। ਅਸੀਂ ਵੀ ਧਰਮ ਨਹੀਂ ਛੱਡਾਂਗੇ।

*ਗਗਨ ਦਮਾਮਾ ਬਾਜਿਓ, ਪਰਿਓ ਨੀਸਾਨੈ ਘਾਓ॥*
*ਖੇਤੁ ਜੁ ਮਾਂਡਿਓ ਸੂਰਮਾ, ਅਬ ਜੂਝਨ ਕੋ ਦਾਉ॥*
*ਸੂਰਾ ਸੋ ਪਹਿਚਾਨੀਐ, ਜੁ ਲਰੈ ਦੀਨ ਕੇ ਹੇਤ॥*
*ਪੁਰਜਾ ਪੁਰਜਾ ਕਟਿ ਮਰੈ, ਕਬਹੂ ਨ ਛਾਡੈ ਖੇਤੁ॥ ਸਲੋਕ ਕਬੀਰ*

ਸੂਰਮਤਾਈ ਦਿਖਾਉਣੀ, ਵੀਰ ਗਤੀ ਨੂੰ ਪ੍ਰਾਪਤ ਹੋਣਾ -

ਅਸਲ ਸੂਰਮਾ ਉਹਦੀ ਪਹਿਚਾਣ ਕੀ ਹੈ, ਜਿਹੜਾ ਧਰਮ ਦੇਣ ਵਾਸਤੇ ਆਪਣੀ ਕੁਰਬਾਨੀ ਦਿੰਦਾ ਹੈ। ਸਤਿ

*(ਬਾਕੀ ਪੰਨਾ 62 'ਤੇ)*

# ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ

*ਡਾ. ਜਗਜੀਤ ਸਿੰਘ*

(ਨੋਟ-ਵੱਡੇ ਸਾਹਿਜ਼ਾਦਿਆਂ ਦਾ ਸ਼ਹੀਦੀ ਜੋੜ ਮੇਲਾ ਚਮਕੌਰ ਸਾਹਿਬ ਵਿਖੇ ਮਿਤੀ 22 ਦਸੰਬਰ ਨੂੰ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਜੋੜ ਮੇਲਾ ਫਤਹਿਗੜ੍ਹ ਸਾਹਿਬ ਸਰਹੰਦ ਵਿਖੇ 26-28 ਦਸੰਬਰ ਨੂੰ ਹੋਵੇਗਾ)

ਸਿੱਖ ਇਤਿਹਾਸ ਅਦੁੱਤੀ ਕੁਰਬਾਨੀਆਂ ਦਾ ਇਤਿਹਾਸ ਹੈ ਅਤੇ ਇਸ ਇਤਿਹਾਸ ਵਿਚ ਦਸੰਬਰ ਸੰਨ 1704 ਵਿਚ ਹੋਈਆਂ ਸਾਹਿਬਜ਼ਾਦਿਆਂ ਦੀਆਂ ਕੁਰਬਾਨੀਆਂ ਦਾ ਉਦਾਹਰਣ ਸੰਸਾਰ ਇਤਿਹਾਸ ਵਿਚ ਦੁਰਲੱਭ ਹੈ। ਸਾਹਿਬਜ਼ਾਦਾ ਅਜੀਤ ਸਿੰਘ, ਜੁਝਾਰ ਸਿੰਘ ਦੀ ਸ਼ਹਾਦਤ ਨੂੰ ਸ਼ਰਧਾਂਜਲੀ ਪੇਸ਼ ਕਰਦਾ ਜੋਗੀ ਅੱਲਾ ਯਾਰ ਖਾਨ ਲਿਖਦਾ ਹੈ ਕਿ ਜੇ ਭਾਰਤ ਵਿਚ ਕੋਈ ਮਹਾਨ ਤੀਰਥ ਅਸਥਾਨ ਹੈ, ਜਿਥੇ ਕਿਸੇ ਪਿਤਾ ਨੇ ਪਰਮਾਤਮਾ ਦੀ ਸਰਦਲ 'ਤੇ ਪੁੱਤਰਾਂ ਨੂੰ ਕੁਰਬਾਨ ਕਰ ਦਿਤਾ ਤਾਂ ਉਹ ਤੀਰਥ ਚਮਕੌਰ ਸਾਹਿਬ ਦੀ ਧਰਤੀ ਹੈ, ਜਿਸ ਦਾ ਹਰ ਕਣ ਪਰਮਾਤਮਾ ਦੀ ਸ਼ਾਨ ਵਿਚ ਚਮਕ ਰਿਹਾ ਹੈ। ਐਸੀ ਹੀ ਦਿਲ-ਕੰਬਾਊ ਦਾਸਤਾਨ 'ਸਰਹੰਦ ਦੀ ਦੀਵਾਰ' ਦੀ ਹੈ ਜਿਥੇ ਨਿੱਕੀਆਂ ਜਿੰਦਾਂ - (ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿਘ) ਨੇ ਬਹੁਤ ਵੱਡਾ ਸਾਕਾ ਕਰ ਵਿਖਾਇਆ। ਸੌ-ਸੌ ਵਾਰ ਪ੍ਰਣਾਮ ਹੈ ਐਸੇ ਸੂਰਬੀਰਾਂ ਨੂੰ ਜਿਨ੍ਹਾਂ ਨੇ ਧਰਮ, ਦੇਸ਼ ਅਤੇ ਸਮੁੱਚੀ ਮਨੁੱਖਤਾ ਦੇ ਸ੍ਵੈਮਾਨ, ਅਣਖ ਅਤੇ ਆਜ਼ਾਦੀ ਹਿਤ ਜਾਨਾਂ ਵਾਰ ਦਿਤੀਆਂ। ਇਨ੍ਹਾਂ ਕੁਰਬਾਨੀਆਂ ਨੇ ਅਣਗਿਣਤ ਦਿਲਾਂ ਨੂੰ ਟੁੰਬਿਆ ਹੈ। ਜਿੰਦਾਂ ਭਾਵੇਂ ਅਨਭੋਲ ਨਿੱਕੀਆਂ-ਨਿੱਕੀਆਂ ਸੀ, ਪਰ ਉਨ੍ਹਾਂ ਦੇ ਕਾਰਜ ਬਜ਼ੁਰਗਾਂ ਬਾਬਿਆਂ ਵਾਲੇ ਸੀ। ਇਸੇ ਲਈ ਉਨ੍ਹਾਂ ਨੂੰ 'ਬਾਬਾ' ਪਦ ਨਾਲ ਸਤਿਕਾਰਿਆ ਜਾਂਦਾ ਹੈ, ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ, ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ, ਸਾਹਿਬਜ਼ਾਦਾ ਬਾਬਾ ਜ਼ੋਰਾਵਾਰ ਸਿੰਘ ਜੀ, ਸਾਹਿਬਜ਼ਾਦਾ ਬਾਬਾ ਫਤਹਿ ਸਿੰਘ ਜੀ।

ਚਮਕੌਰ ਸਾਹਿਬ ਅਤੇ ਫਤਹਿਗੜ੍ਹ ਸਾਹਿਬ ਦੀ ਚੱਪਾ-ਚੱਪਾ ਧਰਤੀ ਸਾਹਿਬਜ਼ਾਦਿਆਂ ਦੇ ਪਿਆਰ ਵੈਰਾਗ ਵਿਚ ਅਲਮਸਤ ਕੋਈ ਅਗੰਮੀ ਸੁਨੇਹਾ ਦਿੰਦੀ ਪ੍ਰਤੀਤ ਹੁੰਦੀ ਹੈ ਕਿ ਸੰਸਾਰ ਵਿਚ ਵਸਦੇ ਪ੍ਰਾਣੀਓਂ, ਪਿਆਰ ਵੰਡੋ, ਖੁਸ਼ਬੂ ਵੰਡੋ। ਉਮਰਾਂ ਕਰਕੇ ਜਿੰਦ ਭਾਵੇਂ ਛੋਟੀ ਹੋਵੇ, ਭਾਵੇਂ ਵੱਡੀ, ਫਰਕ ਨਹੀਂ ਪੈਂਦਾ। ਅੰਦਰ ਪਰਮ ਜੋਤਿ ਦਾ ਚਾਨਣ ਹੋਵੇ, ਮਨ ਸਰੀਰਾਂ ਨਾਲ ਜੁੜਿਆ ਹੋਵੇ; ਕੂੜੀਆਂ ਵੰਡਾਂ, ਈਰਖਾ, ਦ੍ਵੈਤ, ਵੈਰ, ਵਿਰੋਧ ਤੋਂ ਪਾਕ ਹੋਵੇ, 'ਤੇਰੇ ਭਾਣੇ ਸਰਬੱਤ ਦਾ ਭਲਾ' ਦਾ ਦਿਲੋਂ ਹਿਤੈਸ਼ੀ ਹੋਵੇ, ਤਾਂ ਐਸੀਆਂ ਜਿੰਦਾਂ 'ਤੇ ਧਰਤੀ ਮਾਣ ਕਰਦੀ ਹੈ, ਖੰਡ ਬ੍ਰਹਿਮੰਡ ਮਾਣ ਕਰਦੇ ਹਨ। ਐਸਾ ਜੀਵਨ ਹੀ ਅਸਲੀ ਜੀਵਨ ਹੈ, ਐਸਾ ਜੀਵਨ ਹੀ ਸਫਲ ਜੀਵਨ ਹੈ। ਦਸੰਬਰ ਦੇ ਪਿਛਲੇ ਪੰਦਰਵਾੜੇ ਵਿਚ ਇਨ੍ਹਾਂ ਪਵਿੱਤਰ ਥਾਵਾਂ ਨੂੰ ਕਿਸੇ ਰਾਹੋਂ ਵੀ ਚਲੇ ਜਾਓ, ਦੂਰ-ਦੂਰ ਤਕ ਦਾ ਇਲਾਕਾ ਸਾਹਿਜ਼ਾਦਿਆਂ ਦੇ ਪਿਆਰ-ਸਤਿਕਾਰ ਵਿਚ ਤੁਹਾਡੇ ਰਾਹਾਂ 'ਤੇ ਅੱਖਾਂ ਵਿਛਾਈ ਖੜ੍ਹਾ ਦਿੱਸੇਗਾ। ਥਾਂ-ਥਾਂ ਲੰਗਰ, ਛਬੀਲਾਂ, ਦੁੱਧ, ਚਾਹ ਦੀ ਸੇਵਾ, ਹੱਥ ਬੰਨ੍ਹੀ ਸੇਵਾਦਾਰ, ਬੱਚੇ, ਨੌਜਵਾਨ ਤੁਹਾਡਾ ਰਾਹ ਰੋਕ, ਕੁਝ ਪ੍ਰਵਾਨ ਕਰ ਲੈਣ ਲਈ ਤਰਲਾ ਕਰਦੇ ਹਨ। ਇਥੇ ਉਲਟੀ ਗੰਗਾ ਵਹਿੰਦੀ ਹੈ। ਦੇਣ ਵਾਲੇ ਲੈਣ ਵਾਲਿਆਂ ਦੀ ਮਿੰਨਤ ਕਰਦੇ ਹਨ। ਕੋਈ ਸੇਵਾ ਪ੍ਰਵਾਨ ਕਰ ਲਵੇ, ਪ੍ਰਸੰਨ ਹੋ ਜਾਂਦੇ ਹਨ। ਇਨ੍ਹਾਂ ਪਵਿੱਤਰ ਅਸਥਾਨਾਂ ਨੂੰ ਜਾਂਦੀ ਹਰ ਸੜਕ ਐਸਾ ਦ੍ਰਿਸ਼ ਹੀ ਪੇਸ਼ ਕਰਦੀ ਹੈ। ਸੇਵਾ ਕਰਨ ਵਾਲੇ ਇਨ੍ਹਾਂ ਜਿੰਦਾਂ ਨੂੰ ਦਿਲੋਂ ਪਿਆਰ ਕਰਨ ਵਾਲੇ ਇਨਸਾਨ ਹਨ - ਨਾ ਹਿੰਦੂ, ਨਾ ਸਿੱਖ, ਨਾ ਮੁਸਲਮਾਨ, ਨਾ ਛੋਟੇ, ਨਾ ਵੱਡੇ, ਨਾ ਊਚ, ਨਾ ਨੀਚ। ਕਿਸੇ ਦਾਰਸ਼ਨਿਕ ਨੇ ਠੀਕ ਹੀ ਕਿਹਾ ਸੀ ਕਿ ਪਵਿੱਤਰ ਬਲੀਦਾਨ ਦੇ ਖ਼ੂਨ ਦਾ ਹਰ ਕਤਰਾ ਸੱਚੇ ਧਰਮ ਦੇ ਮਹੱਲ ਦੀ ਬੁਨਿਆਦ ਬਣਦਾ ਹੈ।

ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਅਣਚਾਹੀਆਂ ਮੌਤਾਂ ਨਹੀਂ ਸਨ, ਸਗੋਂ ਚੇਤੰਨ ਸਰੂਪ ਵਿਚ ਸਿਰਜੇ ਤੇ ਰੂਪਮਾਨ ਕੀਤੇ ਬਹਾਦਰੀ ਦੇ ਜੌਹਰ ਸਨ ਜੋ ਕੌਮ ਅਤੇ ਦੇਸ਼ ਦਾ ਫਖਰ ਬਣੇ। ਇਨ੍ਹਾਂ ਅੰਦਰ ਗੁਰੂ-ਪਿਤਾ, ਗੁਰੂ ਦਾਦਾ, ਗੁਰੂ ਵਿਰਸੇ ਤੋਂ ਪ੍ਰਾਪਤ ਨਾਮ-ਰੰਗ ਦੀ ਸੂਰਮਗਤੀ ਸੀ ਜਿਨ੍ਹਾਂ ਦਾ ਬਾਹਰੀ ਪ੍ਰਗਟਾਵਾ ਇਹ ਸ਼ਹੀਦੀਆਂ ਸਨ। ਇਨ੍ਹਾਂ ਸ਼ਹੀਦੀਆਂ ਦੇ ਰਹੱਸ ਨੂੰ ਸਮਝਣਾ ਕੋਈ ਸੌਖੀ ਗੱਲ ਨਹੀਂ, ਵਿਸ਼ੇਸ਼ ਕਰਕੇ ਉਨ੍ਹਾਂ ਮਨੁੱਖਾਂ ਲਈ ਜੋ ਸਰੀਰਾਂ ਨਾਲ ਅਤੇ ਸਰੀਰਾਂ ਦੇ ਸੰਬੰਧਾਂ ਦੇ ਪਿਆਰ ਨਾਲ ਜੁੜੇ ਹੋਏ ਹਨ, ਮਰਨ ਤੋਂ ਡਰਦੇ ਹਨ, ਸਰੀਰ ਦੇ ਖਤਮ ਹੋ ਜਾਣ ਨੂੰ ਇਕ ਭਿਆਨਕ ਘਟਨਾ ਮੰਨਦੇ ਹਨ, ਜਿਸ ਤੋਂ ਬਚਣ ਲਈ ਹਰ ਤਰ੍ਹਾਂ ਦੇ ਸਾਧਨ ਜੁਟਾਉਣ ਵਿਚ ਲੱਗੇ ਹੋਏ ਹਨ।

ਇਸ ਦੇ ਉਲਟ ਗੁਰੂ ਦਾ ਮਾਰਗ 'ਸੱਚ ਦਾ ਮਾਰਗ' ਹੈ, ਧਰਮ ਦਾ ਮਾਰਗ ਹੈ, ਜਿਸ ਉਪਰ 'ਕੂੜਿ ਦੀ ਪਾਲ' ਨੂੰ ਤੋੜ ਕੇ ਹੀ ਚੱਲਿਆ ਜਾਂਦਾ ਹੈ, ਜਿਸ ਵਿਚ 'ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ' ਦਾ ਅਮਲ ਦ੍ਰਿੜ੍ਹ ਕਰਵਾਇਆ ਜਾਂਦਾ ਹੈ ਜੋ 'ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ' ਦਾ ਸੰਦੇਸ਼ ਦਿੰਦਾ ਹੈ। ਗੁਰੂ ਨਾਨਕ ਸਾਹਿਬ ਸੰਗਤ ਪੰਗਤ, ਨਾਮ ਮਹਿਮਾ, ਸ਼ਬਦ ਬਾਣੀ ਦੇ ਕੀਰਤਨ ਰਾਹੀਂ ਇਹੋ ਦ੍ਰਿੜ੍ਹ ਕਰਵਾਉਂਦੇ ਰਹੇ। ਸਭ ਲਈ ਇਕੋ ਸੰਦੇਸ਼ ਸੀ -

*ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥*
*ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥ ਅੰਗ - ੪੬੮*

'ਸੱਚ' 'ਤੇ ਪਹਿਰਾ ਦੇਂਦਿਆਂ ਪੰਜਵੇਂ ਅਤੇ ਨੌਵੇਂ ਗੁਰੂਆਂ ਨੇ 'ਕੂੜ' ਨਾਲ ਸਮਝੌਤਾ ਨਾ ਕੀਤਾ, ਸ਼ਹੀਦੀ ਪਰਵਾਨ ਕਰ ਲਈ। ਇਸ ਕਾਰਜ ਦੀ ਸਪੰਨਤਾ ਹਿਤ ਦਸਵੇਂ ਗੁਰੂ ਜੀ ਨੇ 1699 ਦੀ ਵਿਸਾਖੀ ਨੂੰ ਅਨੰਦਪੁਰ ਸਾਹਿਬ ਵਿਖੇ ਵਿਸ਼ਾਲ ਇਕੱਠ ਕੀਤਾ ਅਤੇ ਜੀਵਨ ਕੀ ਹੈ ਮੌਤ ਕੀ ਹੈ? ਦੇ ਰਹੱਸ ਨੂੰ ਰੂਪਮਾਨ ਕਰਨ ਲਈ ਸੀਸ ਦੀ ਬਲੀ ਮੰਗੀ,

ਵਾਰੀ-ਵਾਰੀ ਪੰਜ ਸਿੱਖ ਸੀਸ ਭੇਟ ਕਰਨ ਹਿਤ ਨਿੱਤਰੇ-ਲਾਹੌਰ ਦੇ ਭਾਈ ਦਯਾ ਰਾਮ, ਦਿੱਲੀ ਦੇ ਭਾਈ ਧਰਮਦਾਸ, ਜਗਨਾਥਪੁਰੀ ਤੋਂ ਭਾਈ ਹਿੰਮਤ ਰਾਇ, ਸੌਰਾਸ਼ਟਰ ਤੋਂ ਭਾਈ ਮੋਹਕਮ ਚੰਦ ਅਤੇ ਆਂਧਰਾ ਤੋਂ ਭਾਈ ਸਾਹਿਬ ਚੰਦ। ਇਨ੍ਹਾਂ ਪੰਜਾਂ ਨੂੰ ਅੰਮ੍ਰਿਤ ਦੀ ਦਾਤ ਮਿਲਣ ਨਾਲ 'ਖਾਲਸੇ' ਦੀ ਸਿਰਜਨਾ ਹੋਈ। ਇਨ੍ਹਾਂ ਤੋਂ ਆਪ ਅੰਮ੍ਰਿਤ ਛਕ ਕੇ 'ਆਪੇ ਗੁਰ ਚੇਲਾ' ਦੀ ਮਰਿਆਦਾ ਤੋਰੀ। ਹਰ ਤਰ੍ਹਾਂ ਦੇ ਵੈਰ-ਵਿਤਕਰੇ, ਊਚ-ਨੀਚ, ਜਾਤ-ਪਾਤ, ਵਰਣ-ਭੇਦ ਦੂਰ ਕਰਕੇ ਇਨ੍ਹਾਂ ਨੂੰ ਪੰਜ ਰਹਿਤਾਂ ਬਖਸ਼ੀਆਂ, ਚਾਰ ਕੁਰਹਿਤਾਂ ਤੋਂ ਬਚਣ ਦਾ ਬਚਨ ਲਿਆ-

*ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ,*
*ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥ (ਅਕਾਲ ਉਸਤਤਿ)*

ਦਾ ਸੰਦੇਸ਼ ਦ੍ਰਿੜ੍ਹ ਕਰਵਾਇਆ। ਖਾਲਸੇ ਦੀ ਸਿਰਜਨਾ ਇਕ ਤਰ੍ਹਾਂ ਨਾਲ 'ਸੁਪਰਮੈਨ', ਸੱਚ ਦੇ ਧਾਰਨੀ, ਧਰਮੀ ਬੰਦੇ ਦੀ ਸਿਰਜਨਾ ਸੀ ਜੋ ਪ੍ਰਭੂ-ਗੁਣਾਂ ਨਾਲ ਸੰਪੰਨ ਅਤੇ ਹਰ ਤਰ੍ਹਾਂ ਦੇ ਔਗੁਣਾਂ ਤੋਂ ਮੁਕਤ ਸੀ।

ਗੁਰੂ ਜੀ ਦੇ ਦੋਵੇਂ ਵੱਡੇ ਸਪੁੱਤਰ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਨੇ ਅਮਰਤਾ ਪ੍ਰਦਾਨ ਕਰਨ ਵਾਲਾ ਅੰਮ੍ਰਿਤ ਪਾਨ ਕੀਤਾ, ਸ਼ਸਤਰਧਾਰੀ ਬਣੇ, ਯੁੱਧ ਵਿਦਿਆ ਹਾਸਲ ਕੀਤੀ ਅਤੇ ਛੋਟੀਆਂ ਟੋਲੀਆਂ ਬਣਾ ਕੇ ਜੰਗ ਲੜਨ ਦੇ ਕਰਤੱਵ ਕਰਦੇ ਅਤੇ ਜੌਹਰ ਵਿਖਾਉਂਦੇ ਰਹਿੰਦੇ ਸੀ। ਕੁਝ ਦਿਨਾਂ ਵਿਚ ਹੀ ਹਜ਼ਾਰਾਂ ਸਿੱਖਾਂ ਨੇ ਅੰਮ੍ਰਿਤ ਪਾਨ ਕਰ ਲਿਆ ਅਤੇ ਸ਼ਸਤਰਧਾਰੀ ਖਾਲਸਾ ਹਕੂਮਤ ਲਈ ਖਤਰੇ ਦਾ ਚਿੰਨ੍ਹ ਬਣ ਗਿਆ। ਗੁਰੂ ਜੀ ਨੂੰ ਸਰਬੱਤ ਸਿੱਖ 'ਸੱਚਾ ਪਾਤਸ਼ਾਹ' ਮੰਨਦੇ ਤੇ ਸੰਬੋਧਨ ਕਰਦੇ ਸਨ ਜੋ ਔਰੰਗਜ਼ੇਬ ਲਈ ਬਰਦਾਸ਼ਤ ਕਰਨਾ ਕਠਨ ਸੀ। ਸਭ ਜਾਤਾਂ ਦਾ ਇਕੋ ਬਾਟੇ ਵਿਚੋਂ ਅੰਮ੍ਰਿਤ ਪਾਨ ਕਰਨਾ ਅਤੇ ਊਚ ਨੀਚ ਦੀ ਬਰਾਬਰੀ ਪਹਾੜੀ ਹਿੰਦੂ ਰਾਜਿਆਂ ਨੂੰ ਵੀ ਪ੍ਰਵਾਨ ਨਹੀਂ ਸੀ। ਸੋ ਉਹ ਵੀ ਖਾਲਸੇ ਦੀ ਸਿਰਜਨਾ ਅਤੇ ਸਿੱਖਾਂ ਦੇ ਸ਼ਸਤਰਧਾਰੀ ਹੋਣ ਦੇ ਵਿਰੁੱਧ ਸਨ।

ਐਸੀ ਸਥਿਤੀ ਵਿਚ ਹੀ ਔਰੰਗਜ਼ੇਬ ਨੇ ਨਵਾਬ ਦਲਾਵਰ ਖਾਨ ਅਤੇ ਉਸ ਦੇ ਲੜਕੇ ਰੁਸਤਮ ਖਾਨ ਨੂੰ ਅਨੰਦਪੁਰ ਸਾਹਿਬ ਤੇ ਭਾਰੀ ਹਮਲਾ ਕਰਨ ਹਿਤ ਭੇਜਿਆ। ਨਵੰਬਰ 1699 ਦੀ ਇਕ ਰਾਤ ਨੂੰ ਭਾਰੀ ਗਿਣਤੀ ਵਿਚ ਆਈ ਮੁਗਲ ਸੈਨਾ ਗੁਰੂ ਜੀ ਦੀ ਖਾਲਸਾ ਫੌਜ ਨਾਲ ਆ ਟਕਰਾਈ ਪਰ ਉਸ ਦਾ ਸਾਮ੍ਹਣਾ ਨਾ ਕਰ ਸਕੀ। ਇਸ ਤਰ੍ਹਾਂ ਅਨੰਦਪੁਰ ਦੀ ਪਹਿਲੀ ਲੜਾਈ ਵਿਚ ਖਾਲਸੇ ਦੀ ਜਿੱਤ ਹੋਈ। ਉਪਰੰਤ 1700-1704 ਈ. ਦੇ ਸਮੇਂ ਵਿਚ ਤਿੰਨ ਯੁੱਧ ਹੋਰ ਹੋਏ ਪਰ ਹਰ ਕੋਸ਼ਿਸ਼ ਦੇ ਬਾਵਜੂਦ ਮੁਗਲ ਅਨੰਦਗੜ੍ਹ ਦਾ ਕਿਲ੍ਹਾ ਸਰ ਨਾ ਕਰ ਸਕੇ। ਇਥੇ ਹੀ ਇਕ ਵਾਰ ਮੁਗਲ ਸੈਨਾ ਨੇ ਇਕ ਮਸਤ ਹਾਥੀ ਕਿਲ੍ਹੇ ਦਾ ਦਰ ਤੋੜਨ ਲਈ ਭੇਜਿਆ ਜਿਸ ਨੂੰ ਭਾਈ ਬਚਿੱਤਰ ਸਿੰਘ ਨੇ ਨਾਗਨੀ (ਇਕ ਖਾਸ ਸ਼ਸਤਰ) ਨਾਲ ਘਾਇਲ ਕਰ ਦਿਤਾ ਤੇ ਉਹ ਆਪਣੀ ਸੈਨਾ ਲਈ ਹੀ ਮੁਸੀਬਤ ਬਣ ਗਿਆ। ਸਭ ਤੋਂ ਭਿਆਨਕ ਯੁੱਧ 1704 ਵਿਚ ਹੋਇਆ ਜੋ 6 ਮਹੀਨੇ ਜਾਰੀ ਰਿਹਾ। ਜਦੋਂ ਮੁਗਲ ਸੈਨਾ ਦੀ ਪੇਸ਼ ਨਾ ਗਈ ਤਾਂ ਉਨ੍ਹਾਂ ਇਕ ਬ੍ਰਾਹਮਣ ਅਤੇ ਇਕ ਮੌਲਵੀ ਨੂੰ ਜ਼ਾਮਨ ਬਣਾ ਕੇ ਭੇਜਿਆ ਜਿਨ੍ਹਾਂ ਨੇ ਗੀਤਾ ਅਤੇ ਕੁਰਾਨ ਦੀ ਸਹੁੰ ਚੁੱਕ ਕੇ ਕਿਹਾ ਕਿ ਜੇ ਗੁਰੂ ਜੀ ਕਿਲ੍ਹਾ ਛੱਡ ਦੇਣ ਤਾਂ ਯੁੱਧ ਸਮਾਪਤ ਹੋ ਜਾਵੇਗਾ ਤੇ ਉਹ ਜਿਥੇ ਚਾਹੁੰਣ ਜਾ ਸਕਦੇ ਹਨ। ਗੁਰੂ ਜੀ ਉਨ੍ਹਾਂ ਦੀ ਚਾਲ ਨੂੰ ਜਾਣਦੇ ਸਨ ਪਰ ਉਨ੍ਹਾਂ ਨੇ ਬਚਨਾਂ ਨੂੰ ਪਰਖਣ ਲਈ ਕੁਝ ਗੱਡੇ ਕੂੜ-ਕਬਾੜ ਨਾਲ ਲਦਵਾ ਕੇ ਉਪਰ ਰੇਸ਼ਮੀ ਚਾਦਰਾਂ ਪੁਆ ਦਿਤੀਆਂ ਅਤੇ ਕਿਹਾ ਕਿ ਗੁਰੂ ਦਾ ਖਜ਼ਾਨਾ ਜਾ ਰਿਹਾ ਹੈ। ਨਾ ਸਮਝ ਲਾਲਚੀ ਮੁਗਲ ਆਪਣੇ ਵਲੋਂ ਖਜ਼ਾਨਾ ਲੁੱਟਣ ਲਈ ਟੁੱਟ ਕੇ ਪੈ ਗਏ ਅਤੇ ਉਨ੍ਹਾਂ ਨੂੰ ਅਤਿ ਸ਼ਰਮਿੰਦਗੀ ਸਹਾਰਨੀ ਪਈ।

ਕੁਝ ਦਿਨਾਂ ਪਿੱਛੋਂ ਉਨ੍ਹਾਂ ਨੇ ਔਰੰਗਜ਼ੇਬ ਵਲੋਂ ਦਸਤਖਤ-ਸ਼ੁਦਾ ਕੁਰਾਨ ਅਤੇ ਉਸ ਵਲੋਂ ਚਿੱਠੀ ਪੇਸ਼ ਕੀਤੀ, ਪਿਛਲੀ ਗਲਤੀ ਦੀ ਖਿਮਾ ਮੰਗੀ ਅਤੇ ਕਿਹਾ ਕਿ ਜੇ ਆਪ ਜੀ ਸਿੱਖ ਸਿਪਾਹੀਆਂ ਸਮੇਤ ਕਿਲ੍ਹਾ ਛੱਡ ਦਿਓ, ਇਸ ਤਰ੍ਹਾਂ ਲੜਾਈ ਮੁੱਕ ਜਾਏਗੀ। ਸਿੱਖਾਂ ਦੇ ਬਾਰ-ਬਾਰ ਕਹਿਣ 'ਤੇ 20 ਦਸੰਬਰ 1704 ਦੀ ਸਰਦੀਲੀ ਰਾਤ ਨੂੰ ਗੁਰੂ ਜੀ, ਮਾਤਾ ਗੁਜਰੀ ਜੀ, ਚਾਰ ਸਾਹਿਬਜ਼ਾਦੇ ਅਤੇ ਪੰਜ ਪਿਆਰੇ ਨਾਲ ਲੈ ਕੇ ਕਿਲ੍ਹੇ ਤੋਂ ਬਾਹਰ ਆ ਗਏ, ਬਾਕੀ ਸਿੱਖ ਜਥੇ ਵੀ ਮਗਰ-ਮਗਰ ਤੁਰ ਪਏ। ਅੰਮ੍ਰਿਤ ਵੇਲੇ ਆਪ ਜੀ ਨੇ ਸਰਸਾ ਦਰਿਆ ਪਾਰ ਕੀਤਾ। ਤਦ ਤਕ ਮੁਗਲ ਫੌਜ ਇਕਰਾਰ ਭੁੱਲ ਕੇ ਗੁਰੂ ਜੀ ਅਤੇ ਸਿੱਖ ਸੈਨਾ ਦੇ ਪਿੱਛੇ ਲੱਗ ਚੁੱਕੀ ਸੀ। ਐਸੇ ਸਮੇਂ ਹੀ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਪਰਿਵਾਰ ਨਾਲੋਂ ਵਿਛੜ ਗਏ। ਘਰੇਲੂ ਸੇਵਾਦਾਰ ਗੰਗੂ ਦੇ ਕਹਿਣ 'ਤੇ ਉਹ ਉਸ ਦੇ ਪਿੰਡ ਖੇੜੀ ਜਾ ਟਿਕੇ। ਅਜੇ ਸਿੱਖ ਸੈਨਾ ਸਰਸਾ ਕੰਢੇ ਹੀ ਸੀ ਕਿ ਮੁਗਲ ਫੌਜ ਨੇ ਆ ਚੜ੍ਹਾਈ ਕੀਤੀ। ਸਿੱਖ ਸੂਰਮਿਆਂ ਨੇ ਪੂਰੀ ਬਹਾਦਰੀ ਨਾਲ ਟਾਕਰਾ ਕੀਤਾ ਤੇ ਉਨ੍ਹਾਂ ਨੂੰ ਅੱਗੇ ਨਾ ਵਧਣ ਦਿਤਾ। ਭਾਈ ਉਦੈ ਸਿੰਘ ਅਤੇ ਭਾਈ ਜੀਵਨ, ਇਕੱਲੇ-ਇਕੱਲੇ ਨੇ ਕਈ-ਕਈ ਮੁਗਲ ਜਮਪੁਰੀ ਭੇਜੇ। ਅਖੀਰ ਬੇਅੰਤ ਨੁਕਸਾਨ ਕਰਵਾ ਕੇ ਥੱਕੀ-ਟੁੱਟੀ ਮੁਗਲ ਸੈਨਾ ਆਪਣੇ ਕੈਂਪ ਨੂੰ ਪਰਤ ਗਈ।

ਏਧਰ ਗੁਰੂ ਜੀ, ਦੋ ਵੱਡੇ ਸਾਹਿਬਜ਼ਾਦੇ ਅਤੇ 40 ਦੇ ਕਰੀਬ ਸਿੰਘ ਰੋਪੜ ਦੇ ਇਲਾਕੇ 'ਚ ਪੁੱਜੇ ਅਤੇ ਖੁੱਲੇ ਮੈਦਾਨ ਵਿਚ ਛਾਉਣੀ ਪਾਈ। ਇਥੇ ਹੀ ਕੋਟਲਾ ਨਿਹੰਗ ਸਿੰਘ ਦੇ ਉੱਚੇ-ਲੰਮੇ ਪਠਾਣ ਨੇ ਗੁਰੂ ਜੀ ਦੇ ਕੈਂਪ ਦੀ ਰੱਖਿਆ ਲਈ ਆਪਣੀ ਸੇਵਾ ਭੇਟ ਕੀਤੀ। ਦੂਜੇ ਦਿਨ ਚੌਧਰੀ ਬੁੱਧੂ ਚੰਦ ਦੀ ਬੇਨਤੀ ਪ੍ਰਵਾਨ ਕਰਦਿਆਂ ਆਪ ਜੀ ਨੇ ਸੈਨਿਕ ਕੈਂਪ ਉਸ ਦੀ ਹਵੇਲੀ, ਚਮਕੌਰ ਦੀ ਗੜ੍ਹੀ ਵਿਚ ਲੈ ਆਂਦਾ। ਸਮੇਂ ਨੂੰ ਭਾਂਪਦਿਆਂ ਆਪ ਜੀ ਨੇ ਇਸ ਛੋਟੀ ਗੜ੍ਹੀ ਵਿਚ ਲੜਾਈ ਪੱਖੋਂ ਪੂਰੀ ਮੋਰਚੇਬੰਦੀ ਕਰ ਲਈ। ਜਦੋਂ ਸਰਹੰਦ ਦੇ ਸੂਬੇ ਵਜ਼ੀਰ ਖਾਨ ਨੂੰ ਪਤਾ ਲੱਗਿਆਂ ਤਾਂ ਉਸ ਨੇ ਵੱਡੀ ਗਿਣਤੀ ਦੀ ਫੌਜ ਸਮੇਤ ਚਮਕੌਰ ਦੀ ਗੜ੍ਹੀ ਨੂੰ ਜਾ ਘੇਰਿਆ। ਉਸ ਨੇ ਨਗਾਰੇ ਦੀ ਆਵਾਜ਼ ਨਾਲ ਕਿਹਾ ਕਿ ਜੇ ਗੁਰੂ ਜੀ ਅਤੇ ਸਿੱਖ ਉਸ ਦੀ ਸ਼ਰਨ ਵਿਚ ਆ ਜਾਣ,

ਤਾਂ ਉਨ੍ਹਾਂ ਨੂੰ ਕੁਝ ਨਹੀਂ ਕਿਹਾ ਜਾਵੇਗਾ। ਇਸ ਦਾ ਉੱਤਰ ਗੁਰੂ ਜੀ ਨੇ ਤੀਰਾਂ ਨਾਲ ਦਿਤਾ। ਇਕ ਪਾਸੇ ਮੁੱਲ ਖਰੀਦੀ ਬੇਸ਼ੁਮਾਰ ਮੁਗਲ ਸੈਨਾ, ਦੂਜੇ ਪਾਸੇ ਗੁਰੂ-ਪਿਆਰ ਵਿਚ ਕੁਰਬਾਨ ਹੋਣ ਵਾਲੇ ਮੁੱਠੀ ਭਰ ਮਰਜੀਵੜੇ ਸਿੱਖ। ਸੰਸਾਰ ਦੇ ਯੁੱਧ-ਇਤਿਹਾਸ ਵਿਚ ਕਿਤੇ ਵੀ ਐਸੀ ਉਦਾਹਰਣ ਨਹੀਂ ਮਿਲਦੀ ਜਿਥੇ ਕੇਵਲ 40 ਕੁ ਸੂਰਮਿਆਂ ਨੇ ਅਣਗਿਣਤ ਸ਼ਾਹੀ ਸੈਨਾ ਨਾਲ ਲੋਹਾ ਲਿਆ ਹੋਵੇ। 'ਸਵਾ ਲਾਖ ਸੇ ਏਕ ਲੜਾਊਂ" ਦਾ ਬਚਨ ਚਮਕੌਰ ਦੀ ਗੜ੍ਹੀ ਦੇ ਯੁੱਧ ਵਿਚ ਪ੍ਰਤੱਖ ਹੋਇਆ। ਜਰਨੈਲ ਨਾਹਰ ਖਾਨ ਪੌੜੀ ਰਾਹੀਂ ਗੜ੍ਹੀ 'ਤੇ ਚੜ੍ਹਨ ਲੱਗਾ, ਗੁਰੂ ਜੀ ਦੇ ਤੀਰ ਨਾਲ ਵਿੰਨ੍ਹਿਆ ਗਿਆ; ਜਰਨੈਲ ਗਨੀ ਖਾਨ ਨੂੰ ਗੁਰਜ ਮਾਰ ਕੇ ਚਿਤ ਕਰ ਦਿਤਾ। ਸਿੱਖ ਸਿਪਾਹੀ ਸਣੇ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਪ੍ਰਾਪਤ ਹਥਿਆਰਾਂ ਤੀਰਾਂ, ਤਲਵਾਰਾਂ, ਬਰਛਿਆਂ ਨਾਲ ਲੈਸ ਸਨ।

22 ਦਸੰਬਰ 1704 ਨੂੰ ਘਮਸਾਨ ਦਾ ਯੁੱਧ ਹੋਇਆ। ਸਿੱਖ ਸੈਨਾ ਭਾਵੇਂ ਗਿਣਤੀ ਵਿਚ ਬਹੁਤ ਥੋੜ੍ਹੀ ਸੀ, ਪਰ ਗੁਰੂ ਜੀ ਦੀ ਹਜ਼ੂਰੀ, ਪਿਆਰ ਸਿਦਕ ਅਤੇ ਦ੍ਰਿੜ੍ਹਤਾ ਕਾਰਨ ਚੜ੍ਹਦੀ ਕਲਾ ਵਿਚ ਅਤੇ ਪੂਰੇ ਜਲਾਲ ਵਿਚ ਸੀ। ਗੁਰੂ ਜੀ ਰਣਨੀਤੀ ਨਿਰਧਾਰਤ ਕਰਦਿਆਂ, ਪੰਜ-ਪੰਜ ਸਿੰਘਾਂ ਦੇ ਜੱਥੇ ਵੈਰੀਆਂ ਨਾਲ ਜੂਝਣ ਲਈ ਮੈਦਾਨੇ-ਜੰਗ ਵਿਚ ਭੇਜਦੇ, ਜੋ ਜੈਕਾਰਿਆਂ ਦੀ ਗੂੰਜ ਨਾਲ ਵੈਰੀਆਂ 'ਤੇ ਟੁੱਟ ਪੈਂਦੇ। ਸੈਂਕੜੇ ਵੈਰੀਆਂ ਨੂੰ ਮੌਤ ਦੇ ਘਾਟ ਉਤਾਰਦਿਆਂ ਆਪ ਸ਼ਹੀਦ ਹੋ ਜਾਂਦੇ। ਗੁਰੂ ਜੀ ਆਪ ਗੜ੍ਹੀ ਦੀ ਛੱਤ ਤੋਂ ਤੀਰਾਂ ਦਾ ਮੀਂਹ ਵਰ੍ਹਾਂਦੇ, ਮੁਗਲਾਂ ਵਿਚ ਭੜਥੂ ਪਾਈ ਰਖਦੇ। ਜਦੋਂ ਗੜ੍ਹੀ ਚਾਰੋਂ ਪਾਸਿਆਂ ਤੋਂ ਘਿਰ ਗਈ ਅਤੇ ਸਿੰਘ ਵੀ ਕਾਫੀ ਸ਼ਹੀਦ ਹੋ ਗਏ ਤਾਂ ਬਾਕੀ ਬਚੇ ਸਿੰਘਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਰਾਤ ਸਮੇਂ ਪੁੱਤਰਾਂ ਸਣੇ ਗੜ੍ਹੀ ਵਿਚੋਂ ਨਿਕਲ ਜਾਣ। "ਕਿਹੜੇ ਪੁੱਤਰ" ਗੁਰੂ ਜੀ ਨੇ ਉੱਤਰ ਦਿਤਾ, "ਤੁਸੀਂ ਸਭ ਹੀ ਤਾਂ ਮੇਰੇ ਪੁੱਤਰ ਹੋ! ਸਭ ਦੀਆਂ ਅੱਖਾਂ ਸੇਜਲ ਹੋ ਗਈਆਂ। ਸਾਹਿਬਜ਼ਾਦਾ ਅਜੀਤ ਸਿੰਘ ਨੇ ਜੰਗ ਵਿਚ ਜਾਣ ਦੀ ਆਗਿਆ ਮੰਗੀ। ਪੰਜ ਸੂਰਬੀਰਾਂ ਦੀ ਕਮਾਨ ਦੇ ਕੇ ਗੁਰੂ ਜੀ ਦੀਆਂ ਅਸੀਸਾਂ ਲੈ, ਸਾਹਿਬਜ਼ਾਦਾ ਅਜੀਤ ਸਿੰਘ ਦੇ ਜੱਥੇ ਅਨੇਕ ਵੈਰੀਆਂ ਨੂੰ ਮੌਤ ਦੇ ਘਾਟ ਉਤਾਰਿਆ। ਤੀਰ ਮੁੱਕ ਗਏ ਤਾਂ ਸਿੰਘਾਂ ਨੇ ਤਲਵਾਰਾਂ ਧੂਹ ਲਈਆਂ। ਅਖੀਰ ਦਮ ਤਕ ਜੂਝਦੇ ਹੋਇਆਂ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਬਾਕੀ ਦੇ ਸਿੰਘਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਵੱਡੇ ਭਰਾ ਦੀ ਬਹਾਦਰੀ ਤੋਂ ਉਤਸ਼ਾਹਤ ਹੁੰਦਿਆਂ 15 ਸਾਲਾਂ ਦੇ ਛੋਟੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੇ ਵੀ ਮੈਦਾਨ-ਏ-ਜੰਗ ਵਿਚ ਜਾਣ ਦੀ ਆਗਿਆ ਮੰਗੀ। ਗੁਰੂ ਜੀ ਨੇ ਪੰਜ ਸਿੰਘਾਂ ਨੂੰ ਨਾਲ ਤੋਰਦਿਆਂ ਅਸੀਸਾਂ ਬਖਸ਼ੀਆਂ। ਛੋਟੇ ਸਾਹਿਬਜ਼ਾਦੇ ਬਾਬਾ ਜੁਝਾਰ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਵੀ ਬਹਾਦਰੀ ਨਾਲ ਲੜਦਿਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ। ਗੁਰੂ ਜੀ ਨੇ ਪ੍ਰਮਾਤਮਾ ਦਾ ਧੰਨਵਾਦ ਕੀਤਾ ਕਿ ਤੇਰੀ ਅਮਾਨਤ ਤੈਨੂੰ ਸਮਰਪਿਤ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਗੜ੍ਹੀ ਵਿਚ ਰਹਿੰਦੇ ਸਿੱਖਾਂ ਨੂੰ ਸੰਬੋਧਨ ਕਰਦਿਆਂ ਕਿਹਾ, "ਦੁਸ਼ਮਣ ਨਾਲ ਬਹਾਦਰੀ ਨਾਲ ਲੜਨਾ ਹੀ ਸਾਡਾ ਧਰਮ ਅਤੇ ਕਰਤੱਵ ਹੈ। ਸਾਡੇ ਲਹੂ ਦਾ ਇਕ-ਇਕ ਕਤਰਾ ਸਾਡੇ ਧਰਮ ਦੀਆਂ ਨੀਹਾਂ ਪੱਕੀਆਂ ਕਰੇਗਾ।" ਕੇਵਲ 11 ਸਿੰਘ ਗੜ੍ਹੀ ਵਿਚ ਬਚੇ ਸਨ। ਉਨ੍ਹਾਂ ਨੇ ਗੁਰਮਤਾ ਕਰਕੇ ਗੁਰੂ ਜੀ ਨੂੰ ਗੜ੍ਹੀ ਛੱਡ ਜਾਣ ਲਈ ਬੇਨਤੀ ਕੀਤੀ।

ਗੁਰਸਿੱਖਾਂ ਦੀ ਬੇਨਤੀ ਪ੍ਰਵਾਨ ਕਰਦਿਆਂ ਆਪ ਜੀ ਰਾਤ ਦੇ ਹਨ੍ਹੇਰੇ ਵਿਚ ਗੜ੍ਹੀ ਤੋਂ ਬਾਹਰ ਆਏ ਅਤੇ ਸਵੇਰ ਹੁੰਦਿਆਂ ਤਕ ਗੁਰੂ ਜੀ ਮਾਛੀਵਾੜੇ ਪੁੱਜ ਚੁੱਕੇ ਸਨ। ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਵੀ ਗੁਰੂ ਜੀ ਨੂੰ ਮਾਛੀਵਾੜੇ ਆ ਮਿਲੇ। ਨਬੀ ਖਾਨ ਅਤੇ ਗਨੀ ਖਾਨ ਜੋ ਗੁਰੂ ਜੀ ਪ੍ਰਤੀ ਬਹੁਤ ਸ਼ਰਧਾ ਰੱਖਦੇ ਸਨ, ਇਥੇ ਗੁਰੂ ਜੀ ਨੂੰ ਆ ਮਿਲੇ। ਰਾਏਕੋਟ ਦੇ ਮੁਕਾਮ 'ਤੇ ਗੁਰੂ ਜੀ ਨੂੰ ਖਬਰ ਮਿਲੀ ਕਿ ਸਰਹੰਦ ਦੇ ਨਵਾਬ ਦੇ ਹੁਕਮ ਅਨੁਸਾਰ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣ ਕੇ ਸ਼ਹੀਦ ਕਰ ਦਿਤਾ ਗਿਆ ਹੈ। ਉਹ ਆਖਰੀ ਸੁਆਸ ਤਕ ਆਪਣੇ ਧਰਮ ਅਤੇ ਅਕੀਦੇ ਵਿਚ ਦ੍ਰਿੜ੍ਹ ਰਹੇ। ਮਾਤਾ ਗੁਜਰੀ ਜੀ ਬੱਚਿਆਂ ਨੂੰ ਰੋਜ਼ ਤਿਆਰ ਕਰਕੇ ਕਚਹਿਰੀ ਭੇਜਦੇ ਰਹੇ ਜਿਥੇ ਉਨ੍ਹਾਂ ਨੇ ਸੱਚ ਦੀ ਸਾਖ ਭਰਦਿਆਂ ਕਾਜ਼ੀ ਦੇ ਸਵਾਲਾਂ ਦੇ ਉਤਰ ਬੜੀ ਦਲੇਰੀ ਅਤੇ ਦ੍ਰਿੜ੍ਹਤਾ ਨਾਲ ਦਿਤੇ। ਨਵਾਬ ਅਤੇ ਕਾਜ਼ੀ ਦੋਵੇਂ ਇਨ੍ਹਾਂ ਬੱਚਿਆਂ ਦੀ ਦਲੇਰੀ ਅਤੇ ਧਰਮ ਦੀ ਦ੍ਰਿੜ੍ਹਤਾ ਦੇ ਅੰਦਰੋਂ ਕਾਇਲ ਸਨ ਪਰ ਬੱਚਿਆਂ ਨੂੰ ਇਸਲਾਮ ਵਿਚ ਸ਼ਾਮਲ ਕਰਨ ਲਈ ਬਹੁਤ ਉਤਸੁਕ ਵੀ ਸਨ। ਦੀਵਾਨ ਸੁੱਚਾ ਨੰਦ (ਜੋ ਕਿ ਸਿੱਖ ਪੰਥ ਵਿਚ ਝੂਠਾ ਨੰਦ ਦੇ ਨਾਮ ਨਾਲ ਜਾਣਿਆ ਜਾਂਦਾ ਹੈ) ਵੀ ਅਦਾਲਤ ਵਿਚ ਹਾਜ਼ਰ ਸਭ ਕੁਝ ਵੇਖ-ਸੁਣ ਰਿਹਾ ਸੀ। ਉਸ ਨੇ ਸੋਚੀ-ਸਮਝੀ ਵਿਉਂਤ ਅਨੁਸਾਰ ਬੱਚਿਆਂ ਨੂੰ ਪੁੱਛਿਆ ਕਿ ਜੇ ਤੁਹਾਨੂੰ ਛੱਡ ਦਿਤਾ ਜਾਵੇ ਤਾਂ ਤੁਸੀਂ ਕੀ ਕਰੋਗੇ? ਸਾਹਿਬਜ਼ਾਦਿਆਂ ਦਾ ਦਲੇਰਾਨਾ ਉੱਤਰ ਸੀ ਕਿ ਅਸੀਂ ਸਿੱਖ ਸੈਨਿਕ ਇਕੱਠੇ ਕਰਕੇ ਧਰਮ ਲਈ ਯੁੱਧ ਕਰਾਂਗੇ ਅਤੇ ਜ਼ਾਲਮ ਰਾਜ ਨੂੰ ਉਖੇੜਨ ਦਾ ਹਰ ਜਤਨ ਕਰਾਂਗੇ। ਇਸ ਉੱਤਰ ਨਾਲ ਸੁੱਚਾ ਨੰਦ ਨੂੰ ਨਵਾਬ ਅਤੇ ਕਾਜ਼ੀ ਨੂੰ ਉਕਸਾਉਣ ਦਾ ਬਹਾਨਾ ਮਿਲ ਗਿਆ। ਉਸ ਨੇ ਦੋਹਾਂ ਨੂੰ ਕਿਹਾ ਕਿ ਸੱਪ ਦੇ ਬੱਚੇ ਵੱਡੇ ਹੋ ਕੇ ਬੜੇ ਖਤਰਨਾਕ ਸਿੱਧ ਹੋ ਸਕਦੇ ਹਨ। ਇਸ ਤਰ੍ਹਾਂ ਬੱਚਿਆਂ ਨੂੰ ਨੀਹਾਂ ਵਿਚ ਚਿਣਨ ਦਾ ਆਦੇਸ਼ ਦਿਤਾ ਗਿਆ। ਕਾਜ਼ੀ ਨੇ ਸਲਾਹ ਦਿਤੀ ਕਿ ਇਹ ਕਾਰਜ ਨਵਾਬ ਮਲੇਰਕੋਟਲਾ, ਸ਼ੇਰ ਮੁਹੰਮਦ ਖਾਨ ਰਾਹੀਂ ਕੀਤਾ ਜਾਵੇ ਕਿਉਂਕਿ ਉਸ ਦਾ ਭਰਾ ਗੁਰੂ ਗੋਬਿੰਦ ਸਿੰਘ ਦੇ ਹੱਥੋਂ ਜੰਗ ਵਿਚ ਮਾਰਿਆ ਗਿਆ ਸੀ। ਪਰ ਨਵਾਬ ਰੱਬ ਤੋਂ ਡਰਨ ਵਾਲਾ ਇਨਸਾਨ ਸੀ। ਉਸ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ 'ਇਹ ਸਰਾਸਰ ਜ਼ੁਲਮ ਹੈ। ਮੇਰਾ ਭਰਾ ਜੰਗ ਵਿਚ ਸ਼ਹੀਦ ਹੋਇਆ ਹੈ। ਇਹ ਬੱਚੇ ਉਸ ਦੀ ਮੌਤ ਦੇ ਜ਼ਿੰਮੇਵਾਰ ਨਹੀਂ ਹਨ। ਜੇ ਅਸੀਂ

*(ਬਾਕੀ ਪੰਨਾ 63 'ਤੇ)*

# ਅੱਖੀਂ ਡਿੱਠਾ, ਕੰਨੀ ਸੁਣਿਆ - ਅਲੌਕਿਕ ਅਤੇ ਨਿਵੇਕਲਾ ਸਾਲਾਨਾ ਗੁਰਮਤਿ ਸਮਾਗਮ - ਰਤਵਾੜਾ ਸਾਹਿਬ

*ਭਾਈ ਸੁਖਵਿੰਦਰ ਸਿੰਘ*

ਕਿਸੇ ਵੀ ਵਿਸ਼ੇ ਵਸਤੂ ਦੀ ਜਾਣਕਾਰੀ ਲਈ ਅਨੁਭਵੀ ਮਹਾਂਪੁਰਸ਼ਾਂ ਨੇ ਚਾਰ ਤਰ੍ਹਾਂ ਦਾ ਗਿਆਨ ਮੰਨਿਆ ਹੈ। ਜਿਸ ਦੇ ਸਾਧਨ ਪ੍ਰਤੱਖ, ਪ੍ਰਮਾਣ, ਅਨੁਮਾਨ ਅਤੇ ਅਨੁਭਵ ਗਿਆਨ ਮੰਨੇ ਗਏ ਹਨ। ਰਤਵਾੜਾ ਸਾਹਿਬ ਦਾ ਸਾਲਾਨਾ ਮਹਾਨ ਗੁਰਮਤਿ ਰੂਹਾਨੀ ਸਮਾਗਮ ਗਿਆਨ ਦੇ ਇਨ੍ਹਾਂ ਚਾਰ ਤਰ੍ਹਾਂ ਦੇ ਸਾਧਨਾਂ ਤੇ ਪੂਰਾ ਉਤਰਿਆ। ਗੁਰਮਤਿ ਅਤੇ ਰੂਹਾਨੀ ਸ਼ਬਦ ਸਮਾਨਆਰਥਿਕ ਸ਼ਬਦ ਹਨ। ਗੁਰਮਤਿ ਦੇ ਅੰਦਰ ਭਗਤੀ ਸਹਿਤ ਗਿਆਨ ਨੂੰ ਪ੍ਰਮਾਣਿਕਤਾ ਹੈ। ਰਤਵਾੜਾ ਸਾਹਿਬ ਦਾ ਸਮਾਗਮ ਭਗਤੀ, ਵੈਰਾਗ, ਪਿਆਰ, ਸ਼ਰਧਾ, ਸੇਵਾ ਸਿਮਰਨ, ਨੌਧਾ ਭਗਤੀ ਸਮੇਤ ਪ੍ਰੇਮਾ ਭਗਤੀ ਗੁਰਮਤਿ ਦੀ ਰਹੁਰੀਤ ਆਦਿਕ ਅਨੇਕਾਂ ਗੁਣਾਂ ਦੀ ਸਾਂਝ ਪਾਉਂਦਾ 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ,' ਸਭ ਸਿਖਨ ਕੋ ਹੁਕਮ ਹੈ-'ਗੁਰੂ ਮਾਨਿਉ ਗ੍ਰੰਥ' ਦਾ ਸੁਨੇਹਾ ਦਿੰਦਾ ਹੋਇਆ ਸੰਪੂਰਨ ਹੋਇਆ। ਇਸ ਦੀ ਆਰੰਭਤਾ ਅਤੇ ਸੰਪੂਰਨਤਾ ਦੀ ਅਲੌਕਿਕ ਅਤੇ ਨਿਵੇਕਲੀ ਦਿਖ ਤੇ ਝਾਤੀ ਮਾਰਦਿਆਂ ਬੇਅੰਤ ਤੱਤਾਂ ਦੀ ਜਾਣਕਾਰੀ ਮਿਲੀ ਹੈ ਜੋ ਕਿ ਆਪ ਜੀ ਸਭ ਪਾਠਕਾਂ ਅਤੇ ਸਮੂੰਹ ਸੰਗਤਾਂ ਨਾਲ ਸਾਂਝੀ ਕਰਨ ਜਾ ਰਹੇ ਹਾਂ।

**1. ਸਮਾਗਮ ਦੇ ਨਾਮ ਦੀ ਵਿਲੱਖਣਤਾ -** ਪਿਆਰੇ ਮਹਾਂਪੁਰਸ਼ਾਂ ਨੇ ਰਤਵਾੜਾ ਸਾਹਿਬ ਦੀ ਪਾਵਨ ਧਰਤੀ ਤੇ ਸੰਨ 1990 ਵਿਚ ਇਹ ਸਮਾਗਮ 'ਸੰਤ ਸਮਾਗਮ' ਦੇ ਨਾਮ ਹੇਠ ਆਰੰਭ ਕਰਵਾਏ ਸਨ। ਇਕ ਸਾਲ ਬਾਅਦ ਸੰਨ 1991 ਵਿਚ ਇਸ ਦਾ ਨਾਮ ਬਦਲ ਕੇ 'ਮਹਾਨ ਗੁਰਮਤਿ ਰੂਹਾਨੀ ਸਮਾਗਮ' ਰੱਖ ਦਿਤਾ ਗਿਆ। ਸੰਤ ਸਮਾਗਮਾਂ ਦੀ ਸ਼ੁਰੂਆਤ ਵੀ ਪੰਜਾਬ ਵਿਚ ਉਸ ਵੇਲੇ ਰਤਵਾੜਾ ਸਾਹਿਬ ਤੋਂ ਮੰਨੀ ਜਾ ਰਹੀ ਸੀ। ਬਾਅਦ ਵਿਚ ਹੋਰ ਇਲਾਕਿਆਂ ਵਿਚ ਵੀ ਸੰਤ ਸਮਾਗਮ ਸ਼ੁਰੂ ਹੋਏ। ਇਨ੍ਹਾਂ ਸਮਾਗਮਾਂ ਵਿਚ ਇਕੋ ਸਮੇਂ ਇਕੋ ਮੰਚ ਉਤੇ ਸਮੂੰਹ ਸੰਤ ਮਹਾਂਪੁਰਸ਼ ਬਿਰਾਜਮਾਨ ਹੋ ਕੇ ਸੰਗਤਾਂ ਨੂੰ ਆਪਣੇ ਅਨੁਭਵੀ ਅਤੇ ਕਮਾਏ ਹੋਏ ਬਚਨਾਂ ਨਾਲ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਿਆ ਕਰਦੇ ਸਨ। ਉਸ ਸਮੇਂ ਦੀ ਇਹ ਇਕ ਵੱਡੀ ਲੋੜ ਸੀ ਜੋ ਕਿ ਪਿਆਰੇ ਮਹਾਂਪੁਰਸ਼ਾਂ ਨੇ ਪੂਰੀ ਕੀਤੀ। 1991 ਤੋਂ ਬਾਅਦ ਇਹ ਸਮਾਗਮ ਮਹਾਨ ਗੁਰਮਤਿ ਰੂਹਾਨੀ ਸਮਾਗਮ ਦੇ ਰੂਪ ਵਿਚ ਮਹਾਂਪੁਰਸ਼ਾਂ ਵਲੋਂ ਮਨਾਉਣੇ ਸ਼ੁਰੂ ਕੀਤੇ ਗਏ। ਇਨ੍ਹਾਂ ਦੀ ਵਿਲੱਖਣਤਾ ਹੋਰਨਾਂ ਨਾਲੋਂ ਵੱਖਰੀ ਅਤੇ ਨਵੀਨ ਸੀ। ਹਰ ਸਮਾਗਮ ਵਿਚ ਸੰਤਾਂ ਮਹਾਂਪੁਰਸ਼ਾਂ, ਉੱਚ ਕੋਟੀ ਦੇ ਵਿਦਵਾਨਾਂ, ਨਿਰਮਲੇ, ਉਦਾਸੀ ਅਤੇ ਸੂਫੀ ਧਾਰਾ ਨਾਲ ਸਬੰਧ ਰੱਖਣ ਵਾਲੇ ਰੱਬ ਦੇ ਪਿਆਰਿਆਂ ਨੂੰ ਸੱਦਾ ਪੱਤਰ ਦਿਤਾ ਜਾਂਦਾ ਸੀ। ਹਰ ਇਕ ਨੂੰ ਸਮਾਂ ਬੱਧ ਰੱਖ ਕੇ ਨਿਰਧਾਰਿਤ ਵਿਸ਼ੇ 'ਤੇ ਬੋਲਣ ਦੀ ਤਾਗੀਦ ਕੀਤੀ ਜਾਂਦੀ ਸੀ। ਗੁਰਮਤਿ ਦੇ ਅਨੇਕਾਂ ਗੂੜ੍ਹ ਸਿਧਾਂਤਾਂ ਤੇ ਵੱਖ-ਵੱਖ ਬੁਲਾਰੇ ਆਪਣੇ ਵਿਚਾਰ ਸਾਂਝੇ ਕਰਦੇ ਸੀ। ਜਿਥੇ ਕਿਤੇ ਕਿਸੇ ਬੁਲਾਰੇ ਵਲੋਂ ਵਿਸ਼ੇ ਦੀ ਪੂਰਨਤਾ ਨਾ ਹੁੰਦੀ ਤਾਂ ਪਿਆਰੇ ਮਹਾਂਪੁਰਸ਼ ਆਪਣੇ ਪਿਆਰੇ ਪ੍ਰਵਚਨਾਂ ਨਾਲ ਉਸ ਵਿਸ਼ੇ ਦੀ ਪੂਰਨਤਾ ਕਰ ਦਿੰਦੇ ਸਨ। ਇਸ ਤਰ੍ਹਾਂ ਸਾਲਾਂ ਬੱਧੀ ਸੰਗਤਾਂ ਗੁਰਮਤਿ ਦੇ ਵੱਖ-ਵੱਖ ਰੰਗਾਂ ਵਿਚ ਰੰਗੀਆਂ ਨਿਹਾਲ ਹੁੰਦੀਆਂ ਸਨ। ਪਿਆਰੇ ਮਹਾਂਪੁਰਸ਼ਾਂ ਦੇ ਪੰਜ ਭੌਤਿਕ ਸਰੀਰ ਦੇ ਅਲੋਪ ਹੋਣ ਤੋਂ ਬਾਅਦ ਸੰਨ 2002 ਤੋਂ ਇਹ ਸਮਾਗਮ ਪਿਆਰੇ ਦੀ ਨਿੱਘੀ ਯਾਦ ਵਿਚ ਤਬਦੀਲ ਹੋ ਗਏ। ਅੱਜ ਤੱਕ ਸੰਗਤਾਂ ਉਸੇ ਤਰ੍ਹਾਂ ਨਾਮ ਬਾਣੀ ਨਾਲ ਜੁੜਦੀਆਂ ਪਿਆਰੇ ਦੇ ਵੈਰਾਗ ਵਿਚ ਲੀਨ ਇਨ੍ਹਾਂ ਸਮਾਗਮਾਂ ਦਾ ਅਨੰਦ ਮਾਣ ਰਹੀਆਂ ਹਨ। ਇਨ੍ਹਾਂ ਸਮਾਗਮਾਂ ਵਿਚ 'ਨਾਨਕ ਕੈ ਘਰਿ ਕੇਵਲ ਨਾਮ' ਦਾ ਸੰਦੇਸ਼ ਹੀ ਦਿਤਾ ਜਾਂਦਾ ਹੈ ਜੋ ਕਿ ਸਮਾਗਮ ਦੇ ਨਾਮ 'ਮਹਾਨ ਗੁਰਮਤਿ ਰੂਹਾਨੀ ਸਮਾਗਮ' ਦੀ ਪ੍ਰਮਾਣਿਕਤਾ ਸਿੱਧ ਕਰਦਾ ਹੈ।

**2. ਚਾਰ ਰੋਜ਼ਾ ਸਮਾਗਮ ਦੇ ਵਿਸ਼ਿਆਂ ਦੀ ਵੰਡ -** ਗੁਲਦਸਤੇ ਦੀ ਤਰ੍ਹਾਂ ਇਸ ਵਾਰੀ ਸਮਾਗਮ ਦੇ ਚਾਰੋਂ ਦਿਨ ਅਤੇ ਰਾਤ ਦੇ ਸਮਾਗਮ ਨੂੰ ਵਿਰਸੇ ਅਤੇ ਵਿਰਾਸਤ ਨੂੰ ਛੂੰਹਣ ਵਾਲੇ, ਗੁਰਮਤਿ ਦੇ ਗੂੜ੍ਹ ਸਿਧਾਂਤਾਂ ਅਤੇ ਸਿੱਖ ਇਤਿਹਾਸ ਨੂੰ ਨਿਰੂਪਣ ਕਰਨ ਵਾਲੇ ਵਿਸ਼ਿਆਂ ਨਾਲ ਸਜਾਇਆ ਗਿਆ ਸੀ। ਜਿਸ ਦਾ ਵੇਰਵਾ ਇਸ ਤਰ੍ਹਾਂ ਹੈ-

**ਸਮਾਗਮ ਦਾ ਪਹਿਲਾ ਦਿਨ -** 30 ਅਕਤੂਬਰ ਦਿਨ ਦੇ ਸਮਾਗਮ ਧੰਨ ਗੁਰੂ ਰਾਮਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿਚ ਸਨ। ਧੰਨ ਗੁਰੂ ਰਾਮਦਾਸ ਮਹਾਰਾਜ ਦੀ ਬਾਣੀ ਅਤੇ ਜੀਵਨ ਤੋਂ ਸੇਧ ਲੈਣ ਦੀ ਪ੍ਰੇਰਨਾ ਸੀ। 'ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥' ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਦੀਦਾਰਾਂ ਦੀ ਲੋਚਾ ਸੀ।

**ਰਾਤ ਦੇ ਸਮਾਗਮ -** ਰਾਤ ਦੇ ਸਮਾਗਮ ਸਮੂੰਹ ਸ਼ਹੀਦਾਂ ਦੀ ਯਾਦ ਦੇ ਸਬੰਧ ਵਿਚ ਸਨ। ਸਾਡੇ ਸ਼ਹੀਦ ਸਾਡੀ ਅਨਮੋਲ ਵਿਰਾਸਤ ਹਨ। ਜਿਹੜੀਆਂ ਕੌਮਾਂ ਆਪਣੇ ਸ਼ਹੀਦਾਂ ਨੂੰ ਯਾਦ ਰਖਦੀਆਂ ਹਨ ਉਹ ਸਦਾ ਹੀ ਚੜ੍ਹਦੀ ਕਲਾ ਵਿਚ ਰਹਿੰਦੀਆਂ ਹਨ। 'ਜਦੋਂ ਡੁਲ੍ਹਦਾ ਖੂਨ ਸ਼ਹੀਦਾਂ ਦਾ ਤਕਦੀਰ ਬਦਲਦੀ ਕੌਮਾਂ ਦੀ,' ***'ਸੂਰਾ ਸੋ ਪਹਿਚਾਨੀਐ' ਜੁ ਲਰੈ ਦੀਨ ਕੇ ਹੇਤਿ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥'*** ਦੇ ਸਿਧਾਂਤ ਦੀ ਪੂਰਨਤਾ ਦਾ ਪ੍ਰਮਾਣ ਸੀ।

ਸ਼ਹੀਦਾਂ ਦੀ ਯਾਦ ਵਿਚ ਜੁੜ ਕੇ ਸਿੱਖੀ ਦੇ ਸ਼ਾਨਾ-

ਮੱਤੇ ਇਤਿਹਾਸ ਤੋਂ ਜਾਣੂ ਕਰਾਉਣਾ ਸੀ। ਆਪਣੀ ਵਿਰਾਸਤ ਦੇ ਫਖਰ ਨਾਲ ਸੰਗਤਾਂ ਨੂੰ ਜੋੜਨਾ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ। ਸਮੂੰਹ ਸ਼ਹੀਦਾਂ ਦੀ ਯਾਦ ਵਿਚ ਉਨ੍ਹਾਂ ਪਵਿੱਤਰ ਆਤਮਾਵਾਂ ਨੂੰ ਕੋਟਿ ਕੋਟਿ ਪ੍ਰਣਾਮ ਕਰਦਾ ਇਹ ਰਾਤ ਦਾ ਸਮਾਗਮ ਸੰਪੰਨ ਹੋਇਆ।

**ਸਮਾਗਮ ਦਾ ਦੂਜਾ ਦਿਨ –** 31 ਅਕਤੂਬਰ ਦਿਨ ਦੇ ਸਮਾਗਮ ਗਿਆਨ ਦੇ ਸੂਰਜ, ਪਿਆਰ ਦੇ ਸਾਗਰ ਪਿਆਰੇ ਮਹਾਂਪੁਰਸ਼ਾਂ (ਸੰਤ ਵਰਿਆਮ ਸਿੰਘ ਜੀ) ਦੀ ਯਾਦ ਦੇ ਸਬੰਧ ਵਿਚ ਸਨ। ਭਾਵੇਂ ਉਨ੍ਹਾਂ ਦੀ ਯਾਦ ਸਦਾ ਹੀ ਸੰਗਤਾਂ ਦੇ ਹਿਰਦਿਆਂ ਵਿਚ ਵਸਦੀ ਹੈ ਪਰ ਸਮੂਹਿਕ ਰੂਪ ਵਿਚ, ਜਿਸ ਦਿਨ ਉਹ ਪੰਜ ਭੌਤਿਕ ਸਰੀਰ ਦਾ ਪ੍ਰਤਿਆਗ ਕਰਕੇ ਸਚਖੰਡ ਜਾ ਵਸੇ ਸਨ, ਉਸ ਦਿਨ ਸੰਗਤਾਂ ਉਨ੍ਹਾਂ ਦੇ ਪਿਆਰ ਅਤੇ ਵੈਰਾਗ ਵਿਚ ਆ ਕੇ ਨਾਮ ਬਾਣੀ ਨਾਲ ਜੁੜਦੀਆਂ ਹਨ। ਇਸ ਦਿਨ ਸਮੂੰਹ ਬੁਲਾਰਿਆਂ ਵਲੋਂ ਪਿਆਰੇ ਮਹਾਂਪੁਰਸ਼ਾਂ ਵਲੋਂ ਕੀਤੇ ਪਰਉਪਕਾਰਾਂ, ਵੱਖ-ਵੱਖ ਖੇਤਰਾਂ ਵਿਚ ਪਾਏ ਯੋਗਦਾਨ ਬਾਰੇ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ।

**ਰਾਤ ਦੇ ਸਮਾਗਮ –** 31 ਅਕਤੂਬਰ ਰਾਤ ਦੇ ਸਮਾਗਮ ਸਮੂੰਹ ਮਹਾਂਪੁਰਸ਼ਾਂ ਦੀ ਯਾਦ ਦੇ ਸਬੰਧ ਵਿਚ ਸਨ। ਗੁਰਮਤਿ ਪ੍ਰਚਾਰ ਵਿਚ ਜਿਥੇ ਪੰਥ ਵਿਚ ਵੱਖ-ਵੱਖ ਸੰਪਰਦਾਵਾਂ ਨੇ ਯੋਗਦਾਨ ਪਾਇਆ ਉਥੇ ਵਿਸ਼ੇਸ਼ ਕਰਕੇ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ਿਸ਼ਾਂ ਪ੍ਰਾਪਤ ਸੰਪਰਦਾ ਪੰਜਾਂ ਪਿਆਰਿਆਂ ਦੇ ਮੁਖੀ ਭਾਈ ਸਾਹਿਬ ਦਇਆ ਸਿੰਘ ਜੀ ਤੋਂ ਸ਼ੁਰੂ ਹੋਈ ਹੈ ਜੋ ਕਿ ਅੱਜ ਹੋਤੀ ਮਰਦਾਨ ਅਤੇ ਰਾੜਾ ਸਾਹਿਬ ਦੀ ਸੰਪਰਦਾ ਦੇ ਨਾਮ ਨਾਲ ਸੰਸਾਰ ਭਰ ਵਿਚ ਜਾਣੀ ਅਤੇ ਸਤਿਕਾਰੀ ਜਾਂਦੀ ਹੈ। ਇਸ ਸੰਪਰਦਾ ਵਲੋਂ ਗੁਰਮਤਿ ਦੇ ਪ੍ਰਚਾਰ, ਪ੍ਰਸਾਰ ਵਿਚ ਪਾਏ ਯੋਗਦਾਨ ਦੀ ਵਿਸ਼ੇਸ਼ ਵਿਚਾਰ ਰਾਤ ਦੇ ਸਮਾਗਮ ਵਿਚ ਕੀਤੀ ਗਈ। ਇਹ ਸੰਪਰਦਾ ਵੀ ਸਿੱਖ ਪੰਥ ਦੀ ਇਕ ਮਹਾਨ ਵਿਰਾਸਤ ਦਾ ਅੰਗ ਹੈ। ਅੱਜ ਇਹ ਸੰਪਰਦਾ ਸਿੱਖੀ ਦੇ ਹਰਿਆਵਲ ਗੁਲਦਸਤੇ ਵਾਂਗ ਪ੍ਰਮੁੱਖ ਸੰਸਥਾ ਰੂਪ ਵਿਚ ਸੰਸਾਰ ਮੰਚ 'ਤੇ ਵਿਚਰ ਕੇ ***'ਆਪਿ ਜਪਹੁ ਅਵਰਹਿ ਨਾਮ ਜਪਾਵਹੁ'*** ਦਾ ਸੁਨੇਹਾ ਘਰ-ਘਰ ਪਹੁੰਚਾ ਰਹੀ ਹੈ।

**1 ਨਵੰਬਰ, ਦਿਨ ਦੇ ਸਮਾਗਮ –** ਇਸ ਦਿਨ ਪਿਆਰੇ ਮਹਾਂਪੁਰਸ਼ਾਂ ਦੇ ਜੀਵਨ ਸਾਥੀ ਜਿਨ੍ਹਾਂ ਨੂੰ ਸੰਗਤਾਂ ਬੀਜੀ ਕਹਿ ਕੇ ਪਿਆਰ ਅਤੇ ਸਤਿਕਾਰ ਕਰਦੀਆਂ ਹਨ, ਉਨ੍ਹਾਂ ਦੀ ਯਾਦ ਦੇ ਸਬੰਧ ਵਿਚ ਸਨ। ਪਿਆਰੇ ਮਹਾਂਪੁਰਸ਼ਾਂ ਵਲੋਂ ਕੀਤੇ ਭਵਿੱਖਤ ਬਚਨਾਂ ਅਨੁਸਾਰ ਆਪ ਜੀਆਂ ਨੇ ਪੂਰੇ 12 ਸਾਲ ਬਾਅਦ ਪੰਜ ਭੌਤਿਕ ਸਰੀਰ ਰੂਪੀ ਚੋਲਾ ਤਿਆਗਿਆ ਅਤੇ ਆਪਣੇ ਪ੍ਰੀਤਮ ਦੇ ਦੇਸ ਜਾ ਮਿਲੇ। ਆਪ ਜੀ ਪਿਆਰੇ ਦੇ ਪਿਆਰ ਦੀ ਪ੍ਰਤੱਖ ਮੂਰਤ ਸਨ। ਮਹਾਂਪੁਰਸ਼ਾਂ ਨਾਲ ਕੀਤੀ ਘਾਲ ਕਮਈ, ਹਰ ਸਮੇਂ ਉਨ੍ਹਾਂ ਨੂੰ ਦਿਤਾ ਸਾਥ ਆਪਣੀ ਮਿਸਾਲ ਆਪ ਸਨ। ਇਹ ਵੀ ਇਕ ਵਿਲੱਖਣਤਾ ਹੈ ਕਿ 31 ਅਕੂਤਬਰ ਨੂੰ ਪਿਆਰੇ ਮਹਾਂਪੁਰਸ਼ਾਂ ਨੇ ਭਾਣਾ ਵਰਤਾਇਆ ਅਤੇ ਉਸ ਤੋਂ ਇਕ ਦਿਨ ਬਾਅਦ 1 ਨਵੰਬਰ ਨੂੰ ਆਪ ਜੀਆਂ ਨੇ (ਮਾਨਯੋਗ ਬੀਜੀ) ਭਾਣਾ ਵਰਤਾਇਆ –

*ਨਾਨਕ ਏਕ ਜੋਤਿ ਦੁਇ ਮੂਰਤੀ ਸਬਦਿ ਮਿਲਾਵਾ ਹੋਇ ॥*
*ਅੰਗ – ੩੧*

ਦੇ ਸਿਧਾਂਤ ਨੂੰ ਨਿਰੂਪਣ ਕੀਤਾ। ਆਪ ਜੀਆਂ ਦੇ ਸਤਿਕਾਰਯੋਗ ਪਿਤਾ ਬਾਪੂ ਹੀਰਾ ਸਿੰਘ ਜੀ ਦਾਊਦਪੁਰ ਵਾਲੇ ਸਨ, ਜਿਨ੍ਹਾਂ ਨੂੰ ਭਾਈ ਸਾਹਿਬ ਭਾਈ ਰਣਧੀਰ ਸਿੰਘ ਵਲੋਂ ਰੰਗਲੇ ਸੱਜਣ ਪੁਸਤਕ ਵਿਚ ਇਨ੍ਹਾਂ ਨੂੰ 'ਸੰਤ ਹੀਰਾ ਸਿੰਘ ਜੀ' ਦਾ ਸਤਿਕਾਰ ਦੇਣਾ ਬਹੁਤ ਹੀ ਮਾਣ ਵਾਲੀ ਗੱਲ ਹੈ। ਸਤਿਕਾਰਯੋਗ ਬੀਜੀ ਨੂੰ ਯਾਦ ਕਰਦਿਆਂ ਇਕ ਆਦਰਸ਼ਕ ਮਾਤਾ ਵਾਲਾ ਪਿਆਰ ਸਾਮ੍ਹਣੇ ਪ੍ਰਤੱਖ ਨਜ਼ਰ ਆਉਂਦਾ ਹੈ।

**ਰਾਤ ਦੇ ਸਮਾਗਮ –** ਇਸ ਰਾਤ ਦੇ ਸਮਾਗਮ ਸਿੱਖ ਇਤਿਹਾਸ ਵਿਚ ਬੀਬੀਆਂ ਵਲੋਂ ਪਾਏ ਗਏ ਯੋਗਦਾਨ ਅਤੇ ਕੁਰਬਾਨੀਆਂ ਦੇ ਸਬੰਧ ਵਿਚ ਸੀ। ਸਿੱਖ ਧਰਮ ਵਿਚ ਜਿਥੇ ਭਾਈਆਂ ਵਲੋਂ ਵਿਸ਼ੇਸ਼ ਯੋਗਦਾਨ ਪਾਏ ਗਏ ਉਥੇ ਬੀਬੀਆਂ ਨੂੰ ਵੀ ਉਤਨਾ ਹੀ ਮਾਣ ਤੇ ਸਤਿਕਾਰ ਦਿਤਾ ਜਾਂਦਾ ਹੈ। ਮਾਤਾ ਸੁਲੱਖਣੀ ਜੀ, ਮਾਤਾ ਤ੍ਰਿਪਤਾ ਜੀ ਅਤੇ ਬੇਬੇ ਨਾਨਕੀ ਤੋਂ ਲੈ ਕਰਕੇ ਗੁਰੂ ਕੇ ਮਹਿਲ, ਮਾਤਾਵਾਂ, ਭੈਣਾਂ ਦੇ ਰੂਪ ਵਿਚ, ਵਰਤਮਾਨ ਸਮੇਂ ਤੱਕ ਅਨੇਕ ਬੀਬੀਆਂ ਨੇ ਸਿੱਖੀ ਦੇ ਪ੍ਰਚਾਰ ਪ੍ਰਸਾਰ ਵਿਚ ਵਡਮੁੱਲਾ ਯੋਗਦਾਨ ਪਾਇਆ। ਇਨ੍ਹਾਂ ਸਾਰੀਆਂ ਸਤਿਕਾਰਯੋਗ ਬੀਬੀਆਂ ਵਲੋਂ ਪਾਏ ਪੂਰਨਿਆਂ ਨੂੰ ਯਾਦ ਕਰਦਿਆਂ ਉਨ੍ਹਾਂ ਨੂੰ ਨਤਮਸਤਕ ਹੁੰਦਿਆਂ ਇਹ ਰਾਤ ਦੇ ਸਮਾਗਮ ਸੰਪੰਨ ਹੋਏ।

**2. 2 ਨਵੰਬਰ ਸਮਾਗਮ ਦਾ ਆਖਰੀ ਦਿਨ –** 2 ਨਵੰਬਰ ਨੂੰ ਸਮਾਗਮ ਦਾ ਆਖਰੀ ਦਿਨ ਸੀ। ਇਸ ਦਿਨ ਦਾ ਸਮਾਗਮ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੰਜਾਬ ਭਰ ਵਿਚ ਵੱਖ-ਵੱਖ ਥਾਵਾਂ ਤੇ ਹੋਈ ਘੋਰ ਬੇਅਦਬੀ ਦੇ ਰੋਸ ਵਜੋਂ ਪਸ਼ਚਾਤਾਪ ਸਮਾਗਮ ਦੇ ਰੂਪ ਵਿਚ ਮਨਾਉਣਾ ਕੀਤਾ ਗਿਆ। ਪ੍ਰੋ. ਪੂਰਨ ਸਿੰਘ ਦੇ ਕਥਨ ਅਨੁਸਾਰ 'ਪੰਜਾਬ ਜਿਉਂਦਾ ਗੁਰਾਂ ਦੇ ਨਾਮ' ਦਾ ਪ੍ਰਤੱਖ ਰੂਪ ਇਸ ਮਹੀਨੇ ਵਿਚ ਪੰਜਾਬ ਵਿਚ ਵਸਦੇ ਹਰ ਪ੍ਰਾਣੀ ਵਿਚੋਂ ਨਜ਼ਰ ਆਇਆ। ਗੁਰੂ ਦਾ ਸਿੱਖ ਮਰ ਮਿਟ ਤਾਂ ਸਕਦਾ ਹੈ ਪਰ ਆਪਣੇ ਗੁਰੂ ਪ੍ਰਤੀ ਅਪਮਾਨਜਨਕ ਸਥਿਤੀ ਨਹੀਂ ਵੇਖ ਸਕਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਪੀ ਭੁੱਲੜ ਬੰਦਿਆਂ ਵਲੋਂ ਹੋਈ ਬੇਅਦਬੀ ਦੇ ਰੋਸ ਵਜੋਂ ਰਤਵਾੜਾ ਸਾਹਿਬ ਵਿਖੇ ਇਸ ਦਿਨ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ, ਸਿਧਾਂਤਾਂ ਅਤੇ ਹੋਰ ਅਨੇਕਾਂ ਵਿਲੱਖਣ ਤੱਤਾਂ ਤੇ ਰੋਸ਼ਨੀ ਪਾਈ ਗਈ। 'ਸਭੇ ਸਾਂਝੀਵਾਲ ਸਦਾਇਨ ਤੂੰ ਕਿਸੈ ਨਾ ਦਿਸੈ ਬਾਹਰਾ ਜੀਉ' ਦਾ ਸੁਨੇਹਾ ਦਿੰਦਾ ਇਹ ਸਮਾਗਮ ਚੜ੍ਹਦੀ ਕਲਾ ਵਿਚ ਸੰਪੂਰਨ ਹੋਇਆ।

**3. ਸਮਾਗਮ ਦਾ ਸੱਦਾ-ਪੱਤਰ (invitation card) –** ਦੇ ਟਾਇਟਲ ਪੰਨੇ ਤੋਂ ਲੈ ਕੇ ਅੱਠ ਪਰਤਾਂ ਵਿਚ ਸਮੋਏ ਸ਼ਬਦਾਂ ਦੇ ਭੰਡਾਰ, ਸਮਾਗਮ ਦੇ ਵਿਸ਼ਿਆਂ ਤੇ ਚਾਨਣਾ ਪਾਉਂਦਾ ਸੀ। ਸੰਸਥਾ ਵਲੋਂ ਚਲਾਏ ਜਾ ਰਹੇ ਅਦਾਰੇ, ਸੰਸਥਾ

ਦੇ ਉਦੇਸ਼ਾਂ ਦੀ ਭਰਪੂਰ ਜਾਣਕਾਰੀ ਵੀ ਪ੍ਰਾਪਤ ਹੋ ਰਹੀ ਸੀ। ਪਿਆਰੇ ਮਹਾਂਪੁਰਸ਼ਾਂ ਅਤੇ ਟਰੱਸਟ ਦੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਵਲੋਂ ਦਿਤੇ ਗਏ ਸੰਦੇਸ਼ ਇਸ ਕਾਰਡ ਦੀ ਸ਼ੋਭਾ ਨੂੰ ਹੋਰ ਚਾਰ ਚੰਨ ਲਾ ਰਹੇ ਸਨ।

**ਸੁੰਦਰ ਗੇਟ ਮੁੱਲਾਂਪੁਰ –** ਮੁੱਲਾਂਪੁਰ ਇਕ ਕਸਬੇ ਦੇ ਰੂਪ ਤੋਂ ਹੁਣ ਇਕ ਵੱਡੇ ਸ਼ਹਿਰ ਦਾ ਰੂਪ ਧਾਰਨ ਕਰਦਾ ਜਾ ਰਿਹਾ ਹੈ। ਨਿਊ ਚੰਡੀਗੜ੍ਹ ਦੇ ਪ੍ਰੋਜੈਕਟ ਨੇ ਇਸ ਨੂੰ ਨਿਵੇਕਲੀ ਸੁੰਦਰ ਦਿਖ ਦੇਣੀ ਸ਼ੁਰੂ ਕਰ ਦਿਤੀ ਹੈ। ਰਤਵਾੜਾ ਸਾਹਿਬ ਅਸਥਾਨ ਨੂੰ ਮੁੜਦੇ ਸਾਰ ਹੀ 'ਸੰਤ ਈਸ਼ਰ ਸਿੰਘ' ਗੇਟ ਦੇ ਨਾਮ ਨਾਲ ਵੱਡਾ ਗੇਟ ਸਾਮ੍ਹਣੇ ਆਉਂਦਾ ਹੈ। ਇਸ ਗੇਟ ਦੇ ਖੱਬੇ ਹੱਥ ਗੁਰਬਾਣੀ ਦੀ ਪਵਿੱਤਰ ਤੁੱਕ ਨਾਲ ਦਿੰਦਾ ਸੰਦੇਸ਼ ***'ਕਬੀਰ ਜਿਹ ਦਰਿ ਆਵਤ ਜਾਤਿਅਹੁ ਹਟਕੈ ਨਾਹੀ ਕੋਇ ॥'*** ਅਤੇ ਸੱਜੇ ਹੱਥ ਪਵਿੱਤਰ ਬਾਣੀ ਦੀ ਤੁਕ ***'ਗੁਰੂ ਦੁਆਰੈ ਹੋਇ ਸੋਝੀ ਪਾਇਸੀ ॥'*** ਸੰਤ ਮਹਾਰਾਜ ਰਾੜਾ ਸਾਹਿਬ ਅਤੇ ਪਿਆਰੇ ਮਹਾਂਪੁਰਸ਼ਾਂ ਰਤਵਾੜਾ ਸਾਹਿਬ ਵਾਲਿਆਂ ਦੀਆਂ ਤਸਵੀਰਾਂ ***'ਆਇ ਮਿਲੁ ਗੁਰਸਿਖ ਆਇ ਮਿਲੁ ਤੂ ਮੇਰੇ ਗੁਰੂ ਕੇ ਪਿਆਰੇ ॥'*** ਅਤੇ ***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥'*** ਨਾਮ ਦਾ ਸੰਦੇਸ਼ ਦੇ ਰਹੀਆਂ ਸਨ। ਇਸ ਗੇਟ ਦੀ ਸੁੰਦਰ ਦਿਖ ਤੋਂ ਹੀ ਸਮਾਗਮ ਦੀ ਵਿਲੱਖਣਤਾ ਦੇ ਝਲਕਾਰੇ ਸ਼ੁਰੂ ਹੋ ਜਾਂਦੇ ਹਨ।

**5. ਮੁੱਲਾਂਪੁਰ ਗੇਟ ਤੋਂ ਜਾਂਦੀ ਸੜਕ –** ਸੰਤ ਈਸ਼ਰ ਸਿੰਘ ਗੇਟ ਮੁੱਲਾਂਪੁਰ ਤੋਂ ਜਾਂਦੀ ਸੜਕ ਨੂੰ ਨਵੀਨ ਦਿਖ ਦਿਤੀ ਗਈ। ਸਰਕਾਰ ਵਲੋਂ ਨਵੇਂ ਸਿਰੇ ਤੋਂ ਬਣਾਉਣ ਵਿਚ ਦੇਰੀ ਹੋਣ ਕਾਰਨ ਨਵੇਂ ਪੈੱਚ ਭਰੇ ਗਏ। ਅਸਥਾਨ ਦੇ ਸੇਵਾਦਾਰਾਂ ਵਲੋਂ ਦੋਵੇਂ ਪਾਸਿਆਂ ਨੂੰ ਪੂਰੀ ਤਰ੍ਹਾਂ ਨਾਲ ਸੰਵਾਰਿਆ ਗਿਆ। ਸੜਕ 'ਤੇ ਤੁਰੇ ਜਾਂਦੇ ਮਹਾਂਪੁਰਸ਼ਾਂ ਵਲੋਂ ਕੀਤੇ ਪ੍ਰਵਚਨ 'ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ, ਸੇਵਾ ਕਰਕੇ ਮਾਨ ਪਾਈਦਾ' 'ਮਾਰਗ ਚਲੋ ਗੁਰ ਗੋਬਿੰਦ' ***'ਪਾਵ ਸੁਹਾਵੇ ਜਾਂ ਤਉ ਧਿਰਿ ਜੁਲਦੇ ਸੀਸੁ ਸੁਹਾਵਾ ਚਰਣੀ ॥'*** ਦੇ ਸਿਧਾਂਤ ਦੀ ਯਾਦ ਹੋਰ ਵੀ ਤਾਜ਼ਾ ਹੁੰਦੀ ਸੀ।

**6. ਰਤਵਾੜਾ ਸਾਹਿਬ ਕੰਪਲੈਕਸ ਦਾ ਪਹਿਲਾ ਗੇਟ–** ਸੜਕ 'ਤੇ ਚਲਦਿਆਂ ਲੱਗਭੱਗ ਡੇਢ ਕਿਲੋਮੀਟਰ ਤੋਂ ਬਾਅਦ ਸਮਾਗਮ ਦੀ ਆਬੋ ਹਵਾ ਦੀ ਸੁਗੰਧੀ ਆਉਣੀ ਸ਼ੁਰੂ ਹੋ ਜਾਂਦੀ ਹੈ। ਕੰਪਲੈਕਸ ਦੇ ਪਹਿਲੇ ਗੇਟ 'ਤੇ ਹੀ ਖੱਬੇ ਹੱਥ ਮਾਤਾ ਰਣਜੀਤ ਕੌਰ ਨਰਸਿੰਗ ਕਾਲਜ ਦੀ ਨਵੀ ਵਿਸ਼ਾਲ ਇਮਾਰਤ ਹੈ। ਉਥੋਂ ਹੀ ਸੰਗਤਾਂ ਦੀ ਸਹੂਲਤ ਲਈ ਸਾਇਨ ਬੋਰਡ ਲੱਗੇ ਹੋਏ ਸਨ। ਸੰਤਾਂ ਮਹਾਂਪੁਰਸ਼ਾਂ ਲਈ ਰਸਤਾ ਅੱਗੇ ਹੈ, ਕਾਰ ਪਾਰਕਿੰਗ ਖੱਬੇ ਹੱਥ ਵਲ ਸੀ।

ਦੂਜੇ ਸਾਰੇ ਸਾਇਨ ਬੋਰਡ ਇਥੇ ਹੀ ਲੱਗੇ ਸੀ। ਜਿਹਦੇ ਨਾਲ ਹਰ ਥਾਂ ਅਤੇ ਦਿਸ਼ਾ ਦਾ ਪਤਾ ਚਲ ਸਕੇ।

**7. ਦੂਸਰਾ 'ਆਤਮ ਮਾਰਗ' ਗੇਟ –** ਕੰਪਲੈਕਸ ਦੇ ਅੰਦਰ ਦਾਖਲ ਹੋਣ ਲਈ ਦੂਸਰਾ ਗੇਟ ਹੈ। ਇਸ ਗੇਟ ਦੇ ਉਤੇ ਸੰਗਤਾਂ ਦੇ ਸਵਾਗਤ ਲਈ 'ਜੀ ਆਇਆ' ਉਕਰਿਆ ਹੋਇਆ ਸੀ। ਭਾਵ ਗੁਰੂ ਰੂਪ ਪਿਆਰੀਆਂ ਸੰਗਤਾਂ ਦਾ ਟਰੱਸਟ ਰਤਵਾੜਾ ਸਾਹਿਬ ਵਲੋਂ ਤਹਿ ਦਿਲੋਂ ਨਿੱਘਾ ਸਵਾਗਤ ਹੈ। ਇਸ ਗੇਟ ਦੇ ਅੰਦਰ ਪ੍ਰਵੇਸ਼ ਕਰਨ ਨਾਲ ਜਾਣਕਾਰੀ ਮਿਲਦੀ ਸੀ ਕਿ 'ਆਤਮ ਮਾਰਗ' ਦਫਤਰ, ਮਿਊਜ਼ਿਅਮ, ਬੀ.ਐਡ ਕਾਲਜ, ਦੀਵਾਨ ਹਾਲ, ਲੰਗਰ ਹਾਲ ਅਤੇ ਗੁਰਦੁਆਰਾ ਸਾਹਿਬ ਕਿੱਥੇ-ਕਿਧਰ ਹਨ। ਇਥੇ ਖੜ੍ਹ ਕੇ ਅਦਾਰਿਆਂ ਸਬੰਧੀ ਦਿਸ਼ਾ ਨਿਰਦੇਸ਼ ਮਿਲਦੇ ਹਨ।

**8. ਕੰਪਲੈਕਸ ਵਿਚ ਸਥਾਈ ਅਤੇ ਅਸਥਾਈ ਤੌਰ 'ਤੇ ਰਹਿਣ ਵਾਲਿਆ ਲਈ ਜ਼ਰੂਰੀ ਹਦਾਇਤਾਂ –** ਇਕ ਸੁਚੱਜਾ ਸੋਹਣਾ ਬੋਰਡ ਸਸ਼ੋਭਿਤ ਹੈ। ਇਹ ਬੜੀ ਹੀ ਪਿਆਰੀ ਸ਼ਬਦਾਵਲੀ ਨਾਲ ਸਿਰਜਿਆ ਗਿਆ ਹੈ। ਇਸ ਬੋਰਡ ਨਾਲ ਇਥੇ ਰਹਿਣ ਵਾਲਿਆਂ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਸ਼ਰਧਾ, ਮਹਾਂਪੁਰਸ਼ਾਂ ਅਤੇ ਸਤਿਕਾਰਯੋਗ ਬੀਜੀ ਪ੍ਰਤੀ ਭਾਵਨਾ, ਮੌਜੂਦਾ ਟਰੱਸਟ ਮੁਖੀ ਪ੍ਰਤੀ ਪਿਆਰ ਅਤੇ ਸੇਵਾਦਾਰਾਂ, ਪ੍ਰਬੰਧਕਾਂ ਪ੍ਰਤੀ ਫਰਜ਼ਾਂ ਤੇ ਸੇਵਾ ਦੀ ਪ੍ਰੇਰਨਾ ਮਿਲਦੀ ਹੈ। ਇਸ ਤੋਂ ਇਲਾਵਾ ਸ਼ਾਮ-ਸਵੇਰੇ ਗੁਰਦੁਆਰਾ ਸਾਹਿਬ ਅੰਦਰ ਨਿਤਨੇਮ ਵਿਚ ਹਾਜ਼ਰੀ ਭਰਨ ਦੀ ਤਾਕੀਦ ਵੀ ਹੈ। ਰੋਜ਼ਾਨਾ ਜੀਵਨ ਪ੍ਰਤੀ ਸੁਚੱਜੀ ਅਗਵਾਈ ਪ੍ਰਾਪਤ ਹੈ ਤਾਂ ਜੋ ਇਥੇ ਰਹਿਣ ਵਾਲੇ ਦਾ ਪੂਰਾ ਸਮਾਂ ਗੁਰੂ ਲੇਖੇ ਵਿਚ ਲੱਗ ਸਕੇ। ਸਾਰਿਆਂ ਨੂੰ ਸ਼ਰਧਾ, ਪਿਆਰ ਦੀ ਭਾਵਨਾ ਨਾਲ ਰਹਿਣ ਦੀ ਪ੍ਰੇਰਨਾ ਹੈ। ਪ੍ਰਬੰਧਕੀ ਸਿਸਟਮ ਲਈ ਇਹ ਮਨੁੱਖਾਂ ਵਾਂਗੂੰ ਬੋਲਦਾ ਬੋਰਡ ਵਰਦਾਨ ਸਿੱਧ ਹੁੰਦਾ ਹੈ।

**9. ਦਰਸ਼ਨੀ ਡਿਊਢੀ –** ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੀ ਦਰਸਨੀ ਡਿਊਢੀ ਦਾ ਸਫੇਦ ਰੰਗ ਵਿਚ ਰੰਗੇ ਜਾਣਾ ਇਕ ਰੂਹਾਨੀ ਸੰਦੇਸ਼ ਹੈ ਕਿ ਆਉ ਗੁਰੂ ਦੇ ਦਰਬਾਰ ਵਿਚੋਂ ***'ਦੁਖ ਪਰਹਰਿ ਸੁਖ ਘਰਿ ਲੈ ਜਾਇ'*** ਅਨੁਸਾਰ ਨਾਮ ਬਾਣੀ ਨਾਲ ਜੁੜ ਕੇ ਸੁੱਖ-ਸ਼ਾਂਤੀ ਅਤੇ ਅਨੰਦਮਈ ਜੀਵਨ ਮਾਣੋ। ਇਸੇ ਦਰਸ਼ਨੀ ਡਿਊਢੀ ਦੇ ਉਤੇ ਵਿਸ਼ਾਲ ਗੁੰਮਟ ਦਰਸ਼ਨ ਕਰਦਿਆਂ ਸਾਡੇ ਪੁਰਾਤਨ ਗੁਰਧਾਮਾਂ ਦੀ ਤਸਵੀਰ ਸਾਮ੍ਹਣੇ ਆ ਜਾਂਦੀ ਹੈ। ***'ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ ॥ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥'*** ਦੀ ਅਰਦਾਸ ਹਿਰਦੇ ਵਿਚੋਂ ਉਠਦੀ ਹੈ। ***'ਠਾਕੁਰ ਤੁਮ੍ ਸਰਣਾਈ ਆਇਆ ॥ ਉਤਰਿ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨੁ ਪਾਇਆ ॥'*** ਦੇ ਸੰਕਲਪ ਦੀ ਪੂਰਨਤਾ ਹੁੰਦੀ ਲਗਦੀ ਹੈ। ਦਰਸਨੀ ਡਿਊਢੀ ਵਿਚ ਪ੍ਰਵੇਸ਼ ਕਰਕੇ ਰੰਗਦਾਰ ਟਾਇਲਾਂ ਅਤੇ ਮੀਨਾਕਰੀ ਨੂੰ ਦੇਖਦਿਆਂ ਆਪ-ਮੁਹਾਰੇ ਮਨ ਅਸ਼-ਅਸ਼ ਕਰ ਉਠਦਾ ਹੈ। ਗੁਰੂ ਸ਼ਰਧਕ ਹਿਰਦੇ ਵਿਚੋਂ ਆਪ-ਮੁਹਾਰੇ ਅਰਦਾਸ ਨਿਕਲਦੀ ਹੈ ॥ ***'ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ ॥ ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ ॥'***

**10. ਵਿਸ਼ਾਲ ਬਹੁ-ਮੰਜ਼ਲੀ ਰਿਹਾਇਸ਼ੀ ਇਮਾਰਤ–** ਦਰਸ਼ਨੀ ਡਿਊਢੀ ਦੇ ਸੱਜੇ-ਖੱਬੇ ਸੰਗਤਾਂ ਦੇ ਰਹਿਣ ਲਈ ਵਿਸ਼ਾਲ ਰਿਹਾਇਸ਼ੀ ਇਮਾਰਤ ਇਕ ਪੁਰਾਤਨ

ਕਿਲਿਆਂ ਦੀ ਝਲਕ ਪੇਸ਼ ਕਰ ਰਹੀ ਹੈ। ਸਫੇਦ ਰੰਗ ਵਿਚ ਰੰਗੀ ਇਹ ਨਵੀਨ ਇਮਾਰਤ ਸਾਰੇ ਕੰਪਲੈਕਸ ਦੀ ਸੋਭਾ ਨੂੰ ਚਾਰ ਚੰਨ ਲਾ ਰਹੀ ਹੈ। ਇਸ ਇਮਾਰਤ ਦਾ ਕੁਝ ਭਾਗ ਵਿਦੇਸ਼ੀ ਸੰਗਤਾਂ ਲਈ ਰੱਖਿਆ ਗਿਆ ਸੀ। ਬਾਕੀ ਸਾਰੀ ਇਮਾਰਤ ਵਿਚ ਦੂਰ-ਨੇੜੇ ਦੀਆਂ ਸੰਗਤਾਂ ਨੇ ਠਹਿਰ ਕੇ ਸੁਖ-ਆਰਾਮ ਪ੍ਰਾਪਤ ਕੀਤਾ, ਕਿਉਂਕਿ ਸੰਗਤਾਂ ਨੂੰ ਅਰਾਮ ਕਰਨ ਲਈ ਕੇਵਲ ਰਾਤ ਦੇ ਤਿੰਨ ਘੰਟੇ ਹੀ ਪ੍ਰਾਪਤ ਹੁੰਦੇ ਸਨ, ਬਾਕੀ ਸਾਰਾ ਸਮਾਂ ਕਥਾ ਕੀਰਤਨ ਦੇ ਆਨੰਦ ਵਿਚ ਲੰਘਦਾ ਸੀ।

**11. ਪ੍ਰਵੇਸ਼ ਦੁਆਰ ਅੰਦਰ ਸੁੰਦਰ ਪਾਰਕ ਅਤੇ ਫੁਲਵਾੜੀਆਂ –** ਕੁਦਰਤ ਨੂੰ ਪ੍ਰੇਮ ਕਰਨ ਵਾਲਾ ਕੁਦਰਤ ਦੇ ਨੇੜੇ ਹੁੰਦਾ ਹੈ। ***'ਬਲਿਹਾਰੀ ਕੁਦਰਤਿ ਵਸਿਆ '*** ਦੇ ਸਿਧਾਂਤ ਨਿਰੂਪਣ ਕਰਨ ਲਈ ਪਿਆਰੇ ਮਹਾਂਪੁਰਸ਼ਾਂ ਨੇ ਸੋਹਣੇ ਹਰੇ-ਭਰੇ ਪਾਰਕ ਅਤੇ ਫੁਲਵਾੜੀਆਂ ਸਥਾਪਿਤ ਕੀਤੀਆਂ। ਦਰਸ਼ਨੀ ਡਿਊਢੀ ਦੇ ਅੰਦਰ ਪੈਰ ਧਰਦਿਆਂ ਹੀ ਇਨ੍ਹਾਂ ਹਰਿਆਵਲੇ ਪਾਰਕਾਂ ਨੂੰ ਚਾਰ ਹਿੱਸਿਆਂ ਵਿਚ ਵੰਡ ਕੇ ਆਲੇ-ਦੁਆਲੇ ਨੂੰ ਰਸਤੇ ਕੱਢੇ ਗਏ ਹਨ।

**12. ਗੁਰੂ ਦਰਬਾਰ ਦੇ ਚੌਗਿਰਦੇ ਵਿਚ ਫੁਲਵਾੜੀ –** ਗੁਰੂ ਦਰਬਾਰ ਨੂੰ ਹੋਰ ਸੁੰਦਰਤਾ ਪ੍ਰਦਾਨ ਕਰਨ ਹਿਤ ਮਹਾਂਪੁਰਸ਼ਾਂ ਨੇ ਇਸ ਦੇ ਚੌਗਿਰਦੇ ਦੀ ਪਾਰਕ ਅਤੇ ਫੁਲਵਾੜੀਆਂ ਨਾਲ ਵਿਉਂਤਬੰਦੀ ਕੀਤੀ ਹੈ। ਮੌਸਮ ਦੇ ਹਿਸਾਬ ਨਾਲ ਅੱਜਕੱਲ੍ਹ ਆਂਵਲੇ ਦੇ ਦਰਖਤਾਂ ਨੂੰ ਲੱਗੇ ਹਰੇ ਆਂਵਲੇ ਦੇਖਣ ਨੂੰ ਹੀ ਸੋਹਣੀ ਝਲਕ ਪੇਸ਼ ਕਰਦੇ ਹਨ। ਹਰਿਆਵਲ ਰਾਹੀਂ ਸੁੰਦਰਤਾ ਦਾ ਵਾਧਾ ਵੀ ਇਕ ਨਿਵੇਕਲੀ ਵਿਉਂਤਬੰਦੀ ਹੈ।

**13. ਗੁਰਦੁਆਰਾ ਈਸ਼ਰ ਪ੍ਰਕਾਸ਼ –** ਪਿਆਰੇ ਮਹਾਂਪੁਰਸ਼ਾਂ ਨੇ ਇਸ ਪਵਿੱਤਰ ਗੁਰੂ ਦਰਬਾਰ ਦਾ ਨਾਮ ਆਪਣੇ ਪਿਆਰੇ ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੇ ਨਾਮ 'ਤੇ ਰੱਖਿਆ ਸੀ।

**14. ਗੁਰੂ ਦਰਬਾਰ ਦੀਆਂ ਪੌੜੀਆਂ ਦਾ ਦ੍ਰਿਸ਼–** ਗੁਰੂ ਦਰਬਾਰ ਦੇ ਅੰਦਰ ਜਾਣ ਤੋਂ ਪਹਿਲਾਂ ਪੌੜੀਆਂ ਤੇ ਚੜ੍ਹਨਾ ਪੈਂਦਾ ਹੈ। ਕਿਉਂਕਿ ***'ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥'*** ਸ਼ਰਧਾ, ਪਿਆਰ ਦੀਆਂ ਪੌੜੀਆਂ ਚੜ੍ਹ ਕੇ ਹੀ ਗੁਰੂ ਦਰਬਾਰ ਤਕ ਪਹੁੰਚੀਦਾ ਹੈ। ਸੱਜੇ-ਖੱਬੇ ਹੱਥ ਪੈਰ ਧੋਣ ਲਈ ਟੂਟੀਆਂ ਦਾ ਪ੍ਰਬੰਧ ਹੈ। ਸਰੀਰ ਦੀ ਸਫਾਈ ਉਪਰੰਤ ਗੁਰੂ ਅੱਗੇ ਮਨ ਦੀ ਸਫਾਈ ਦੀ ਅਰਦਾਸ ਦੀ ਤਿਆਰੀ ਹੈ। ***'ਹਮ ਅਪਰਾਧੀ ਸਦ ਭੂਲਤੇ ਤੁਮ੍ ਬਖਸਨਹਾਰੇ ॥ '*** ਦੀ ਅਰਦਾਸ ਅਤੇ ਤਾਂਘ ਹੈ।

**15. ਵਿਸ਼ੇਸ਼ ਬੋਰਡ –** ਗੁਰੂ ਦਰਬਾਰ ਤੋਂ ਪਹਿਲਾਂ ਪੌੜੀਆਂ ਦੇ ਦੋਹੀ ਪਾਸੀਂ ਦੋ ਬੋਰਡ ਸਸ਼ੋਭਿਤ ਹਨ। ਸੱਜੇ ਪਾਸੇ ਰਤਵਾੜਾ ਸਾਹਿਬ ਦੇ ਸਾਲਾਨਾ ਪੱਕੇ ਸਮਾਗਮਾਂ ਦੀ ਜਾਣਕਾਰੀ ਹੈ। ਖੱਬੇ ਪਾਸੇ ਵਾਲੇ ਬੋਰਡ ਤੇ ਆਤਮ ਮਾਰਗ ਮੈਗਜ਼ੀਨ ਬਾਰੇ ਪਿਆਰੇ ਮਹਾਂਪੁਰਸ਼ਾਂ ਦੇ ਪ੍ਰਵਚਨ ਹਨ, 'ਜਿਸ ਘਰ ਵਿਚ 'ਆਤਮ ਮਾਰਗ' ਮੈਗਜ਼ੀਨ ਪੜ੍ਹਿਆ-ਸੁਣਿਆ ਅਤੇ ਵਿਚਾਰਿਆ ਜਾਵੇਗਾ ਉਸ ਘਰ ਵਿਚੋਂ ਕਲ੍ਹਾ-ਕਲੇਸ਼ ਖਤਮ ਹੋ ਕੇ ਸੁਖ-ਸ਼ਾਂਤੀ ਦਾ ਵਰਤਾਰਾ ਹੋਵੇਗਾ।' ਇਸ ਵਿਚ ਕੇਵਲ ਤੇ ਕੇਵਲ ਗੁਰਮਤਿ ਸਿਧਾਂਤਾਂ ਅਤੇ ਗੁਰਬਾਣੀ ਦੀ ਹੀ ਵਿਚਾਰ ਹੈ।

**16. ਸ੍ਰੀ ਮੁਖਵਾਕ ਦੀ ਵਿਚਾਰ** - ਗੁਰਦੁਆਰਾ ਈਸ਼ਰ ਪ੍ਰਕਾਸ਼ ਵਿਚ ਪੌੜੀਆਂ ਚੜ੍ਹ ਕੇ ਸ਼ੀਸ਼ੇ ਦਾ ਪਾਰਦਰਸ਼ੀ ਦਰਵਾਜ਼ਾ ਹੈ। ਇਹ ਸੂਚਕ ਹੈ ਕਿ ਸਾਨੂੰ ਗੁਰੂ ਦਰਬਾਰ ਵਿਚ ਜਾਣ ਲੱਗਿਆ ਮਨ ਨੂੰ ਸ਼ੀਸ਼ੇ ਵਾਂਗੂੰ ਸਾਫ ਰੱਖਣ ਦੀ ਅਰਦਾਸ ਕਰਨੀ ਚਾਹੀਦੀ ਹੈ। ***'ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥'*** ਦੇ ਸਿਧਾਂਤ ਦੀ ਪੂਰਨਤਾ ਲਈ ਬੇਨਤੀ ਹੈ। ਦਰਬਾਰ 'ਚ ਪ੍ਰਵੇਸ਼ ਕਰਦੇ ਸਾਰ ਖੱਬੇ ਹੱਥ ਸ੍ਰੀ ਮੁਖਵਾਕ ਸੋਹਣੇ ਅੱਖਰਾਂ ਵਿਚ ਅਰਥਾਂ ਸਮੇਤ ਉਪਲਬਧ ਹੈ। ਸ੍ਰੀ ਮੁਖਵਾਕ ਨੂੰ ਪੜ੍ਹ ਕੇ ਸੱਚੇ ਪਾਤਸ਼ਾਹ ਦੀ ਬਖਸ਼ਿਸ਼ ਦਾ ਨਿੱਘ ਮਹਿਸੂਸ ਹੁੰਦਾ ਹੈ।

**17. ਸੋਹਣਾ ਦਰਬਾਰ –** ਦਰਬਾਰ ਸਾਹਿਬ ਅੰਦਰ ਪਹੁੰਚ ਕੇ ਸਾਮ੍ਹਣੇ ਉਚੇ ਅਸਥਾਨ 'ਤੇ ਸਾਹਿਬਾਂ ਦੇ ਸਾਹਿਬ ਖੰਡਾਂ-ਬ੍ਰਹਿਮੰਡਾਂ ਦੇ ਮਾਲਕ, ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਆਪਣੇ ਇਲਾਹੀ ਤਖਤ ਤੇ ਬਿਰਾਜਮਾਨ ਹਨ। ***'ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥ '*** ਦਾ ਧਿਆਨ ਆਪ ਮੁਹਾਰੇ ਨੇਤ੍ਰਾਂ ਅੱਗੇ ਆ ਜਾਂਦਾ ਹੈ। ਗੁਰੂ ਦਰਬਾਰ ਦੀ ਸ਼ੋਭਾ ਜਿੰਨੀ ਬਿਆਨ ਕੀਤੀ ਜਾਵੇ ਉਤਨੀ ਹੀ ਥੋੜ੍ਹੀ ਹੈ। ਦਰਬਾਰ ਸਾਹਿਬ ਨੂੰ ਦਿਤੀ ਗਈ ਨਵੀਂ ਦਿਖ ਨਵਾਂ ਅਲੌਕਿਕ ਦ੍ਰਿਸ਼ ਪੇਸ਼ ਕਰ ਰਹੀ ਹੈ। ***'ਤਨੁ ਮਨੁ ਹੋਇ ਨਿਹਾਲੁ ਜਾ ਗੁਰੁ ਦੇਖਾ ਸਾਮ੍ਹਣੇ ॥'*** ਦਰਬਾਰ ਵਿਚ ਉਕਰਿਆ ਵਾਕ ਨਜ਼ਰੀ ਤਾਂ ਪੈਂਦਾ ਹੀ ਹੈ ਪਰ ਨਾਲੋ-ਨਾਲ ਸੱਚਮੁੱਚ ਹੀ ਦਰਸ਼ਨ ਕਰਕੇ ਤਨ ਮਨ ਨੂੰ ਠੰਢ ਪੈਂਦੀ ਹੈ। ***'ਦਰਸਨੁ ਦੇਖਿ ਜੀਵਾ ਗੁਰ ਤੇਰਾ ॥'*** ਦਾ ਚਾਅ ਮੱਲੋ-ਮੱਲੀ ਹਿਰਦੇ ਵਿਚੋਂ ਉਮੜਦਾ ਹੈ।

**18. ਸਾਹਿਬ ਦਾ ਸੁਖ ਆਸਨ ਅਸਥਾਨ –** ਉੱਪਰ ਸੱਚੇ ਸਾਹਿਬ ਦਾ ਸੁੱਖ ਆਸਨ ਅਸਥਾਨ ਹੈ। ਇਸ ਨੂੰ ਵੀ ਨਵੀਂ ਵਿਉਂਤਬੰਦੀ ਨਾਲ ਸਿਰਜਿਆ ਗਿਆ ਹੈ। ਸੱਚੇ ਪਾਤਸ਼ਾਹ ਦੀ ਸੇਵਾ ਵਿਚ 24 ਘੰਟੇ ਸਿੰਘ ਪਹਿਰੇ ਤੇ ਖੜ੍ਹੇ ਨਜ਼ਰ ਆ ਰਹੇ ਸਨ। ਇਹ ਸੀ 'ਪ੍ਰਗਟ ਗੁਰਾਂ ਕੀ ਦੇਹ' ਦੀ ਭਾਵਨਾ ਨੂੰ ਮੁੱਖ ਰਖਦੇ ਹੋਏ ਆਪਣੇ ਗੁਰੂ ਦੀ ਪਹਿਰੇਦਾਰੀ ਤਨ ਦੇਹੀ ਨਾਲ ਕਰਨੀ।

**19. ਨਿਸ਼ਾਨ ਸਾਹਿਬ–** 'ਝੂਲਦੇ ਨਿਸ਼ਾਨ ਰਹੇ ਗੁਰੂ ਮਹਾਰਾਜ ਕੇ' ਸਿੱਖ ਪੰਥ ਦੀ ਪ੍ਰਵਾਨਿਤ ਅਰਦਾਸ ਵਿਚ ਨਿਸ਼ਾਨਾਂ, ਝੰਡਿਆਂ, ਬੁੰਗਿਆਂ ਨੂੰ ਨਮਸ਼ਕਾਰ ਕੀਤੀ ਗਈ ਹੈ। ਇਸ ਦੇ ਉਤੇ ਸਿਖਰ ਤੇ ਝੂਲਦਾ ਹੋਇਆ ਪਵਿੱਤਰ

ਫਰਲਾ ਮਨੁੱਖਤਾ ਨੂੰ ਅਵਾਜ਼ਾਂ ਦੇ ਰਿਹਾ ਹੈ ਕਿ ਆਉ! ਤਨ ਦੇ ਭੁੱਖ ਦੀ ਤ੍ਰਿਪਤੀ ਲਈ ਗੁਰੂ ਕੇ ਲੰਗਰ ਤਿਆਰ ਹਨ ਆਉ ਛਕੋ। ਮਨ ਦੀ ਸ਼ਾਂਤੀ ਲਈ ਨਾਮ ਬਾਣੀ ਨਾਲ ਜੁੜੋ। ਦੁਨੀਆ ਭਰ ਦੇ ਅਨਮਤਾਂ ਵਿਚ ਇਸ ਸਿਧਾਂਤ ਦੀ ਪੂਰਤੀ ਹੁੰਦੀ ਨਜ਼ਰ ਨਹੀਂ ਆਉਂਦੀ।

**20. ਦਰਬਾਰ ਸਾਹਿਬ ਦੇ ਸਾਮ੍ਹਣੇ ਵਿਸ਼ਾਲ ਲੰਗਰ ਹਾਲ –** ਵੱਡੇ ਹਾਲ ਵਿਚ ਗੁਰੂ ਕੇ ਲੰਗਰ ਅਤੁੱਟ ਵਰਤ ਰਹੇ ਸਨ। ਵੱਖ-ਵੱਖ ਇਲਾਕਿਆਂ ਵਿਚੋਂ ਸੰਗਤਾਂ ਵਲੋਂ ਸੁਚੱਜੀ ਸੇਵਾ ਕਰਨ ਦੀ ਤਰਤੀਬ ਨਾਲ ਬਲਾਕ ਬਣਾ ਕੇ ਵੰਡੇ ਹੋਏ ਸਨ। ਹਰ ਬਲਾਕ ਵਿਚ ਸੇਵਾਦਾਰ ਤਤਪਰ ਚੜ੍ਹਦੀ ਕਲਾ ਵਿਚ ਸੇਵਾ ਨਿਭਾ ਰਹੇ ਸਨ। ਸਫਾਈ ਦਾ ਵਿਸ਼ੇਸ਼ ਧਿਆਨ ਰੱਖਿਆ ਜਾ ਰਿਹਾ ਸੀ। ਅਨੇਕਾਂ ਪਦਰਾਥ ਦਾਲਾਂ, ਸਬਜ਼ੀਆਂ, ਚਾਵਲ, ਪ੍ਰਸ਼ਾਦੇ ਆਦਿਕ ਪਦਾਰਥ ਲੰਗਰ ਵਿਚ ਵਰਤ ਰਹੇ ਸਨ। ਸੰਗਤਾਂ ਛਕ ਕੇ ਗੁਰੂ ਦਾ ਜਸ ਕਰਦੀਆਂ ਆ ਜਾ ਰਹੀਆਂ ਸਨ। ***'ਖਾਵਹਿ ਖਰਚਹਿ ਰਲਿ ਮਿਲਿ ਭਾਈ ॥ ਤੋਟਿ ਨ ਆਵੈ ਵਧਦੋ ਜਾਈ ॥'*** ਦੀ ਪੂਰਨਤਾ ਸਪਸ਼ਟ ਨਜ਼ਰ ਆ ਰਹੀ ਸੀ। 'ਦਉਲਤ ਲੰਗਰ ਵੰਡੀਐ...॥' ਦੀਆਂ ਬਖਸ਼ਿਸ਼ਾਂ ਪ੍ਰਤੱਖ ਵਰਤ ਰਹੀਆਂ ਸਨ।

**21. ਚਾਹ ਪਕੌੜਿਆਂ ਦਾ ਲੰਗਰ –** ਉਸੇ ਵਿਸ਼ਾਲ ਹਾਲ ਵਿਚ ਚਾਹ ਅਤੇ ਪਕੌੜਿਆਂ ਦੇ ਲੰਗਰ ਛਕ ਕੇ ਸੰਗਤਾਂ ਨਿਹਾਲ ਹੋ ਰਹੀਆਂ ਸਨ।

**22. ਯਾਦਗਾਰੀ ਭਵਨ –** ਪਿਆਰੇ ਮਹਾਂਪੁਰਸ਼ਾਂ ਦੀ ਯਾਦ ਨੂੰ ਤਾਜ਼ਾ ਰੱਖਦਿਆਂ ਯਾਦਗਾਰੀ ਭਵਨ ਦੀ ਉਸਾਰੀ ਕੀਤੀ ਗਈ। ਮਹਾਂਪੁਰਸ਼ਾਂ ਦੀ ਯਾਦ ਵਾਲੇ ਭਵਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਸਸ਼ੋਭਿਤ ਕੀਤੇ ਗਏ ਜਿਥੇ ਹਰ ਵੇਲੇ ਸ੍ਰੀ ਅਖੰਡਪਾਠ ਸਾਹਿਬ ਜਾਂ ਸਹਿਜ ਪਾਠਾਂ ਰਾਹੀਂ ਬਾਣੀ ਦੇ ਪ੍ਰਵਾਹ ਚਲਦੇ ਹਨ। ਇਥੇ ਭਾਈ ਬੈਠ ਕੇ ਪਾਠ ਸਰਵਣ ਕਰਦੇ ਅਤੇ ਸਿਮਰਨ ਵਿਚ ਜੁੜਦੇ ਹਨ।

**ਮਾਤਾ ਜੀ ਦਾ ਯਾਦਗਾਰੀ ਭਵਨ –** ਨਵ ਉਸਰੇ ਇਸ ਭਵਨ ਨੂੰ ਦੇਖਦਿਆਂ ਸਾਰ ਆਦਰਸ਼ਕ ਮਾਤਾ ਵਾਲਾ ਪਿਆਰ ਯਾਦ ਆ ਜਾਂਦਾ ਹੈ। '***ਪੂਤਾ ਮਾਤਾ ਕੀ ਆਸੀਸ ॥ ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ ਸਦਾ ਭਜਹੁ ਜਗਦੀਸ ॥*** ' ਦੀ ਪੂਰਨਤਾ ਲਈ ਅਰਦਾਸ ਦਾ ਵਲਵਲਾ ਆਪ ਮੁਹਾਰੇ ਉਪਜਦਾ ਹੈ। ***'ਸੁਤੁ ਅਪਰਾਧ ਕਰਤ ਹੈ ਜੇਤੇ ॥ ਜਨਨੀ ਚੀਤਿ ਨ ਰਾਖਸਿ ਤੇਤੇ ॥'*** ਦੇ ਸਿਧਾਂਤ ਵਾਲੇ ਮਾਤਾ ਦੇ ਪਿਆਰ ਦੀ ਝਲਕ ਪ੍ਰਾਪਤ ਹੁੰਦੀ ਹੈ। ਇਸ ਥਾਂ ਦੇ ਉਤੇ ਬੀਬੀਆਂ ਬੈਠ ਕੇ ਸਿਮਰਨ ਵਿਚ ਜੁੜਦੀਆਂ ਹਨ।

**23. ਸਿਮਰਨ ਲਈ ਇਕਾਂਤ ਥਾਂ –** ਮਾਤਾ ਜੀ ਦੇ ਯਾਦਗਾਰੀ ਭਵਨ ਦੇ ਹੇਠਾਂ ਭੋਰਾ ਹੈ। ਜਿਥੇ ਬੈਠ ਕੇ ਦੁਨੀਆਂ ਦੀਆਂ ਆਵਾਜ਼ਾਂ ਨੂੰ ਦਰਕਿਨਾਰ ਕਰਕੇ ਤੁਸੀਂ ਵਾਹਿਗੁਰੂ ਦੇ ਸਿਮਰਨ ਵਿਚ ਜੁੜ ਸਕਦੇ ਹੋ।

**24. ਮੁੱਖ ਦੀਵਾਨ ਹਾਲ–** ਵੱਡ ਆਕਾਰੀ ਵਿਸ਼ਾਲ ਦੀਵਾਨ ਹਾਲ ਜਿਥੇ ਹਜ਼ਾਰਾਂ ਸੰਗਤਾਂ ਇਕੋ ਸਮੇਂ ਸਸ਼ੋਭਿਤ ਹੋ ਕੇ ਕਥਾ ਕੀਰਤਨ ਦਾ ਆਨੰਦ ਮਾਣ ਸਕਦੀਆਂ ਹਨ। ਇਹ ਦੀਵਾਨ ਹਾਲ ਪਿਛਲੇ ਸਾਲ ਸਮਾਗਮ ਤੋਂ ਪਹਿਲਾਂ ਹੋਂਦ ਵਿਚ ਆਇਆ। ਇਸ ਦੀ ਵਿਲੱਖਣਤਾ ਹੈ ਕਿ 135 ਫੁੱਟ ਚੌੜੇ ਅਤੇ 300 ਫੁੱਟ ਲੰਬੇ ਹਾਲ ਵਿਚ ਕੋਈ ਥੰਮ ਨਹੀਂ ਹੈ। ਇਸ ਦੇ ਆਲੇ-ਦੁਆਲੇ ਅਤੇ ਅਗਲੇ ਪਾਸੇ ਸੋਹਣੇ ਸ਼ਾਮਿਆਨੇ ਲਗਾਏ ਗਏ। ਇਸ ਵੱਡ ਆਕਾਰੀ ਦੀਵਾਨ ਹਾਲ ਵਿਚ ਹਰ ਪ੍ਰਾਣੀ ਸ਼ਲਾਘਾ ਕਰਨੋਂ ਨਾ ਰਹਿ ਸਕਿਆ।

**25. ਦੀਵਾਨ ਹਾਲ ਦਾ ਮੇਨ ਗੇਟ –** ਵਿਸ਼ਾਲ ਦੀਵਾਨ ਹਾਲ ਦੇ ਗੇਟ ਨੂੰ ਸਿਖਿਆਦਾਇਕ, ਸੁਚੱਜੇ ਢੰਗ ਨਾਲ ਸਿਰਜਿਆ ਅਤੇ ਸ਼ਿੰਗਾਰਿਆ ਗਿਆ ਸੀ। ਪੰਡਾਲ ਦੇ ਮੇਨ ਗੇਟ ਦੇ ਉਤੇ 'ਸਭ ਸਿੱਖਨ ਕਉ ਹੁਕਮ ਹੈ ਗੁਰੂ ਮਾਨਿਉ ਗ੍ਰੰਥ' ਦਾ ਵੱਡਾ ਬੋਰਡ ਸਸ਼ੋਭਿਤ ਸੀ। ਇਸ ਤੋਂ ਉਪਰ 5 ਨਿਸ਼ਾਨ ਸਾਹਿਬ ਝੂਲ ਰਹੇ ਸਨ।ਇਸ ਨੂੰ ਦੇਖਦਿਆਂ ਇਹ ਸੁਨੇਹਾ ਮਿਲਦਾ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣਾ ਸਾਡਾ ਸਾਰਿਆਂ ਦਾ ਪਵਿੱਤਰ ਫਰਜ਼ ਹੈ।

**26. ਅਲੌਕਿਕ ਦਰਬਾਰ –** ਦੀਵਾਨ ਹਾਲ ਦੇ ਅੰਦਰ 30 ਫੁੱਟ ਚੌੜੀ ਅਤੇ 60 ਫੁੱਟ ਲੰਬੀ ਸਟੇਜ ਦਾ ਨਿਰਮਾਣ ਕੀਤਾ ਗਿਆ ਹੈ। 90 ਫੁੱਟ ਦੀ ਦੂਰੀ ਤੇ ਗੋਲਕਾਂ ਰੱਖੀਆਂ ਗਈਆ। 100 ਫੁੱਟ ਚੌੜੇ ਅਤੇ 100 ਫੁੱਟ ਲੰਬਾਈ ਵਾਲੀ ਜਗ੍ਹਾਂ ਨੂੰ ਵਿਸ਼ੇਸ਼ ਤੌਰ ਤੇ ਸ਼ਾਨਦਾਰ ਅਤੇ ਰੰਗਦਾਰ ਸ਼ਾਮਿਆਨਿਆਂ ਨਾਲ ਸਜਾਇਆ ਗਿਆ ਸੀ। ਇਸ ਦਰਬਾਰ ਦੀ ਸੋਭਾ ਦੇਖਣ ਵਾਲੇ ਨੂੰ ਉਤਸ਼ਾਹ ਅਤੇ ਚੜ੍ਹਦੀ ਕਲਾ ਵਲ ਮੱਲੋ-ਮੱਲੀ ਲੈ ਜਾਂਦੀ ਸੀ। ਗੁਰੂ ਦਰਬਾਰ ਦੀ ਦਿਖ ਅਤੀ ਸ਼ੋਭਨੀਕ ਸੀ।

**27. Back Drop –** ਸਟੇਜ ਦੇ ਪਿਛਲੇ ਪਾਸੇ ਵੱਡ ਅਕਾਰੀ ਲਿਖਤ ਅਤੇ ਤਸਵੀਰਾਂ ਦੇ ਰੂਪ ਵਿਚ back drop ਲਾਈ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਿਛੇ ੴ ਅਤੇ 'ਪੀਵਹੁ ਪਾਹੁਲ ਖੰਡੇ ਧਾਰ' ਉਕਰਿਆ ਹੋਇਆ ਸੀ ਜੋ ਕਿ ਸਿੱਖੀ ਦਾ ਸਿਧਾਂਤ ਹੈ। ਬੁਲਾਰਿਆਂ ਦੇ ਪਿਛਲੇ ਪਾਸੇ ਸਮਾਗਮ ਦਾ ਨਾਮ ਅਤੇ ਪਿਆਰੇ ਮਹਾਂਪੁਰਸ਼ਾਂ ਅਤੇ ਸਤਿਕਾਰਯੋਗ ਮਾਤਾ ਜੀ ਦੀ ਦੀ ਤਸਵੀਰ ਸੀ। ਇਨ੍ਹਾਂ ਨੂੰ ਦੇਖਦਿਆਂ ਇਉਂ ਲਗਦਾ ਸੀ ਕਿ ਉਹ ਆਪ ਸਰੀਰ ਵਿਚ ਆ ਕੇ ਸਸ਼ੋਭਿਤ ਹੋ ਰਹੇ ਹਨ। ਇਸ back drop ਨੂੰ ਆਖਰੀ ਦਿਨ ਬਦਲ ਕੇ ਪੰਜਾਬ ਭਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ ਦੇ ਰੋਸ ਵਜੋਂ ਪਸ਼ਚਾਤਾਪ ਅਰਦਾਸ ਸਮਾਗਮ ਦੇ ਤੌਰ 'ਤੇ ਰੱਖਿਆ ਗਿਆ। ਕਾਲੇ ਰੰਗ ਵਿਚ ਇਹ ਸੀਨ ਸਾਡੇ ਰੋਸ ਦਾ ਪ੍ਰਤੀਕ ਸੀ।

**28. ਕੰਟਰੋਲ ਰੂਮ –** ਸੰਗਤ ਦੀ ਹਰ ਪੱਖੋਂ ਸਹੂਲਤ ਨੂੰ ਮੁੱਖ ਰੱਖਦਿਆਂ ਸੇਵਾਦਾਰਾਂ ਅਤੇ ਪ੍ਰਬੰਧਕਾਂ ਲਈ ਕੰਟਰੋਲ

ਰੂਮ ਸਥਾਪਿਤ ਸੀ। ਜਿਸ ਦੇ ਜਥੇਦਰ ਭਾਈ ਨਸੀਬ ਸਿੰਘ ਹਨ। ਇਸ ਕੰਟਰੋਲ ਰੂਮ ਵਿਚ 24 ਘੰਟੇ ਸੇਵਾਦਾਰ ਅਤੇ ਪ੍ਰਬੰਧਕ ਹਾਜ਼ਰ ਰਹਿੰਦੇ ਸਨ ਤਾਂ ਜੋ ਸੰਗਤ ਦੀ ਹਰ ਮੁਸ਼ਕਿਲ ਨੂੰ ਦੂਰ ਕੀਤਾ ਜਾਵੇ।

**29. ਸਿਲਾਈ ਸੈਂਟਰ ਦੀ ਪ੍ਰਦਰਸ਼ਨੀ –** ਦੀਵਾਨ ਹਾਲ ਦੇ ਮੇਨ ਗੇਟ ਕੋਲ ਵੱਡੀ ਥਾਂ ਵਿਚ ਮਾਤਾ ਸਾਹਿਬ ਕੌਰ ਸਿਲਾਈ ਸੈਂਟਰ ਰਤਵਾੜਾ ਸਾਹਿਬ ਦੀਆਂ ਬੱਚੀਆਂ ਵਲੋਂ ਬਣਾਏ ਗਏ ਸਮਾਨ ਦੀ ਪ੍ਰਦਰਸ਼ਨੀ ਲਾਈ ਗਈ। ਵਰਨਣਯੋਗ ਹੈ ਕਿ ਇਸ ਸਿਲਾਈ ਸੈਂਟਰ ਵਿਚ 125 ਬੀਬੀਆਂ ਦਾ ਬੈਚ ਹਰ ਛੇ ਮਹੀਨੇ ਬਾਅਦ ਫਰੀ ਸਿਖਲਾਈ ਲੈ ਕੇ ਸਵੈ ਨਿਰਭਰ ਹੁੰਦਾ ਹੈ। ਇਨ੍ਹਾਂ ਬੀਬੀਆਂ ਵਲੋਂ ਬਣਾਏ ਗਏ ਘਰੇਲੂ ਸਮਾਨ ਦੀ ਬਨਾਵਟ ਦੇਖ ਕੇ ਖੁਸ਼ੀ ਹੁੰਦੀ ਸੀ।

**30. ਰਿਹਾਇਸ਼ੀ ਪ੍ਰਬੰਧ –** ਵਿਸ਼ੇਸ਼ ਦਸਤੇ ਦੇ ਰੂਪ ਵਿਚ ਇਕ ਵੱਡੀ ਸੇਵਾਦਾਰਾਂ ਦੀ ਟੀਮ ਇਸ ਸੇਵਾ ਲਈ ਹਰ ਵੇਲੇ ਤਤਪਰ ਸੀ। ਸਾਰੀਆਂ ਇਮਾਰਤਾਂ ਵਿਚ ਦਰੀਆਂ, ਮੈਟ, ਕੰਬਲ ਆਦਿਕ ਪਹੁੰਚਾਏ ਜਾ ਰਹੇ ਸਨ। ਇਹ ਸੇਵਾਦਾਰ ਭਾਈ ਰਜਿੰਦਰ ਸਿੰਘ ਖਰੜ ਵਾਲਿਆਂ ਦੀ ਅਗਵਾਈ ਵਿਚ ਸੇਵਾ ਨਿਭਾ ਰਹੇ ਸਨ ਅਤੇ ਆਪਣੇ ਆਪ ਨੂੰ ਧੰਨਤਾ ਦੇ ਯੋਗ ਸਮਝ ਰਹੇ ਸਨ।

**31. ਟਰਾਂਸਪੋਰਟ ਪ੍ਰਬੰਧ –** ਸੰਗਤਾਂ ਨੂੰ ਲਿਆਉਣ ਤੇ ਛੱਡਣ ਲਈ ਵਿਸ਼ੇਸ਼ ਟਰਾਂਸਪੋਰਟ ਦਾ ਪ੍ਰਬੰਧ ਸੀ। ਸਾਰੀਆਂ ਸਕੂਲ ਦੀਆਂ ਬੱਸਾਂ ਅਤੇ ਹੋਰ ਕੈਂਟਰ, ਟਰੱਕ ਅਤੇ ਬੱਸਾਂ ਰਾਹੀਂ ਸੰਗਤਾਂ ਨੂੰ ਘਰ-ਘਰ ਪਹੁੰਚਾਉਣ ਦੀ ਸੇਵਾ ਦਿਨ ਰਾਤ ਨਿਭਾਈ ਜਾ ਰਹੀ ਸੀ। ਇਹ ਸੇਵਾ ਭਾਈ ਰਜਿੰਦਰ ਸਿੰਘ ਕਾਕਰੋਂ ਅਤੇ ਹੋਰ ਸਾਥੀਆਂ ਨੇ ਨਿਭਾਈ।

**32. ਬਿਜਲੀ ਪ੍ਰਬੰਧ –** ਸਮੁੱਚੇ ਕੰਪਲੈਕਸ ਨੂੰ ਜਗ-ਮਗ ਕਰਨ ਲਈ ਬਿਜਲੀ ਦੇ ਅਨੇਕਾਂ ਤਰ੍ਹਾਂ ਦੇ ਪ੍ਰਬੰਧ ਸਨ। ਭਾਈ ਨਿਰਮਲਜੀਤ ਸਿੰਘ, ਭਾਈ ਕੇਸਰ ਸਿੰਘ, ਭਾਈ ਸੁਰਿੰਦਰ ਸਿੰਘ, ਭਾਈ ਸੁਰਜੀਤ ਸਿੰਘ, ਭਾਈ ਹਿੰਮਤ ਸਿੰਘ ਤੇ ਹੋਰ ਸੰਗੀ ਸਾਥੀ ਦਿਨ ਰਾਤ ਇਸ ਸੇਵਾ ਵਿਚ ਮਗਨ ਸਨ।

**33. ਸਾਊਂਡ –** ਸਾਊਂਡ ਸਿਸਟਮ ਨੂੰ ਟੈਕਨੀਕਲ ਤਰੀਕੇ ਨਾਲ ਸੁਚੱਜੇ ਢੰਗ ਨਾਲ ਸੈੱਟ ਕੀਤਾ ਗਿਆ। ਲੋੜ ਮੁਤਾਬਿਕ ਸਾਰੇ ਚੌਗਿਰਦੇ ਵਿਚ ਸਾਊਂਡ ਦਾ ਸੁਚੱਜਾ ਪ੍ਰਬੰਧ ਸੀ।

**34. ਪਹਿਚਾਣ ਬੈਜ –** ਹਰ ਖੇਤਰ ਵਿਚ ਸੇਵਾ ਨਿਭਾਉਣ ਵਾਲਿਆਂ ਨੂੰ ਵਿਸ਼ੇਸ਼ ਬੈਜ ਦਿਤੇ ਗਏ ਸਨ ਤਾਂ ਜੋ ਜੇ ਕੋਈ ਗਲਤ ਅਨਸਰ ਹੋਵੇ ਤਾਂ ਤੁਰੰਤ ਪਤਾ ਲਗ ਸਕੇ। ਸੰਗਤ ਨੂੰ ਵੀ ਸੌਖ ਰਹੇ ਕਿ ਇਹ ਸੇਵਾਦਾਰ ਕਿਸ ਸੇਵਾ ਨਾਲ ਸਬੰਧਿਤ ਹੈ।

**35. ਅੰਮ੍ਰਿਤ ਸੰਚਾਰ –** ਸਮਾਗਮ ਦੌਰਾਨ 2 ਦਿਨ ਭਾਰੀ ਅੰਮ੍ਰਿਤ ਸੰਚਾਰ ਹੋਏ। ਇਹ ਸੇਵਾ ਪਾਉਂਟਾ ਸਾਹਿਬ ਦੇ ਪੰਜ ਪਿਆਰਿਆਂ ਵਲੋਂ ਨਿਭਾਈ ਗਈ। ਸੈਂਕੜੇ ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ।

**36. ਅੱਖਾਂ ਦਾ ਫਰੀ ਔਪਰੇਸ਼ਨ ਕੈਂਪ –** ਹਰ ਸਾਲ ਦੀ ਤਰ੍ਹਾਂ ਤੱਖਰ ਪਰਿਵਾਰ ਇੰਗਲੈਂਡ ਵਾਲਿਆਂ ਦੇ ਸਹਿਯੋਗ ਨਾਲ ਅੱਖਾਂ ਦੇ ਫਰੀ ਔਪਰੇਸ਼ਨ ਕੀਤੇ ਗਏ। ਕਿੰਨਿਆਂ ਹੀ ਬਜ਼ੁਰਗਾਂ ਨੂੰ ਇਸ ਸੇਵਾ ਰਾਹੀਂ ਅੱਖਾਂ ਦੀ ਜੋਤਿ ਪ੍ਰਾਪਤ ਹੋਈ।

**37. ਫਰੀ ਮੈਡੀਕਲ ਕੈਂਪ –** ਰਤਵਾੜਾ ਸਾਹਿਬ ਹਸਪਤਾਲ ਵਿਚ ਚਾਰੋਂ ਦਿਨ ਫਰੀ ਮੈਡੀਕਲ ਕੈਂਪ ਵੀ ਚਲ ਰਹੇ ਸਨ। ਇਥੇ ਮਰੀਜ਼ਾਂ ਨੂੰ ਦਵਾਈਆਂ ਫਰੀ ਦਿਤੀਆਂ ਜਾਂਦੀਆਂ ਹਨ। ਲੈਬੋਰਟਰੀ ਟੈਸਟਾਂ ਦੀ ਅੱਧੀ ਭੇਟਾ ਲਈ ਜਾਂਦੀ ਹੈ। ਚੰਡੀਗੜ੍ਹ ਦੇ ਸਪੈਸਲਿਸ਼ਟ ਡਾਕਟਰ ਆ ਕੇ ਨਿਸ਼ਕਾਮ ਸੇਵਾ ਨਿਭਾਉਂਦਿਆਂ ਆਪਣੇ ਆਪ ਨੂੰ ਭਾਗਸ਼ਾਲੀ ਸਮਝਦੇ ਹਨ। ਸੈਂਕੜੇ ਮਰੀਜ਼ਾਂ ਨੇ ਇਸ ਸੇਵਾ ਦਾ ਵੀ ਲਾਭ ਉਠਾਇਆ।

**38. ਛਬੀਲਾਂ ਦਾ ਪ੍ਰਬੰਧ –** ਸੰਗਤਾਂ ਦੀ ਸਹੂਲਤ ਲਈ ਜਲ ਛਕਾਉਣ ਦੀ ਸੇਵਾ ਸਕੂਲਾਂ ਦੇ ਬੱਚਿਆ ਵਲੋਂ ਨਿਭਾਈ ਗਈ।

**39. ਗੁੰਮ ਹੋਏ ਬੱਚੇ** - ਗੁੰਮ ਹੋਏ ਬੱਚਿਆਂ ਲਈ ਅਲੱਗ ਵਿਸ਼ੇਸ਼ ਥਾਂ ਤੇ ਪ੍ਰਬੰਧ ਕੀਤਾ ਗਿਆ। ਉਸ ਥਾਂ ਨੂੰ ਸਕੂਲ ਦੀਆਂ ਟੀਚਰ ਬੀਬੀਆਂ ਨੇ ਸੇਵਾ ਨਿਭਾਈ। ਇਥੇ ਖਿਡੌਣਿਆਂ ਤੋਂ ਲੈ ਕੇ ਬੱਚੇ ਦੇ ਖਾਣ-ਪੀਣ ਦਾ ਹਰ ਸਾਜੋ ਸਮਾਨ ਉਪਲੱਬਧ ਸੀ।

**40. ਭਾਨ ਦੀ ਸੇਵਾ –** ਸੰਗਤ ਦੀ ਲੋੜ ਨੂੰ ਮੁੱਖ ਰੱਖਦੇ ਹੋਏ ਭਾਨ ਦੇਣ ਦਾ ਵਿਸ਼ੇਸ਼ ਪ੍ਰਬੰਧ ਸੀ।

**41. ਬੈਨਰਾਂ ਰਾਹੀਂ ਅਪੀਲ** - ਰਤਵਾੜਾ ਸਾਹਿਬ ਦੇ ਚੌਗਿਰਦੇ ਵਿਚ ਵੱਖ-ਵੱਖ ਪ੍ਰੇਰਨਾਦਾਇਕ ਬੈਨਰ ਲਗਏ ਗਏ। ਸੰਗਤਾਂ ਦੀ ਹਰ ਸਹੂਲਤ ਅਤੇ ਲੋੜ ਨੂੰ ਮੁਖ ਰੱਖ ਕੇ ਇਹ ਬੈਨਰ ਥਾਂ-ਥਾਂ 'ਤੇ ਲਾਏ ਗਏ ਸਨ।

**42. ਫਲੈਕਸ ਬੋਰਡਾਂ ਦੀ ਮਹਾਨਤਾ –** ਪਿਆਰੇ ਮਹਾਂਪੁਰਸ਼ਾਂ ਦੇ ਪ੍ਰਵਚਨਾਂ ਨੂੰ ਦਰਸਾਉਂਦੇ ਇਹ ਫਲੈਕਸ ਬੋਰਡ ਸੁੰਦਰ ਦਿਖ ਪ੍ਰਦਾਨ ਕਰ ਰਹੇ ਸਨ। ਇਨ੍ਹਾਂ ਨੂੰ ਪੜ੍ਹ ਕੇ ਸੰਗਤਾਂ ਜੀਵਨ ਲਈ ਸੁਚੱਜੀ ਸੇਧ ਪ੍ਰਾਪਤ ਕਰ ਰਹੀਆਂ ਸਨ।

**43. ਵੀਡੀਓ ਗ੍ਰਾਫੀ –** ਸਮਾਗਮ ਦੇ ਪੂਰੇ ਬੋਲੇ ਗਏ ਬਚਨਾਂ ਨੂੰ ਸਾਂਭਣ ਲਈ ਪਟਿਆਲੇ ਤੋਂ ਵੀਡੀਓ ਗ੍ਰਾਫੀ ਟੀਮ ਆਯੋਜਿਤ ਕੀਤੀ ਗਈ।

**44. ਰਿਸ਼ੈਪਸ਼ਨ ਸੇਵਾਦਾਰ –** ਹਰ ਸੰਤ ਮਹਾਂਪੁਰਸ਼, ਕਥਾਵਾਚਕ ਅਤੇ ਕੀਰਤਨੀ ਜਥੇ ਨੂੰ 'ਜੀ ਆਇਆ' ਕਹਿਣ ਲਈ ਸੇਵਾਦਾਰ ਹੱਥ ਜੋੜੀਂ ਸੇਵਾ 'ਚ ਹਾਜ਼ਰ ਸਨ। ਇਹ ਸੇਵਾਦਾਰ ਆਏ ਮਹਿਮਾਨ ਨੂੰ ਆਦਰਸਹਿਤ ਜੀ ਆਇਆਂ ਕਹਿ ਕੇ ਲੰਗਰ ਹਾਲ ਵਿਚ ਅਤੇ ਸਟੇਜ 'ਤੇ ਲੈ ਕੇ ਜਾਂਦੇ

ਸਨ। ਇਸ ਪਿਆਰ ਭਰੇ ਨਿੱਘ ਦਾ ਅਨੰਦ ਹਰ ਇਕ ਸੰਤ ਮਹਾਂਪੁਰਸ਼ ਨੇ ਮਾਣਿਆ।

**45. ਇੰਟੈਲੀਜੈਂਸੀ –** ਪ੍ਰਬੰਧਕਾਂ ਵਲੋਂ ਪੂਰੇ ਸਮਾਗਮ ਵਿਚ ਇਕ ਵਿਸ਼ੇਸ਼ ਦਸਤਾ ਤਾਇਨਾਤ ਕੀਤਾ ਗਿਆ ਜੋ ਹਰ ਥਾਂ ਦੀ ਰਿਪੋਰਟ ਆਪਣੇ ਜਥੇਦਾਰ ਨੂੰ ਦਿੰਦਾ ਸੀ ਤਾਂ ਜੋ ਸੰਗਤ ਨੂੰ ਕਿਸੇ ਕਿਸਮ ਦੀ ਮੁਸ਼ਕਿਲ ਨਾ ਆਵੇ।

**46. ਪੁਲਿਸ ਪ੍ਰਬੰਧ –** ਪੁਲਿਸ ਵਿਭਾਗ ਵਲੋਂ ਸਾਰੇ ਪ੍ਰਬੰਧਾਂ ਤੇ ਹੁਸ਼ਿਆਰੀ ਨਾਲ ਨਜ਼ਰ ਰੱਖੀ ਗਈ। 24 ਘੰਟੇ ਮੁਲਾਜ਼ਮ ਅਤੇ ਅਫਸਰ ਆਪਣੀ ਡਿਊਟੀ ਤੇ ਹਾਜ਼ਰ ਰਹੇ ਤਾਂ ਜੋ ਕੋਈ ਅਣਸੁਖਾਵੀ ਘਟਨਾ ਨਾ ਵਾਪਰੇ।

**47. ਪਹਿਰੇਦਾਰ –** ਦੀਵਾਨ ਹਾਲ ਅਤੇ ਹੋਰ ਥਾਵਾਂ ਤੇ ਪਹਿਰੇਦਾਰ ਸੇਵਾ ਨਿਭਾ ਰਹੇ ਸਨ। ਵਿਸ਼ੇਸ਼ ਸਫੇਦ ਅਤੇ ਕੇਸਰੀ ਚੋਲਿਆਂ ਵਿਚ ਇਹ ਸੇਵਾਦਾਰ ਕਿਸੇ ਵੱਡੀ ਸਕਿਊਰਟੀ ਨੂੰ ਵੀ ਮਾਤ ਪਾ ਰਹੇ ਸਨ।

**48. ਤਪੋ ਬਣ –** ਕੁਦਰਤੀ ਵਾਤਾਵਰਣ ਦੇ ਵਿਚ ਮਹਾਂਪੁਰਸ਼ਾਂ ਵਲੋਂ ਸਥਾਪਿਤ ਤਪੋ ਬਣ ਵੀ ਹੈ। ਇਸ ਥਾਂ ਤੇ ਕੁਝ ਕੁਟੀਆ ਬਣੀਆਂ ਹੋਈਆਂ ਹਨ। ਜਿਥੇ ਬੈਠ ਕੇ ਜਗਿਆਸੂ ਦੁਨੀਆਂ ਨਾਲੋਂ ਟੁੱਟ ਕੇ ਕੁਦਰਤ ਅਤੇ ਪ੍ਰਮੇਸ਼ਰ ਨਾਲ ਜੁੜ ਸਕਦਾ ਹੈ। ਪਿਆਰੇ ਮਹਾਂਪੁਰਸ਼ ਅਕਸਰ ਇਸ ਥਾਂ 'ਤੇ ਆਪ ਵੀ ਬੈਠਦੇ ਸਨ ਅਤੇ ਸਿੰਘਾਂ ਨੂੰ ਵੀ ਬਿਠਾ ਕੇ ਭਜਨ ਕਰਵਾਇਆ ਕਰਦੇ ਸਨ। ਇਥੇ ਪਹੁੰਚ ਕੇ ਮਨ ਨੂੰ ਅਜੀਬ ਸ਼ਾਂਤੀ ਪ੍ਰਾਪਤ ਹੁੰਦੀ ਹੈ।

**49. ਬਿਰਧ ਆਸ਼ਰਮ –** ਅਕਾਲ ਟਰੱਸਟ ਵਲੋਂ ਰਤਵਾੜਾ ਸਾਹਿਬ ਟਰੱਸਟ ਦੇ ਸਹਿਯੋਗ ਨਾਲ ਬਿਰਧ ਆਸ਼ਰਮ ਵੀ ਚਲਾਇਆ ਹੋਇਆ ਹੈ। ਇਥੇ ਬਜ਼ੁਰਗ ਮਾਈ ਭਾਈ ਗੈਸਟ ਹਾਊਸ ਵਰਗੀਆਂ ਸਹੂਲਤਾਂ ਨਾਲ ਰਹਿ ਰਹੇ ਹਨ। ਬੇ ਆਸਰਿਆਂ ਦਾ ਸਹਾਰਾ ਬਣਿਆਂ ਇਹ ਬਿਰਧ ਆਸ਼ਰਮ ਪਰਉਪਕਾਰ ਦੀ ਇਕ ਵੱਡੀ ਮਿਸਾਲ ਹੈ।

**50. ਐਨ.ਆਰ.ਆਈ ਕੰਪਲੈਕਸ –** ਐਨ.ਆਰ.ਆਈ ਵੀਰਾਂ ਲਈ ਵਿਸ਼ੇਸ਼ ਕੰਪਲੈਕਸ ਹੈ। ਇਥੇ ਰਹਿ ਕੇ ਵਿਦੇਸ਼ੀ ਵੀਰ ਆਪਣੇ ਆਪ ਨੂੰ ਧੰਨਤਾ ਦੇ ਯੋਗ ਸਮਝਦੇ ਹੋਏ ਖੁਸ਼ੀ ਮਹਿਸੂਸ ਕਰਦੇ ਹਨ।

**51. ਗਤਕਾ ਪਾਰਟੀਆਂ –** ਸਤਿਗੁਰਾਂ ਦੇ ਸਰੂਪ ਦੀ ਸੋਭਾ ਨੂੰ ਵਧਾਉਣ ਹਿਤ ਗਤਕਾ ਪਾਰਟੀਆਂ ਹਰ ਵੇਲੇ ਸੇਵਾ ਵਿਚ ਹਾਜ਼ਰ ਰਹਿੰਦੀਆਂ। ਰਤਵਾੜਾ ਸਾਹਿਬ ਸਕੂਲ ਦੀ ਗਤਕਾ ਟੀਮ ਅਤੇ ਸੰਤ ਬਾਬਾ ਖੁਸ਼ਹਾਲ ਸਿੰਘ ਜੀ ਵਲੋਂ ਗੁਰਦੁਆਰਾ ਟਿੱਬੀ ਸਾਹਿਬ ਰੋਪੜ ਤੋਂ ਜਥੇਦਾਰ ਜਗਮਿੱਤਰ ਸਿੰਘ ਦੀ ਅਗਵਾਈ ਵਿਚ ਇਹ ਸੇਵਾ ਨਿਭਾਈ ਜਾਂਦੀ ਹੈ। ਗਤਕੇ ਦੇ ਜੌਹਰ ਦੇਖ ਕੇ ਸੰਗਤਾਂ ਬੀਰ ਰਸ ਦਾ ਝਲਕਾਰਾ ਮਾਣਦੀਆਂ ਹਨ।

**52. ਪਾਰਕਿੰਗ ਪ੍ਰਬੰਧ–** ਬੱਸਾਂ, ਟਰੱਕਾਂ, ਸਕੂਟਰ, ਸਾਇਕਲਾਂ, ਟਰੈਕਟਰ, ਟਰਾਲੀਆਂ ਅਤੇ ਕਾਰਾਂ ਲਈ ਵਿਸ਼ੇਸ਼ ਪਾਰਕਿੰਗ ਦੇ ਪ੍ਰਬੰਧ ਸਨ। ਸੇਵਾਦਾਰਾਂ ਦੀ ਪਾਰਕਿੰਗ ਅਤੇ ਐਮਰਜੈਂਸੀ ਗੱਡੀਆਂ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ। ਚਾਰ ਟੀਮਾਂ ਸੇਵਾ ਕਰ ਰਹੀਆਂ ਸਨ।

**53. ਨਵੇਂ ਬਾਥਰੂਮ –** ਸੰਗਤਾਂ ਦੀ ਸਹੂਲਤ ਦੇ ਮੱਦੇ ਨਜ਼ਰ ਇਸ ਵਾਰੀ ਦੀਵਾਨ ਹਾਲ ਦੇ ਨੇੜੇ ਨਵੇਂ ਬਾਥਰੂਮਾਂ ਅਤੇ ਫਲੱਸ਼ਾਂ ਦਾ ਨਿਰਮਾਣ ਕੀਤਾ ਗਿਆ।

**54. ਕੰਪਲੈਕਸ ਅੰਦਰ ਟਾਇਲਾਂ ਅਤੇ ਸੜਕ ਦੀ ਨਿਰਮਾਣਤਾ –** ਸਕੂਲ ਇਮਾਰਤ ਦੇ ਅੱਗੇ ਅਤੇ ਕੰਪਲੈਕਸ ਵਿਚ ਨਵੀਆਂ ਰੰਗਦਾਰ ਟਾਇਲਾਂ ਲਾਈਆਂ ਗਈਆ। ਨਵੀਂ ਸੜਕ ਬਣਨ ਨਾਲ ਹਰ ਇਕ ਪ੍ਰੇਮੀ ਦੇ ਤੁਰਨ ਵਿਚ ਹੋਰ ਚਾਅ ਅਤੇ ਉਤਸ਼ਾਹ ਵਿਚ ਸਹੂਲਤ ਅਤੇ ਰਾਹਤ ਪੈਦਾ ਹੋਈ।

**56. ਚੌਗਿਰਦੇ ਦੀ ਸਫਾਈ –** 50 ਏਕੜ ਦੇ ਵਿਸ਼ਾਲ ਚੌਗਿਰਦੇ ਨੂੰ ਸਾਫ ਸੁਥਰਾ ਰੱਖਣ ਲਈ ਬੀਬੀਆਂ ਵਲੋਂ ਰਾਤ ਨੂੰ 12 ਵਜੇ ਤੋਂ ਲੈ ਕੇ ਸਵੇਰੇ 4 ਵਜੇ ਤੱਕ ਇਹ ਸੇਵਾ ਨਿਭਾਈ ਜਾਂਦੀ। ਲੋੜ ਅਨੁਸਾਰ ਦਿਨ ਵਿਚ ਵੀ ਇਹ ਬੀਬੀਆਂ ਹੱਥਾਂ ਵਿਚ ਝਾੜੂ ਲੈ ਕੇ ਸੇਵਾ ਵਿਚ ਤਤਪਰ ਨਜ਼ਰ ਆਈਆਂ।

**57. ਵਿਸ਼ੇਸ਼ ਸਫਾਈ ਕਰਮਚਾਰੀ** - ਫਲੱਸ਼ਾਂ ਦੀ ਸਫਾਈ ਲਈ ਵਿਸ਼ੇਸ਼ ਸਫਾਈ ਕਰਮਚਾਰੀ ਤਾਇਨਾਤ ਕੀਤੇ ਗਏ ਤਾਂ ਜੋ ਵੱਡੇ ਇਕੱਠ ਕਾਰਨ ਵਾਤਾਵਰਣ ਸ਼ੁੱਧ ਰਹੇ।

**58. ਵਿਸ਼ੇਸ਼ ਨਿਗਰਾਨ ਦਸਤੇ –** ਚੌਗਿਰਦੇ ਵਿਚ ਘੁੰਮਣ ਲਈ ਵਿਸ਼ੇਸ਼ ਨਿਗਰਾਨ ਦਸਤੇ ਤਾਇਨਾਤ ਸਨ। ਇਹ ਟੀਮਾਂ ਹਰ ਵੇਲੇ ਹਰ ਥਾਂ ਦੇ ਉਤੇ ਨਜ਼ਰਸਾਨੀ ਰਖਦੇ ਹੋਏ ਪ੍ਰਬੰਧਾਂ ਨੂੰ ਹੋਰ ਸੁੱਚੱਜਾ ਬਣਾ ਰਹੇ ਸਨ।

**59. ਲੋਹਾਂ ਦੀ ਸੇਵਾ** - ਲੋਹਾਂ ਦੀ ਸੇਵਾ ਵਿਸ਼ੇਸ਼ ਤੌਰ ਤੇ ਧਮੋਟ ਦੀ ਸੰਗਤ ਵਲੋਂ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਵੱਖ-ਵੱਖ ਬੀਬੀਆਂ ਦੇ ਜੱਥਿਆਂ ਵਲੋਂ ਇਹ ਸੇਵਾ ਚਾਅ ਤੇ ਉਤਸ਼ਾਹ ਨਾਲ ਨਿਭਾਈ ਗਈ।

**60. ਲੰਗਰ ਬਣਾਉਣ ਵਾਲੇ ਸੇਵਾਦਾਰ –** ਯੂ.ਪੀ ਤੋਂ ਆਏ ਇਨ੍ਹਾਂ ਸੇਵਾਦਾਰਾਂ ਦੀ ਅਣਥੱਕ ਸੇਵਾ ਸ਼ਲਾਘਾਯੋਗ ਹੈ। ਦਿਨ ਰਾਤ ਸੇਵਾ ਵਿਚ ਤਤਪਰ, ਬਿਨਾਂ ਕਿਸੇ ਥਕੇਵੇਂ-ਅਕੇਵੇਂ ਤੋਂ ਇਹ ਸੇਵਾਦਾਰ ਦਾਲਾਂ, ਸਬਜ਼ੀਆਂ, ਕੜਾਹ ਪ੍ਰਸ਼ਾਦ, ਚਾਵਲ, ਅਨੇਕਾਂ ਪਦਾਰਥ ਬਣਾ ਕੇ ਗੁਰੂ ਦੀਆਂ ਖੁਸ਼ੀਆਂ ਲੈ ਰਹੇ ਸਨ।

**61. ਇੰਟਰਕਾਮ ਦੀ ਸੇਵਾ–** ਆਪਸੀ ਸੰਚਾਰ ਲਈ ਇੰਟਰਕਾਮ ਸੈੱਟ ਲਾਏ ਗਏ ਸਨ। ਇਹ ਸੇਵਾ ਭਾਈ ਪ੍ਰੀਤਮ ਸਿੰਘ ਮੁਹਾਲੀ ਵਾਲੇ ਨਿਭਾਉਂਦੇ ਹਨ।

**62. ਡੈਕੋਰੇਸ਼ਨ ਦੀ ਸੇਵਾ** - ਸੱਚੇ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਦਰਬਾਰ ਨੂੰ ਸੁੰਦਰ ਦਿਖ ਦੇਣ ਹਿਤ ਸਾਰੀ-ਸਾਰੀ ਰਾਤ ਸੇਵਾਦਾਰ ਸੇਵਾ ਵਿਚ ਮਸਤ ਰਹਿੰਦੇ ਸਨ। ਇਸ ਸੇਵਾ ਵਿਚ ਆਹਲੂਵਾਲੀਆ ਪਰਿਵਾਰ ਦਾ ਵਿਸ਼ੇਸ਼ ਸਹਿਯੋਗ ਹੈ। ਤਾਜੇ ਗੁਲਾਬ ਅਤੇ ਗੇਂਦੇ ਦੇ

ਫੁੱਲ ਕਲਕੱਤੇ ਤੋਂ ਮੰਗਵਾਏ ਜਾਂਦੇ ਹਨ। ਰੰਗੋਲੀ ਦੀ ਸੇਵਾ ਰੋਪੜ ਦੇ ਬੱਚਿਆਂ ਵਲੋਂ ਕੀਤੀ ਜਾਂਦੀ ਹੈ। ਭਾਈ ਮਨਮੋਹਨ ਸਿੰਘ, ਭਾਈ ਤਰਨਜੀਤ ਸਿੰਘ, ਭਾਈ ਦਰਸ਼ਨ ਸਿੰਘ ਅਤੇ ਹੋਰ ਸੇਵਾਦਾਰ ਇਸ ਸੇਵਾ ਨੂੰ ਬੜੇ ਚਾਅ ਨਾਲ ਸਾਰੀ ਰਾਤ ਰੁਝ ਕੇ ਨਿਭਾਉਂਦੇ ਹਨ।

63. **ਡੈਕੋਰੇਸ਼ਨ ਲਾਇਟਾਂ ਦੀ ਮਨਾਹੀ** – ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ ਦੇ ਰੋਸ ਕਾਰਨ ਇਸ ਵਾਰੀ ਲਾਇਟਾਂ ਵਾਲੀਆਂ ਲੜੀਆਂ ਨਹੀਂ ਜਗਾਈਆਂ ਗਈਆਂ।

64. **ਐਂਬੂਲੈਂਸ ਸੇਵਾ** – ਕਿਸੇ ਵੀ ਤਰ੍ਹਾਂ ਦੀ ਐਮਰਜੈਂਸੀ ਲਈ ਹਸਪਤਾਲ ਦੀ ਐਂਬੂਲੈਂਸ ਹਰ ਵੇਲੇ ਹਾਜ਼ਰ ਰਹੀ ਜੋ ਲੋੜ ਪੈਣ ਤੇ ਵਰਤੀ ਗਈ।

65. **ਜੇ.ਸੀ.ਬੀ ਅਤੇ ਕਰੇਨ ਦਾ ਪ੍ਰਬੰਧ** – ਟਰੈਫਿਕ ਕੰਟਰੋਲ ਲਈ ਜਾਂ ਹੋਰ ਭਾਰੀ ਕੰਮ ਲਈ ਜੇ.ਸੀ.ਬੀ ਅਤੇ ਕਰੇਨ ਦਾ ਵਿਸ਼ੇਸ਼ ਇੰਤਜ਼ਾਮ ਸੀ।

66. **ਆਤਮ ਮਾਰਗ ਸਟਾਲ** – ਪੂਰੇ ਸਮਾਗਮ ਵਿਚ ਆਤਮ ਮਾਰਗ ਸਟਾਲਾਂ ਖਿੱਚ ਦਾ ਕੇਂਦਰ ਰਹੇ। ਦੋ ਥਾਵਾਂ 'ਤੇ ਲਾਏ ਇਨ੍ਹਾਂ ਸਟਾਲਾਂ ਤੇ ਪਾਠਕ ਜਨ ਨਵੀਂ ਮੈਂਬਰਸ਼ਿਪ ਤੇ ਮਹਾਂਪੁਰਸ਼ਾਂ ਵਲੋਂ ਲਿਖਤ ਸਾਹਿਤ ਲੈ ਕੇ ਤ੍ਰਿਪਤ ਹੋ ਰਹੇ ਸਨ। ਸਾਰੀਆਂ ਪੁਸਤਕਾਂ ਅਤੇ ਆਤਮ ਮਾਰਗ ਦੀ ਮੈਂਬਰਸ਼ਿਪ ਅੱਧੀ ਭੇਟਾ 'ਤੇ ਦਿਤੀ ਜਾ ਰਹੀ ਸੀ ਤਾਂ ਜੋ ਗੁਰੂ ਨਾਨਕ ਸਾਹਿਬ ਦਾ ਮੈਸੇਜ ਘਰ-ਘਰ ਪਹੁੰਚ ਸਕੇ।

67. **ਕਕਾਰਾਂ ਦਾ ਪ੍ਰਬੰਧ** – ਕਕਾਰਾਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ।

68. **ਪ੍ਰਾਈਵੇਟ ਸਕਿਊਰਟੀ** – ਹਰ ਤਰ੍ਹਾਂ ਦੀ ਘਟਨਾ ਤੇ ਨਜ਼ਰਸਾਨੀ ਰੱਖਣ ਲਈ ਪ੍ਰਾਈਵੇਟ ਸਕਿਊਰਟੀ ਦਾ ਵੀ ਵਿਸ਼ੇਸ਼ ਪ੍ਰਬੰਧ ਸੀ ਤਾਂ ਜੋ ਸੰਗਤਾਂ ਨੂੰ ਕਿਸੇ ਕਿਸਮ ਦੀ ਮੁਸ਼ਕਿਲ ਨਾ ਆਵੇ।

69. **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਪੰਜ ਪਿਆਰੇ** – ਸਤਿਗੁਰਾਂ ਦੇ ਪਵਿੱਤਰ ਸਰੂਪ ਦੀ ਸੇਵਾ ਵਿਚ ਇਕ ਸਿੰਘ ਤਾਬੇ ਅਤੇ ਤਰ-ਬਰ-ਤਿਆਰ ਪੰਜ ਸਿੰਘ ਹਰ ਸਮੇਂ ਹਾਜ਼ਰ ਰਹਿੰਦੇ ਸਨ।

70. **ਦਰਸ਼ਨੀ ਸਿੰਘ** – ਸਟੇਜ ਉਤੇ ਬਾਣੀ ਅਤੇ ਬਾਣੇ ਦੀ ਧਾਰਨੀ ਦਰਸ਼ਨੀ ਸਿੰਘ ਹਰ ਵੇਲੇ ਸਸ਼ੋਭਤ ਰਹਿੰਦੇ ਸਨ।

71. **ਜੋੜਾ ਘਰ** – ਸੰਗਤਾਂ ਦੀ ਸੇਵਾ ਅਤੇ ਚਰਨ ਧੂੜ ਪ੍ਰਾਪਤ ਕਰਨ ਲਈ ਪੰਜ ਜੋੜਾ ਘਰ ਰੱਖੇ ਗਏ। ਇਨ੍ਹਾਂ ਵਿਚ ਵਿਸ਼ੇਸ਼ ਤੌਰ ਤੇ ਬਾਬਾ ਜੋਗਿੰਦਰ ਸਿੰਘ ਕਜਹੇੜੀ, ਬਾਬਾ ਜੋਗਿੰਦਰ ਸਿੰਘ ਬਨੂੜ, ਭਾਈ ਘਨੱਈਆਂ ਜਥਾ ਜਾਂਡਲਾ (ਨਵਾਂ ਸ਼ਹਿਰ) ਲਾਡਵੇ ਵਾਲਾ ਜਥਾ ਅਤੇ ਬਰਸਾਲਪੁਰ ਦੇ ਜਥੇ ਨੇ ਸੇਵਾ ਨਿਭਾਈ। ਇਹ ਸੇਵਾਦਾਰ ਸੰਗਤਾਂ ਦੇ ਜੋੜੇ ਪਿਆਰ ਅਤੇ ਸ਼ਰਧਾ ਨਾਲ ਲੈ ਕੇ ਪਾਲਿਸ਼ ਕਰਕੇ ਸਜਾ ਕੇ ਰਖਦੇ। ਇਨ੍ਹਾਂ ਨੇ ਅਤੀ ਸ਼ਲਾਘਾਯੋਗ ਸੇਵਾ ਨਿਭਾਈ।

72. **ਬਰਤਣ ਮਾਂਜਣ ਦੀ ਸੇਵਾ** – ਸੰਗਤ ਦੇ ਜੂਠੇ ਬਰਤਨ ਮਾਂਜਣਾ ਆਪਣੇ ਮਨ ਦੀ ਸਫਈ ਕਰਨਾ ਹੈ। ਇਸ ਪ੍ਰਥਾਇ ਅਨੇਕਾਂ ਬੀਬੀਆਂ ਇਹ ਸੇਵਾ ਦਿਨ ਰਾਤ ਨਿਭਾ ਰਹੀਆਂ ਸਨ।

73. **ਸਕੂਲੀ ਬੱਚਿਆਂ ਵਲੋਂ ਪੇਸ਼ ਉਪੇਰਾ ਖੂਨੀ ਚਰਖੜੀ** – ਸਮਾਗਮ ਦੇ ਪਹਿਲੇ ਦਿਨ 1.00 ਵਜੇ ਟਰੱਸਟ ਰਤਵਾੜਾ ਸਾਹਿਬ ਦੇ ਸਕੂਲੀ ਬੱਚਿਆਂ ਦਾ ਧਾਰਮਿਕ ਸਮਾਰੋਹ ਸੀ। ਇਸ ਪ੍ਰੋਗਰਾਮ ਵਿਚ ਸਕੂਲ ਦੇ ਬੱਚਿਆਂ ਵਲੋਂ ਸ਼ਹੀਦਾਂ ਦੀ ਦਾਸਤਾਨ ਨੂੰ ਪੇਸ਼ ਕਰਦਾ ਉਪੇਰਾ ਖੂਨੀ ਚਰਖੜੀ ਦਿਖਾਇਆ ਗਿਆ। ਇਸ ਨੂੰ ਦੇਖ ਕੇ ਆਪਣੇ ਵਿਰਸੇ ਨਾਲ ਜੁੜਨ ਦਾ ਮੌਕਾ ਮਿਲਿਆ।

74. **ਰੰਗਦਾਰ ਝੰਡੇ** – ਕੰਪਲੈਕਸ ਦੇ ਚੌਗਿਰਦੇ ਵਿਚ ਰੰਗਦਾਰ ਝੰਡੇ ਸੁਭਾਇਮਾਨ ਸਨ। ਇਹ ਸੁੰਦਰਤਾ ਵਿਚ ਵਾਧਾ ਕਰਨ ਵਿਚ ਆਪਣਾ ਪੂਰਾ ਯੋਗਦਾਨ ਪਾ ਰਹੇ ਸਨ।

75. **ਕੇਸਰੀ ਝੰਡੇ** – ਚੌਗਿਰਦੇ ਵਿਚ ਲੱਗੇ ਕੇਸਰੀ ਝੰਗੇ ਸਾਡੀ ਵਿਰਾਸਤ ਦੇ ਫਖਰ ਨੂੰ ਉਜਾਗਰ ਕਰ ਰਹੇ ਸਨ। ਖਾਲਸਾਈ ਜਾਹੋ ਜਲਾਲ ਵਿਚ ਰੰਗਿਆ ਰਤਵਾੜਾ ਸਾਹਿਬ ਆਪਣੇ ਆਪ ਵਿਚ ਅਲੌਕਿਕ ਸੀ।

76. **ਅੰਮ੍ਰਿਤ ਵੇਲੇ ਦਾ ਨਾਮ ਸਿਮਰਨ** – ਰੋਜ਼ਾਨਾ ਅੰਮ੍ਰਿਤ ਵੇਲੇ ਪਿਆਰੇ ਮਹਾਂਪੁਰਸ਼ਾਂ ਵਲੋਂ ਦਰਸਾਈ ਜੁਗਤਿ ਅਨੁਸਾਰ ਨਾਮ ਸਿਮਰਨ ਹੁੰਦਾ ਸੀ। ਮਨ ਨੂੰ ਰੋਕ ਕੇ ਸਮਾਧੀ ਸਥਿਤ ਹੋਣ ਦਾ ਵਿਸ਼ੇਸ਼ ਸਮਾਂ ਪ੍ਰਾਪਤ ਹੋਇਆ।

77. **ਆਸਾ ਦੀ ਵਾਰ** – ਚਾਰੋਂ ਦਿਨ ਵੱਖ-ਵੱਖ ਜਥਿਆਂ ਵਲੋਂ ਆਸਾ ਦੀ ਵਾਰ ਦੇ ਕੀਰਤਨ ਰਾਹੀਂ ਅੰਮ੍ਰਿਤ ਵਰਖਾ ਹੁੰਦੀ। ਵਿਸ਼ੇਸ਼ ਤੌਰ ਤੇ ਬੀਬੀਆਂ ਦੇ ਜਥਿਆਂ ਵਲੋਂ ਆਸਾ ਦੀ ਵਾਰ ਦਾ ਕੀਰਤਨ ਅਨੰਦਾਇਕ ਸੀ।

78. **ਸੰਗਤਾਂ ਦੇ ਦਰਸ਼ਨਾਂ ਅਤੇ ਸਟੇਜ ਦੇ ਬਚਨਾਂ ਤੋਂ ਪ੍ਰਭਾਵਿਤ ਪੁਲਿਸ ਅਫਸਰ** – ਇਥੋਂ ਦੇ ਰੂਹਾਨੀ ਵਾਤਾਵਰਣ ਵਿਚ ਰੰਗੇ ਪੁਲਿਸ ਅਫਸਰਾਂ ਨੇ ਅੱਗੇ ਤੋਂ ਸ਼ਰਾਬ ਨਾ ਪੀਣ ਦਾ ਪ੍ਰਣ ਕੀਤਾ। ਇਹ ਰੂਹਾਨੀ ਵਾਤਾਵਰਣ ਦਾ ਪ੍ਰਤੱਖ ਅਸਰ ਸੀ।

79. **ਅਲੌਕਿਕ ਅਤੇ ਨਿਵੇਕਲਾ ਕਰਾਰ** – ਇਸ ਸਮਾਗਮ ਵਿਚ ਪਹਿਲੀ ਵਾਰ ਸ਼ਿਰਕਤ ਕਰਨ ਵਾਲੀਆਂ ਹਸਤੀਆਂ ਨੇ ਇਸ ਨੂੰ ਨਿਵੇਕਲਾ ਅਤੇ ਅਲੌਕਿਕ ਕਹਿ ਕੇ ਸਤਿਕਾਰਿਆ। ਉਨ੍ਹਾਂ ਪ੍ਰੇਮੀਆਂ ਅਨੁਸਾਰ ਇਹੋ ਜਿਹਾ ਰੂਹਾਨੀ

ਵਾਤਾਵਰਣ ਘੱਟ ਹੀ ਦੇਖਣ ਨੂੰ ਮਿਲਿਆ ਹੈ।

**80. ਰਤਵਾੜਾ ਸਾਹਿਬ ਤੋਂ ਮਿਲੇ ਪਿਆਰ ਦੇ ਨਿੱਘ ਤੋਂ ਪ੍ਰਭਾਵਿਤ ਗੁਲਾਮ ਹੈਦਰ ਕਾਦਰੀ ਜੀ –** ਸੂਫੀ ਮੱਤ ਨਾਲ ਸਬੰਧਿਤ ਗੁਲਾਮ ਹੈਦਰ ਕਾਦਰੀ ਜੀ ਬਰਨਾਲੇ ਵਾਲੇ ਪਹਿਲੀ ਵਾਰ ਰਤਵਾੜਾ ਸਾਹਿਬ ਆਏ। ਉਨ੍ਹਾਂ ਨੇ ਇਥੋਂ ਦੇ ਮਹਾਂਪੁਰਸ਼ਾਂ ਅਤੇ ਸੇਵਾਦਾਰਾਂ ਤੋਂ ਜੋ ਪਿਆਰ ਮਾਣਿਆ ਉਸ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਆਪਣੀ ਜ਼ੁਬਾਨੀ ਬਚਨ ਕੀਤਾ ਕਿ ਮੇਰਾ ਮਨ ਬਹੁਤ ਖੁਸ਼ ਹੋਇਆ, ਬਹੁਤ ਪਿਆਰ ਮੈਨੂੰ ਇਥੋਂ ਅੱਜ ਪ੍ਰਾਪਤ ਹੋਇਆ।

**81. ਸੱਚੇ ਮਾਰਗ ਚਲਦਿਆ ਉਸਤਤਿ ਕਰੇ ਜਹਾਨ –** ਸੰਸਥਾ ਨੂੰ ਸਮੇਂ ਦੀ ਹਾਣੀ ਬਣਾ ਕੇ ਚਲਾਉਣਾ ਇਹ ਸੂਝਵਾਨ ਆਗੂਆਂ ਦੀ ਨਿਸ਼ਾਨੀ ਹੁੰਦੀ ਹੈ। ਟਰੱਸਟ ਰਤਵਾੜਾ ਸਾਹਿਬ ਦੇ ਮੁਖੀ ਮਹਾਂਪੁਰਸ਼ਾਂ ਵਲੋਂ ਮੌਜੂਦਾ ਸਮੇਂ ਵਿਚ ਦਿਤੀ ਪੰਥਕ ਅਗਵਾਈ ਦੀ ਸ਼ਲਾਘਾ ਸਾਰੇ ਬੁਲਾਰਿਆਂ ਵਲੋਂ ਕੀਤੀ ਗਈ। ਸੱਚ ਨਾਲ ਜੁੜਿਆਂ ਹੀ ਸੱਚ ਤੇ ਪਹਿਰਾ ਦਿਤਾ ਜਾ ਸਕਦਾ ਹੈ।

**82. ਸਿਆਸੀ ਆਗੂ ਸੰਗਤ ਰੂਪ ਵਿਚ** - ਇਸ ਵਾਰੀ ਇਸ ਸਮਾਗਮ ਵਿਚ ਹਰ ਪਾਰਟੀ ਦੇ ਸਿਆਸੀ ਆਗੂ ਨੇ ਸੰਗਤ ਵਿਚ ਬੈਠ ਕੇ ਪ੍ਰਵਚਨ ਸੁਣੇ। ਸਭ ਆਗੂਆਂ ਨੂੰ ਬਰਾਬਰ ਦਾ ਮਾਣ ਸਤਿਕਾਰ ਦਿਤਾ ਗਿਆ।

**83. ਚੇਅਰਮੈਨ-ਐਨ.ਆਰ.ਆਈ ਮੀਟਿੰਗ –** ਟਰੱਸਟ ਦੇ ਮੌਜੂਦਾ ਮੁਖੀ ਬਾਬਾ ਲਖਬੀਰ ਸਿੰਘ ਜੀ ਵਲੋਂ ਐਨ.ਆਰ.ਆਈ ਸੰਗਤਾਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ। ਟਰੱਸਟ ਦੇ ਭਵਿੱਖਤ ਕਾਰਜਾਂ ਲਈ ਵਿਉਂਤਬੰਦੀ ਕੀਤੀ ਗਈ।

**84. ਬਾਬਾ ਜੀ ਦਾ ਸਾਦਾ ਲਿਬਾਸ –** ਬਾਣੀ ਦੇ ਧਾਰਨੀ ਅਤੇ ਬਾਣੇ ਦੇ ਧਾਰਨੀ ਮੌਜੂਦਾ ਮੁਖੀ ਬਾਬਾ ਲਖਬੀਰ ਸਿੰਘ ਜੀ ਸਾਦੇ ਲਿਬਾਸ ਵਿਚ ਵਿਚਰਦੇ ਹਨ। ਆਪ ਜੀ ਅਕਸਰ ਬਚਨ ਕਰਦੇ ਹਨ ਕਿ ਜੀਵਨ ਹੀ ਪ੍ਰਚਾਰ ਹੈ। ਮਰਿਆਦਾ ਵਿਚ ਰਹਿ ਕੇ ਹੀ ਖਾਣਾ ਤੇ ਪਹਿਨਣਾ ਚਾਹੀਦਾ ਹੈ। ਆਪ ਜੀ ਦੇ ਸਾਦੇ ਜੀਵਨ ਅਤੇ ਸਰਲ ਸੁਭਾਅ ਤੋਂ ਅਨੇਕਾਂ ਨਾਮਵਾਰ ਹਸਤੀਆਂ ਪ੍ਰਭਾਵਿਤ ਹੋਈਆਂ।

**85. ਸੇਵਾਦਾਰਾਂ ਦੀ ਭਾਵਨਾ –** ਸਮਾਗਮ ਵਿਚ ਸੰਗਤਾਂ ਦੀ ਸੇਵਾ ਵਿਚ ਰੁਝੇ ਹਰ ਮਾਈ-ਭਾਈ ਚੜ੍ਹਦੀ ਕਲਾ ਵਿਚ ਨਜ਼ਰ ਆ ਰਹੇ ਸਨ। ਇਹ ਸੰਗਤਾਂ ਨੂੰ ਗੁਰੂ ਰੂਪ ਸਮਝ ਕੇ ਸੇਵਾ ਨਿਭਾ ਰਹੇ ਸਨ। ਕਿਸੇ ਕਿਸਮ ਦੇ ਅਕੇਵੇਂ-ਥਕੇਵੇਂ ਤੋਂ ਰਹਿਤ ਸੇਵਾਦਾਰਾਂ ਦਾ ਨੂਰ ਨਾਮ ਬਾਣੀ ਦੇ ਰੰਗ ਦਾ ਪ੍ਰਤੱਖ ਸਬੂਤ ਸੀ।

**86. ਸਮਾਗਮ ਦੀ ਸਫਲਤਾ ਲਈ ਪੰਜ ਸਿੰਘਾਂ ਵਲੋਂ ਅਰਦਾਸ –** ਸਮਾਗਮ ਆਰੰਭ ਹੋਣ ਤੋਂ ਪਹਿਲਾਂ ਬਾਬਾ ਜੀ ਦੇ ਬਚਨਾਂ ਅਨੁਸਾਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁੱਖ ਵਿਧੀ ਅਨੁਸਾਰ ਦੇਗ ਤਿਆਰ ਕਰਕੇ ਪੰਜ ਤਰ-ਬਰ-ਤਿਆਰ ਸਿੰਘਾਂ ਵਲੋਂ ਸਫਲਤਾ ਦੀ ਅਰਦਾਸ ਕੀਤੀ ਗਈ। ਸੱਚੇ ਪਾਤਸ਼ਾਹ ਦੀ ਬਖਸ਼ਿਸ਼ ਸਦਕਾ ਸਮਾਗਮ ਨਿਰਵਿਘਨ ਸੰਪੂਰਨ ਹੋਇਆ। 'ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ ॥'

**87. ਜਲ ਦਾ ਛਿੜਕਾਅ –** ਸਮਾਗਮ ਤੋਂ 3 ਦਿਨ ਪਹਿਲੇ ਰਤਵਾੜਾ ਸਾਹਿਬ ਅਤੇ ਆਲੇ-ਦੁਆਲੇ ਪਈ ਬਾਰਿਸ਼ ਨਾਲ ਧੂੜ-ਘੱਟ ਦਬ ਗਈ, ਦਰਖਤ ਅਤੇ ਵਾਤਾਵਾਣ ਧੋਤਾ ਗਿਆ। ਫਿਰ ਵੀ ਵਿਸ਼ੇਸ਼ ਟੈਂਕਰਾਂ ਰਾਹੀਂ ਲੋੜ ਅਨੁਸਾਰ ਪਾਣੀ ਦਾ ਛਿੜਕਾਅ ਜਾਰੀ ਰਿਹਾ।

**88. ਫਾਇਰ ਬ੍ਰਿਗੇਡ ਦਾ ਪ੍ਰਬੰਧ –** ਕਿਸੇ ਵੀ ਅਣਸੁਖਾਵੀ ਘਟਨਾ ਨੂੰ ਰੋਕਣ ਲਈ ਅੱਗ ਬੁਝਾਊ ਗੱਡੀ ਤਾਇਨਾਤ ਕੀਤੀ ਗਈ। ਪ੍ਰਸਾਸ਼ਨ ਵਲੋਂ ਵੀ ਤੀਜੇ ਦਿਨ ਇਕ ਗੱਡੀ ਭੇਜੀ ਗਈ।

**89. ਸੀ.ਟੀ.ਯੂ ਅਤੇ ਪ੍ਰਾਈਵੇਟ ਬੱਸਾਂ –** ਰਤਵਾੜਾ ਸਾਹਿਬ ਨੂੰ ਚੰਡੀਗੜ੍ਹ, ਖਰੜ ਅਤੇ ਕੁਰਾਲੀ ਤੋਂ ਵਿਸ਼ੇਸ਼ ਸੀ.ਟੀ.ਯੂ ਅਤੇ ਪ੍ਰਾਈਵੇਟ ਟਰਾਂਸਪੋਰਟ ਦਾ ਇੰਤਜ਼ਾਮ ਸੀ। ਸੰਗਤਾਂ ਇਨ੍ਹਾਂ ਸ਼ਹਿਰਾਂ ਤੋਂ ਆਸਾਨੀ ਨਾਲ ਆ ਜਾ ਰਹੀਆਂ ਸਨ।

**90. ਚੌਗਿਰਦੇ ਦੀ ਅਗੇਤੀ ਸਫਾਈ –** ਸਮਾਗਮ ਤੋਂ 10 ਦਿਨ ਪਹਿਲਾਂ ਯੂ.ਪੀ ਤੋਂ ਭਾਈ ਬਾਵਾ ਸਿੰਘ ਦੀ ਅਗਵਾਈ ਵਿਚ 30 ਸੇਵਾਦਾਰਾਂ ਦਾ ਵਿਸ਼ੇਸ਼ ਜਥਾ ਰਤਵਾੜਾ ਸਾਹਿਬ ਪਹੁੰਚਿਆ। ਇਨ੍ਹਾਂ ਸੇਵਾਦਾਰਾਂ ਨੇ ਬੜੀ ਮਿਹਨਤ ਨਾਲ 50 ਏਕੜ ਦੇ ਚੌਗਿਰਦੇ ਨੂੰ ਨਵੀਂ ਦਿਖ ਦਿਤੀ। ਗੁਰੂ ਇਨ੍ਹਾਂ ਦੀ ਕੀਤੀ ਸੇਵਾ ਘਾਲਣਾ ਥਾਂਇ ਪਾਣ।

**91. ਤਣਾਅ ਰਹਿਤ ਪ੍ਰਬੰਧਕ –** ਇਤਨੇ ਵੱਡੇ ਪ੍ਰਬੰਧ ਵਿਚ ਸਾਰੇ ਪ੍ਰਬੰਧਕ ਸੇਵਾਦਾਰ ਤਨਾਅ ਤੋਂ ਰਹਿਤ ਸਨ। ਕਿਸੇ ਪਾਸੇ ਕੋਈ ਦੌੜ ਭੱਜ ਨਹੀਂ ਸੀ। ਸਾਰੇ ਪ੍ਰਬੰਧਕ ਸਹਿਜ ਅਤੇ ਸ਼ਾਂਤੀਪੂਰਵਕ ਸੇਵਾ ਨਿਭਾ ਰਹੇ ਸਨ।

**92. ਪੰਡਾਲ ਵਾਲੀ ਥਾਂ ਨੂੰ ਨਵਾਂ ਰੂਪ –** ਸਮੁੱਚੇ ਦੀਵਾਨ ਹਾਲ ਨੂੰ ਪਾਣੀ ਨਾਲ ਤਰ ਕਰਕੇ ਉਪਰ ਬਲਡੋਜ਼ਰ ਘੁਮਾ ਕੇ ਫਰਸ਼ ਦਾਰੂਪ ਦਿਤਾ ਗਿਆ। ਪਰਾਲੀ ਅਤੇ ਸੋਹਣੇ ਮੈਟ ਵਿਛਾ ਕੇ ਗੱਦੇਦਾਰ ਬਣਾਇਆ ਗਿਆ ਤਾਂ ਜੋ ਸੰਗਤਾਂ ਲੰਮੇ ਸਮੇਂ ਤੱਕ ਬੈਠਣ 'ਤੇ ਵੀ ਥਕਾਵਟ ਮਹਿਸੂਸ ਨਾ ਕਰਨ।

**93. ਚੌਥਾ ਗੇਟ –** ਕੰਪਲੈਕਸ ਦਾ ਚੌਥਾ ਗੇਟ ਐਨ.ਆਰ.ਆਈ ਕੰਪਲੈਕਸ ਦੇ ਸਾਮ੍ਹਣੇ ਸੀ। ਇਸ ਗੇਟ ਰਾਹੀਂ ਵਿਸ਼ੇਸ਼ ਤੌਰ ਤੇ ਸੰਤ ਮਹਾਂਪੁਰਸ਼, ਰਾਗੀ, ਢਾਡੀ ਜਥੇ ਆ ਜਾ ਰਹੇ ਸਨ। ਪੁਲਿਸ ਵਾਲਿਆਂ ਲਈ ਲੰਗਰ ਦਾ ਪ੍ਰਬੰਧ ਇਸੇ ਗੇਟ ਦੇ ਸਾਮ੍ਹਣੇ ਸੀ।

**94. ਨਵੀਆਂ ਪੁਸਤਕਾਂ ਦੀ ਸੰਪਾਦਨਾ–** ਅਦਾਰਾ

'ਆਤਮ ਮਾਰਗ' ਵਲੋਂ 7 ਦੇ ਕਰੀਬ ਨਵੀਆਂ ਪੁਸਤਕਾਂ ਦੀ ਦੀ ਸੰਪਾਦਨਾ ਕੀਤੀ ਗਈ ਜੋ ਕਿ ਸਮਾਗਮ ਦੇ ਸਮੇਂ ਰਿਲੀਜ਼ ਕੀਤੀਆਂ ਗਈਆਂ। ਇਨ੍ਹਾਂ ਪੁਸਤਕਾਂ ਵਿਚੋਂ 'ਅੰਦਰਲੀ ਖੋਜ' ਪੁਸਤਕ ਵਿਸ਼ੇਸ਼ ਤੌਰ ਤੇ ਹਰਮਨ ਪਿਆਰੀ ਹੋਈ। 150 ਦੀ ਗਿਣਤੀ ਵਿਚ ਛਪ ਕੇ ਆਈਆਂ ਪੁਸਤਕਾਂ ਹੱਥੋਂ ਹੱਥੀ ਇਕ ਘੰਟੇ ਦੇ ਅੰਦਰ-ਅੰਦਰ ਸੰਗਤਾਂ ਨੇ ਪ੍ਰਾਪਤ ਕਰ ਲਈਆਂ। ਹੋਰਨਾਂ ਨੂੰ ਬਾਅਦ ਵਿਚ ਭੇਜਣ ਦਾ ਵਾਅਦਾ ਕੀਤਾ ਗਿਆ।

**95. ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਹਿਤ –** ਸਤਿਗੁਰਾਂ ਦੇ ਪਵਿੱਤਰ ਸਰੂਪ ਨੂੰ ਦੀਵਾਨ ਹਾਲ ਲੈ ਕੇ ਜਾਣ ਅਤੇ ਵਾਪਸ ਲਿਆਉਣ ਦਾ ਜਾਹੋ ਜਲਾਲ ਆਪਣੀ ਮਿਸਾਲ ਆਪ ਸੀ। ਸਾਜਾਂ ਨਾਲ ਸੁਰੀਲੀ ਅਵਾਜ਼ ਵਿਚ ਸੰਗਤਾਂ ਕੀਰਤਨ ਕਰਦੀਆਂ, ਸ਼ਬਦ ਪੜ੍ਹਦੀਆਂ ਨਾਲ ਆਉਂਦੀਆਂ ਅਤੇ ਜਾਂਦੀਆਂ। ਸੱਚੇ ਪਾਤਸ਼ਾਹ ਦੇ ਮਾਣ ਸਤਿਕਾਰ ਦੀ ਵਿਸ਼ੇਸ਼ ਪ੍ਰੇਰਨਾ ਇਸ ਦ੍ਰਿਸ਼ ਤੋਂ ਪ੍ਰਾਪਤ ਹੋ ਰਹੀ ਸੀ।

**96. ਸਟੇਜ ਸਕੱਤਰ ਦੀ ਸੇਵਾ –** ਸਟੇਜ ਸਕੱਤਰ ਦੀ ਸੇਵਾ ਭਾਈ ਜਸਵੰਤ ਸਿੰਘ ਅਤੇ ਪ੍ਰੋ. ਗੁਰਦੇਵ ਨੇ ਬਾਖੂਬੀ ਨਿਭਾਈ।

**97. ਸਿਰੋਪਿਆਂ ਲਈ ਸਹਿਯੋਗ –** ਸਿਰੋਪੇ ਦੇਣ ਦੀ ਤਿਆਰੀ ਕਰਨ ਵਿਚ ਵਿਸ਼ੇਸ਼ ਦੋ ਸੇਵਾਦਾਰ ਸਟੇਜ 'ਤੇ ਤਤਪਰ ਰਹਿੰਦੇ ਸਨ। ਇੰਟਰਕਾਮ ਸੁਣਨ ਦੀ ਸੇਵਾ ਵੀ ਇਨ੍ਹਾਂ ਵਲੋਂ ਨਿਭਾਈ ਜਾ ਰਹੀ ਸੀ।

**98. ਸਮਾਗਮ ਦੀ ਛਾਪ –** ਇਹ ਸਮਾਗਮ ਆਖਰੀ ਦਿਨ ਆਪਣੀ ਨਿਵੇਕਲੀ ਛਾਪ ਛੱਡ ਕੇ ਗਿਆ। ਆਖਰੀ ਦਿਨ ਦਾ ਸੁਨੇਹਾ ਸੀ ਕਿ ਗੁਰੂ ਦੀ ਬਾਣੀ, ਗੁਰੂ ਅਦਬ ਸਤਿਕਾਰ ਕਰਨਾ ਹਰ ਗੁਰਸਿੱਖ ਦਾ ਪਰਮ ਫਰਜ਼ ਹੈ। ਇਸ ਦੀ ਬੇਅਦਬੀ ਕਦਾਚਿਤ ਵੀ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਰਬ ਸਾਂਝੀਵਾਲਤਾ ਦਾ ਉਪਦੇਸ਼ ਦੇ ਰਹੇ ਹਨ। ਇਥੇ ਸਰਬੱਤ ਦੇ ਭਲੇ ਦੀ ਅਰਦਾਸ ਹੈ।

**99. ਸੰਪੂਰਨਤਾ ਦੀ ਅਰਦਾਸ ਸੇਵਾ –** ਸੰਪਨਤਾ ਦੀ ਅਰਦਾਸ ਦੀ ਸੇਵਾ ਦਾਸ (ਸੁਖਵਿੰਦਰ ਸਿੰਘ) ਤੋਂ ਲਈ ਗਈ। ਸਾਰਿਆਂ ਸੇਵਾਦਾਰਾਂ ਵਲੋਂ ਕੀਤੀਆਂ ਸੇਵਾਵਾਂ ਪ੍ਰਤੀ ਸੱਚੇ ਪਾਤਸ਼ਾਹ ਦਾ ਕੋਟਿ ਕੋਟਿ ਧੰਨਵਾਦ ਕੀਤਾ।

**100. ਸੰਗਤਾਂ ਦਾ ਧੰਨਵਾਦ –** ਟਰੱਸਟ ਦੇ ਮੌਜੂਦਾ ਮੁਖੀ ਬਾਬਾ ਲਖਬੀਰ ਸਿੰਘ ਜੀ ਵਲੋਂ ਅਖੀਰ ਵਿਚ ਸਾਰੀਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ।ਸੇਵਾ ਵਿਚ ਰਹੀਆਂ ਊਣਤਾਈਆਂ ਨੂੰ ਦੂਰ ਕਰਨ ਲਈ ਬਚਨ ਬੱਧਤਾ ਪ੍ਰਗਟਾਈ। ਇਸੇ ਤਰ੍ਹਾਂ ਸੰਗਤਾਂ ਵਲੋਂ ਪਿਆਰ ਅਤੇ ਸਹਿਯੋਗ ਦੀ ਆਸ ਪ੍ਰਗਟਾਈ।

**101. ਨਾਮ ਬਾਣੀ ਨਾਲ ਸਰਸ਼ਾਰ ਸੰਗਤਾਂ –** ਚਾਰ ਦਿਨਾਂ ਦੇ ਇਸ ਸਮਾਗਮ ਦੇ ਰੂਹਾਨੀ ਰੰਗ ਵਿਚ ਰੰਗੀਆਂ ਸੰਗਤਾਂ ਨੇ ਆਪਣੇ ਘਰਾਂ, ਸ਼ਹਿਰਾਂ ਅਤੇ ਨਗਰਾਂ ਨੂੰ ਚਾਲੇ ਪਾਏ। ਸੇਵਾ, ਸਿਮਰਨ ਦੇ ਮਹਾਨ ਕੁੰਭ ਵਿਚ ਟੁੱਬੀਆਂ ਲਾ ਸੰਗਤਾਂ ਵੱਡਾ ਤੋਸਾ ਲੈ ਕੇ ਅਗਲੇ ਸਾਲ ਦੇ ਸਮਾਗਮ ਦੇ ਦਰਸ਼ਨਾਂ ਦੀ ਅਰਦਾਸ ਕਰਕੇ ਵਾਪਸ ਪਰਤੀਆਂ।

**ਹੁਕਮਨਾਮੇ ਦੀ ਬਖਸ਼ਿਸ਼ –** ਸੱਚੇ ਪਾਤਸ਼ਾਹ ਨੇ ਹੁਕਮਾਮੇ ਦੀ ਬਖਸ਼ਿਸ਼ ਕੀਤੀ। ਹੁਕਮਨਾਮਾ ਆਇਆ-

*ਧਨਾਸਰੀ ਮਹਲਾ ੩ ॥*
*ਕਾਚਾ ਧਨੁ ਸੰਚਹਿ ਮੂਰਖ ਗਾਵਾਰ ॥*
*ਮਨਮੁਖ ਭੂਲੇ ਅੰਧ ਗਾਵਾਰ ॥*
*ਬਿਖਿਆ ਕੈ ਧਨਿ ਸਦਾ ਦੁਖੁ ਹੋਇ ॥*
*ਨਾ ਸਾਥਿ ਜਾਇ ਨ ਪਰਾਪਤਿ ਹੋਇ ॥ ੧ ॥*
*ਸਾਚਾ ਧਨੁ ਗੁਰਮਤੀ ਪਾਏ ॥*
*ਕਾਚਾ ਧਨੁ ਫੁਨਿ ਆਵੈ ਜਾਏ ॥ ਰਹਾਉ ॥*
*ਮਨਮੁਖਿ ਭੂਲੇ ਸਭਿ ਮਰਹਿ ਗਵਾਰ ॥*
*ਭਵਜਲਿ ਡੂਬੇ ਨ ਉਰਵਾਰਿ ਨ ਪਾਰਿ ॥*
*ਸਤਿਗੁਰੁ ਭੇਟੇ ਪੂਰੈ ਭਾਗਿ ॥*
*ਸਾਚਿ ਰਤੇ ਅਹਿਨਿਸਿ ਬੈਰਾਗਿ ॥ ੨ ॥*
*ਚਹੁ ਜੁਗ ਮਹਿ ਅੰਮ੍ਰਿਤੁ ਸਾਚੀ ਬਾਣੀ ॥*
*ਪੂਰੈ ਭਾਗਿ ਹਰਿ ਨਾਮਿ ਸਮਾਣੀ ॥*
*ਸਿਧ ਸਾਧਿਕ ਤਰਸਹਿ ਸਭਿ ਲੋਇ ॥*
*ਪੂਰੈ ਭਾਗਿ ਪਰਾਪਤਿ ਹੋਇ ॥ ੩ ॥*
*ਸਭੁ ਕਿਛੁ ਸਾਚਾ ਸਾਚਾ ਹੈ ਸੋਇ ॥*
*ਊਤਮ ਬ੍ਰਹਮੁ ਪਛਾਣੈ ਕੋਇ ॥*
*ਸਚੁ ਸਾਚਾ ਸਚੁ ਆਪਿ ਦ੍ਰਿੜਾਏ ॥*
*ਨਾਨਕ ਆਪੇ ਵੇਖੈ ਆਪੇ ਸਚਿ ਲਾਏ ॥ ੪ ॥ ੭ ॥*

ਸੰਗਤਾਂ ਗੁਰੂ ਦੀ ਖੁਸ਼ੀਆਂ ਲੈ ਕੇ ਵਿਦਾਇਗੀ ਲੈਣ ਉਪਰੰਤ ਵਾਪਸ ਤੁਰੀਆਂ।

ਉਪਰੋਕਤ 101 ਵਿਲੱਖਣ ਪ੍ਰਬੰਧਾਂ, ਅਲੌਕਿਕ ਅਤੇ ਨਿਵੇਕਲੇ ਦ੍ਰਿਸ਼ਾਂ ਨੂੰ ਦੇਖਦਿਆਂ ਅਤੇ ਮਾਣਦਿਆਂ ਇਹ ਸਿੱਧ ਹੁੰਦਾ ਹੈ ਕਿ ਵਾਹਿਗੁਰੂ ਜੀ ਆਪ ਸੰਗਤਾਂ ਵਿਚ ਹੋ ਕੇ ਆਪਣਾ ਕਾਰਜ ਆਪ ਕਰਦੇ ਹਨ। '***......ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥***'

*ਕਬੀਰ ਨਾ ਹਮ ਕੀਆ ਨ ਕਰਹਿਗੇ ਨਾ ਕਰਿ ਸਕੈ ਸਰੀਰੁ ॥*
*ਕਿਆ ਜਾਨਉ ਕਿਛੁ ਹਰਿ ਕੀਆ ਭਇਓ ਕਬੀਰੁ ਕਬੀਰੁ ॥*
*ਅੰਗ - ੧੩੬੭*

ਐਸੀ ਅਰਦਾਸ ਕਰਨੀ ਵਾਜ਼ਬ ਹੈ। ਗੁਰੂ ਕ੍ਰਿਪਾ ਕਰਕੇ ਸਭ ਨੂੰ ਆਪਣਾ ਪਿਆਰ, ਨਾਮਦਾਨ ਅਤੇ ਖੁਸ਼ੀਆਂ ਖੇੜਿਆਂ ਭਰਿਆ ਜੀਵਨ ਬਖਸ਼ਿਸ਼ ਕਰਨ।

********

# ਰਹਿਰਾਸ ਸਾਹਿਬ
# (ਗੁਰਬਾਣੀ ਅਰਥ-ਭੰਡਾਰ)

*ਸੰਤ ਹਰੀ ਸਿੰਘ ਜੀ, ਰੰਧਾਵੇ ਵਾਲੇ*

*(ਲੜੀ ਜੋੜਨ ਲਈ ਦੇਖੋ, ਨਵੰਬਰ ਅੰਕ, ਪੰਨਾ-54)*

## ਆਸਾ ਮਹਲਾ ੫

ਆਸਾ ਰਾਗ ਦੇ ਇਸ ਸ਼ਬਦ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਨ ਕਰਦੇ ਹਨ ਕਿ ਮਨੁੱਖਾ ਜਨਮ ਕਿਸ ਵਾਸਤੇ ਮਿਲਿਆ ਹੈ? ਅਤੇ ਇਸ ਦੀ ਸਫਲਤਾ ਕਿਵੇਂ ਹੁੰਦੀ ਹੈ?

### ਭਈ ਪਰਾਪਤਿ; ਮਾਨੁਖ ਦੇਹੁਰੀਆ॥

ਹੇ ਭਾਈ! ਇਹ ਜਿਹੜੀ ਮਾਨੁਖ-ਮਨੁੱਖਾ ਦੇਹੁ=ਦੇਹੀ ਤੈਨੂੰ ਪ੍ਰਾਪਤ ਭਈ=ਹੋਈ ਹੈ, ਇਹ ਦੇਹੁਰੀਆ=ਦੇਹਲੀ (ਦਹਿਲੀਜ਼) ਦੀ ਨਿਆਈਂ ਹੈ, ਭਾਵ ਜਿਵੇਂ ਦੇਹਲੀ 'ਤੇ ਖੜ੍ਹਾ ਮਨੁੱਖ ਅੰਦਰ ਬਾਹਰ ਦੋਵੇਂ ਪਾਸੇ ਆ ਜਾ ਸਕਦਾ ਹੈ, ਉਵੇਂ ਇਸ ਜਨਮ ਤੋਂ ਮੁਕਤੀ ਵਾ: ਆਵਾਗਵਨ ਵਿਚ ਦੋਵੇਂ ਪਾਸੇ ਜਾ ਸਕਦਾ ਹੈ ਅਥਵਾ ਇਹ ਜਿਹੜੀ ਮਨੁੱਖਾ ਦੇਹੁਰੀਆ=ਦੇਹ ਮਿਲੀ ਹੈ, ਇਹ ਪਰਾਪਤਿ=ਪਰਾ=ਉਤਕ੍ਰਿਸ਼ਟ ਭਾਵ ਵੱਡੀ ਪਤਿ=ਇੱਜ਼ਤ ਦੇਣ ਵਾਲੀ ਹੈ, ਭਾਵ ਪ੍ਰਭੂ ਦੀ ਪ੍ਰਾਪਤੀ ਕਰਾਉਣ ਵਾਲੀ ਹੈ ਅਤੇ ਇਸ ਦੀ ਬਾਕੀ ਸਾਰੀਆਂ ਦੇਹਾਂ ਉੱਤੇ ਸਰਦਾਰੀ ਹੈ। ਜੈਸਾ ਕਿ -

*ਅਵਰ ਜੋਨਿ ਤੇਰੀ ਪਨਿਹਾਰੀ॥*
*ਇਸੁ ਧਰਤੀ ਮਹਿ ਤੇਰੀ ਸਿਕਦਾਰੀ॥* *ਅੰਗ - ੩੭੪*
*ਲਖ ਚਉਰਾਸੀਹ ਜੋਨਿ ਸਬਾਈ॥*
*ਮਾਣਸ ਕਉ ਪ੍ਰਭਿ ਦੀਈ ਵਡਿਆਈ॥* *ਅੰਗ - ੧੦੭੫*

### ਗੋਬਿੰਦ ਮਿਲਣ ਕੀ; ਇਹ ਤੇਰੀ ਬਰੀਆ॥

ਗੋਬਿੰਦ=ਪਰਮਾਤਮਾ ਨੂੰ ਮਿਲਣ ਵਾਸਤੇ ਇਹ ਤੇਰੀ ਬਰੀਆ=ਵਾਰੀ ਹੈ। ਯਥਾ -

*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥* *ਅੰਗ - ੧੭੬*
*ਇਹੀ ਤੇਰਾ ਅਉਸਰੁ ਇਹ ਤੇਰੀ ਬਾਰ ॥*
*ਘਟ ਭੀਤਰਿ ਤੂ ਦੇਖੁ ਬਿਚਾਰਿ ॥*
*ਕਹਤ ਕਬੀਰੁ ਜੀਤਿ ਕੈ ਹਾਰਿ ॥*
*ਬਹੁ ਬਿਧਿ ਕਹਿਓ ਪੁਕਾਰਿ ਪੁਕਾਰਿ ॥* *ਅੰਗ - ੧੧੫੯*
*ਇਸ ਦੇਹੀ ਕਉ ਸਿਮਰਹਿ ਦੇਵ॥*
*ਸੋ ਦੇਹੀ ਭਜੁ ਹਰਿ ਕੀ ਸੇਵ॥* *ਅੰਗ - ੧੧੫੯*
*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥*
*ਅੰਗ - ੬੩੧*

ਸੋ ਇਸ ਦੇਹੀ ਨੂੰ ਪਰਮੇਸ਼ਰ ਦਾ ਨਾਮ ਤੇ ਦਰਸ਼ਨ ਹੀ ਸਫਲਾ ਕਰ ਸਕਦੇ ਹਨ। ਜੇ ਵਾਹਿਗੁਰੂ ਵਿਚ ਮਨ ਨਾ ਜੁੜੇ ਤਾਂ ਇਉ ਜੋਦੜੀਆਂ ਕਰੇ ਕਿ ਹੇ ਵਾਹਿਗੁਰੂ -

*ਤੁਮਰੀ ਕ੍ਰਿਪਾ ਤੇ ਮਾਨੁਖ ਦੇਹ ਪਾਈ ਹੈ*
*ਦੇਹੁ ਦਰਸ ਹਰਿ ਰਾਇਆ॥* *ਅੰਗ- ੭੦੬*

ਹੇ ਭਾਈ ਗੁਰਸਿੱਖਾ! ਤੂੰ ਵੀ ਇਸ ਬਰੀਆ=ਮਨੁੱਖਾ ਸਰੀਰ ਰੂਪੀ ਖੁੱਲ੍ਹੇ ਦਰਵਾਜ਼ੇ ਵਿਚ ਪ੍ਰਮਾਤਮਾ ਨੂੰ ਮਿਲਣਾ ਕਰ। ਜੇਕਰ ਹੁਣ ਨਾ ਮਿਲਿਆ ਤਾਂ -

*ਏਥਹੁ ਛੁੜਕਿਆ ਠਉਰ ਨ ਪਾਇ॥* *ਅੰਗ - ੩੬੨*
*ਪਉੜੀ ਛੁੜਕੀ ਫਿਰਿ ਹਾਥਿ ਨ ਆਵੈ*
*ਅਹਿਲਾ ਜਨਮੁ ਗਵਾਇਆ ॥ ੧॥* *ਅੰਗ - ੭੯੬*
*ਸੂਧੇ ਸੂਧੇ ਰੇਗਿ ਚਲਹੁ ਤੁਮ ਨਤਰ ਕੁਧਕਾ ਦਿਵਈਹੈ ਰੇ*
*॥ ੧ ॥* *ਅੰਗ - ੮੫੫*

### ਅਵਰਿ ਕਾਜ; ਤੇਰੇ ਕਿਤੈ ਨ ਕਾਮ॥

ਇਹ ਅਵਰਿ=ਹੋਰ ਕਾਜ=ਕੰਮ ਤੇਰੇ ਕਿਤੇ=ਕਿਸੇ ਦੀ ਕਾਮ=ਕੰਮ ਨਹੀਂ ਆਉਣੇ ਵਾ: ਅਵਰਿ=ਸੰਸਾਰਕ ਧੰਦੇ, ਕਾਰੋਬਾਰ, ਨੌਕਰੀ, ਵਣਜ, ਵਾਪਾਰ, ਖੇਤੀ ਆਦਿ ਕੋਈ ਵੀ ਕੰਮ ਮੁਕਤ ਹੋਣ ਦੇਵਿਚ ਕੰਮ ਨਹੀਂ ਆ ਸਕਦੇ। ਮੁਕਤ ਹੋਣ ਲਈ ਕੇਵਲ -

### ਮਿਲੁ ਸਾਧਸੰਗਤਿ; ਭਜੁ ਕੇਵਲ ਨਾਮ॥

ਸਾਧ ਸੰਗਤਿ ਨਾਲ ਮਿਲ ਕੇ ਕੇਵਲ=ਸਿਰਫ ਉਸ ਪ੍ਰਭੂ ਦੇ ਨਾਮ ਨੂੰ ਭਜੁ=ਸਿਮਰਨਾ ਕਰ, ਕਿਉਂਕਿ ਇਹੋ ਤੇਰੇ ਪ੍ਰਲੋਕ ਵਿਚ ਕੰਮ ਆਉਣ ਵਾਲਾ ਹੈ। ਜੈਸਾ ਕਿ -

*ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥*
*ਜਹ ਮਹਾ ਭਇਆਨ ਦੂਤ ਜਮ ਦਲੈ ॥*
*ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥* *ਅੰਗ - ੨੬੪*

### ਸਰੰਜਾਮਿ ਲਾਗੁ; ਭਵਜਲ ਤਰਨ ਕੈ॥

ਸਰੰਜਾਮ ਨਾਮ ਉੱਦਮ ਦਾ ਵਾ: ਬੰਦੋਬਸਤ ਦਾ ਵਾ: ਇੰਤਜ਼ਾਮ ਕਰਨ ਦਾ ਹੈ। ਇਸ ਲਈ ਭਉਜਲ ਰੂਪੀ ਸੰਸਾਰ ਤੋਂ ਤਰਨ ਦੇ ਸਰੰਜਾਮਿ=ਉਦਮ ਵਿਚ ਲਾਗੁ=ਲੱਗਣਾ ਕਰ ਵਾ: ਭਵਜਲ=ਭੈਦਾਇਕ ਜੋ ਸੰਸਾਰ ਸਮੁੰਦਰ ਹੈ, ਜਿਸ ਦੇ ਵਿਚ ਵਿਸ਼ਿਆਂ ਦਾ ਜਲ ਹੈ। ਭਰਮ ਦੀਆਂ ਭੰਬੀਰੀਆਂ ਘੁੰਮਦੀਆਂ ਹਨ। ਲੋਭ ਦੀਆਂ ਲਹਿਰਾਂ ਤੇ ਤ੍ਰਿਸ਼ਨਾ ਦੀ ਅੱਗ ਹੈ। ਇਸ ਤੋਂ ਤਰਨ ਦੇ ਸਰੰਜਾਮਿ=ਬੰਦੋਬਸਤ, ਇੰਤਜ਼ਾਮ

ਵਾ: ਉਧਮ ਵਿਚ ਲੱਗਣਾ ਕਰ ਵਾ: ਇਸ ਤੋਂ ਤਰਨ ਦੇ ਕਾਰਜ ਸਿੱਧ ਕਰਨ ਵਿਚ ਲੱਗਣਾ ਕਰ। ਜੈਸਾ ਕਿ -

*ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ*
*ਜਪਿ ਹਰਿ ਭਵਜਲੁ ਤਰਨਾ ॥ ੨ ॥ ੬ ॥ ੧੨ ॥*

*ਅੰਗ - ੬੭੦*

ਜੇਕਰ ਪ੍ਰਮੇਸ਼ਰ ਦੇ ਸਿਮਰਨ, ਭਜਨ ਕਰਨ ਵਿਚ ਉੱਦਮ ਕਰੇ ਤਾਂ ਬਾਹਰਲੇ ਕੰਮਾਂ ਦਾ ਪ੍ਰਬੰਧ ਤਾਂ ਉਹ ਵਾਹਿਗੁਰੂ ਆਪੇ ਹੀ ਕਰ ਦਿੰਦਾ ਹੈ। ਜੈਸਾ ਕਿ -

*ਸਗਲ ਸਰੰਜਾਮ ਕਰੇ ਪ੍ਰਭੁ ਆਪੇ ॥*
*ਭਏ ਮਨੋਰਥ ਸੋ ਪ੍ਰਭੁ ਜਾਪੇ ॥ ਅੰਗ- ੮੦੫*

*ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ*
*ਜਿਨ ਹਰਿ ਕਾ ਨਾਮੁ ਪਿਆਰਾ ॥ ਅੰਗ - ੬੩੮*

**ਜਨਮੁ ਬ੍ਰਿਥਾ ਜਾਤ; ਰੰਗਿ ਮਾਇਆ ਕੈ॥ ੧॥ ਰਹਾਉ॥**

ਮਾਇਆ ਦੇ ਰੰਗਿ=ਪਿਆਰ ਵਿਚ ਤੇਰਾ ਜਨਮ ਬ੍ਰਿਥਾ=ਵਿਅਰਥ ਜਾਤ=ਜਾ ਰਿਹਾ ਹੈ। ਯਥਾ -

*ਬੀਤ ਜੈਹੈ ਬੀਤ ਜੈਹੈ ਜਨਮੁ ਅਕਾਜ ਰੇ॥ ਅੰਗ - ੧੩੫੨*

ਵਾ: ਚੇਤਨ ਮਾਇਆ ਦੇ ਵਿਸ਼ੇ ਅਨੰਦ ਵਿਚ ਸ਼ਬਦ, ਸਪਰਸ਼, ਰੂਪ, ਰਸ, ਗੰਧ ਵਿਚ ਭਜਨ ਸਿਮਰਨ ਤੋਂ ਬਿਨਾਂ ਵਿਅਰਥ ਜੀ ਰਿਹਾ ਹੈ। ਮਾਇਆ ਦੇ ਰੰਗਿ=ਕੌਤਕਾਂ ਵਿਚ ਵਾ: ਮਾਇਆ ਇਕੱਠੀ ਕਰਨ ਦੇ ਢੰਗ ਵਿਚ ਅਨੇਕ ਪ੍ਰਕਾਰ ਦੇ ਤਮਾਸ਼ਿਆਂ ਵਿਚ ਜਨਮ ਵਿਅਰਥ ਜਾਤ=ਜਾ ਰਿਹਾ ਹੈ। ਰਹਾਉ=ਵਿਸ਼ਰਾਮ ਦੇ ਕੇ ਗੁਰੂ ਸਾਹਿਬ ਜੀ ਅੱਗੇ ਫੁਰਮਾਨ ਕਰਦੇ ਹਨ।

## ਜਪੁ ਤਪੁ ਸੰਜਮੁ; ਧਰਮੁ ਨ ਕਮਾਇਆ॥

ਹੇ ਪ੍ਰਭੂ! ਨਾ ਮੈਂ ਜਪ ਕੀਤਾ ਹੈ, ਨਾ ਮੈਂ ਤਪ ਕੀਤਾ ਹੈ, ਨਾ ਹੀ ਸੰਜਮੁ=ਇੰਦ੍ਰੀਆਂ ਦਾ ਦਮਨ ਕੀਤਾ ਹੈ ਅਤੇ ਨਾ ਹੀ ਕੋਈ ਸ੍ਵੈ-ਧਰਮ ਨੂੰ ਕਮਾਇਆ ਹੈ, ਵਾ: ਹੇ ਵਾਹਿਗੁਰੂ! ਜਪੁ=ਜੋ ਬਾਣੀ ਕਰਕੇ ਕਰਨਾ ਸੀ ਤਪੁ=ਸਰੀਰ ਕਰਕੇ ਜੋ ਸੇਵਾ ਕਰਨੀ ਸੀ। ਜੈਸਾ ਕਿ -

*ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ॥ ਅੰਗ - ੪੨੩*
*ਰਵਿਦਾਸ ਦਾਸ ਉਦਾਸ ਤਜੁ ਭ੍ਰਮੁ ਤਪਨ ਤਪੁ ਗੁਰ ਗਿਆਨ॥*

*ਅੰਗ- ੪੯੬*

ਸੰਜਮੁ=ਇੰਦ੍ਰੀਆਂ ਦਾ ਦਮਨ ਕਰਨਾ ਸੀ, ਮਾੜੇ ਕੰਮਾਂ ਤੋਂ ਰੋਕਣਾ, ਨਿਯਮ, ਪ੍ਰਹੇਜ਼ ਅਤੇ ਇੰਦ੍ਰੀਆਂ ਨੂੰ ਵਿਸ਼ਿਆਂ ਵਲੋਂ ਰੋਕ ਕੇ ਰੱਖਣਾ ਸੀ, ਕੁਸੰਗਤ ਵਿਚ ਪੈਰ ਨਹੀਂ ਪਾਉਣਾ ਸੀ, ਹੱਥਾਂ ਨਾਲ ਚੋਰੀ ਨਹੀਂ ਕਰਨੀ ਸੀ, ਅੱਖਾਂ ਨਾਲ ਬੇਗਾਨਾ ਰੂਪ ਨਹੀਂ ਦੇਖਣਾ ਸੀ, ਕੰਨਾਂ ਨਾਲ ਨਿੰਦਿਆਂ ਨਹੀਂ ਸੁਣਨੀ ਸੀ, ਜ਼ੁਬਾਨ ਨਾਲ ਕਠੋਰ, ਕੌੜਾ ਬਚਨ, ਝੂਠ ਨਹੀਂ ਸੀ ਬੋਲਣਾ। ਜੈਸਾ ਕਿ -

*ਨਿੰਦਿਆ ਝੂਠ ਨ ਨਿਠਰ ਬਖਾਨੈ॥*

ਇਸ ਪ੍ਰਕਾਰ ਇੰਦ੍ਰੀਆਂ ਦਾ ਦਮਨ ਕਰਨਾ ਸੀ, ਰੋਕ ਕੇ ਰੱਖਣਾ ਸੀ ਪਰ ਮੈਂ ਕੁਝ ਵੀ ਨਹੀਂ ਕੀਤਾ।

*ਜਪੁ ਤਪੁ ਸੰਜਮੁ ਕਰਮ ਨ ਸਾਧਾ॥ ਅੰਗ - ੩੯੮*

ਧਰਮੁ ਨ ਕਮਾਇਆ=ਨਾ ਹੀ ਧਰਮ ਨੂੰ ਕਮਾਉਣਾ ਕੀਤਾ। ਧਰਮ ਕਮਾਉਣਾ ਇਹੀ ਸੀ ਕਿ ਧਰਮ ਅਨੁਸਾਰ ਰਹਿਤ ਮਰਯਾਦਾ ਰੱਖਣੀ ਸੀ, ਉਹ ਵੀ ਨਾ ਰੱਖੀ ਭਾਵ ਨਿਸ਼ਕਾਮ ਕਰਮਾਂ ਰੂਪੀ ਧਰਮ ਵੀ ਨਹੀਂ ਕਮਾਇਆ, ਭਾਵ ਪ੍ਰਮਾਤਮਾ ਦਾ ਨਾਮ ਜਪਣ ਰੂਪੀ ਸਭ ਤੋਂ ਸ੍ਰੇਸ਼ਟ ਧਰਮ ਵੀ ਨਹੀਂ ਕਮਾਇਆ। ਯਥਾ -

*ਤਜਿ ਸਭਿ ਭਰਮ ਭਜਿਓ ਪਾਰਬ੍ਰਹਮੁ ॥*
*ਕਹੁ ਨਾਨਕ ਅਟਲ ਇਹੁ ਧਰਮੁ ॥ ਅੰਗ- ੧੯੬*

*ਸਰਬ ਧਰਮ ਮਹਿ ਸ੍ਰੇਸਟ ਧਰਮੁ॥*
*ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥ ਅੰਗ - ੨੬੬*

## ਸੇਵਾ ਸਾਧ; ਨ ਜਾਨਿਆ ਹਰਿ ਰਾਇਆ॥

ਹੇ ਹਰਿ=ਪ੍ਰਭੂ ਰੂਪੀ ਰਾਇਆ=ਰਾਜਨ! ਵਾ: ਰਾਇਆ=ਪ੍ਰਕਾਸ਼ ਰੂਪੀ ਹਰੀ! ਮੈਂ ਸਾਧ=ਸੰਤਾਂ ਦੀ ਸੇਵਾ ਕਰਨ ਦਾ ਢੰਗ ਵੀ ਨਹੀਂ ਜਾਣਿਆ ਅਥਵਾ ਨਾ ਮੈਂ ਸਾਧ=ਸਾਧਸੰਗਤ ਦੀ ਸੇਵਾ ਕੀਤੀ ਹੈ ਅਤੇ ਨਾ ਹੀ ਹੇ ਹਰੀ ਰੂਪੀ ਰਾਇਆ=ਰਾਜਨ! ਮੈਂ ਆਪ ਨੂੰ ਜਾਣਿਆ ਹੈ।

## ਕਹੁ ਨਾਨਕ; ਹਮ ਨੀਚ ਕਰੰਮਾ॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਭਾਈ! ਇਸ ਪ੍ਰਕਾਰ ਬੇਨਤੀ ਕਰੋਕਿ ਹੇ ਪ੍ਰਭੂ! ਹਮ=ਅਸੀਂ ਤਾਂ ਨੀਚ ਕਰੰਮਾ=ਨੀਚ ਕਰਮਾਂ ਵਾਲੇ ਹਾਂ।

**ਸਰਣਿ ਪਰੇ ਕੀ; ਰਾਖਹੁ ਸਰਮਾ॥੨॥੪॥**

ਹੇ ਪ੍ਰਭੂ! ਆਪ ਜੀ ਦੀ ਸ਼ਰਨ ਵਿਚ ਆ ਪਏ ਹਾਂ, ਇਸ ਲਈ ਸ਼ਰਨ ਵਿਚ ਪਰੇ=ਪਏ ਹੋਣ ਦੀ ਸਰਮਾ=ਲਾਜ ਰਾਖਹੁ=ਰੱਖਣਾ ਕਰੋ ਜੀ। ਯਥਾ -

*ਸਰਣਿ ਪਰੇ ਕੀ ਰਾਖਤਾ ਨਾਹੀ ਸਹਸਾਇਆ॥ ਅੰਗ - ੮੧੨*

*ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ॥*

*ਅੰਗ - ੧੩੫*

*ਸਲੋਕ॥ ਦੀਨ ਦਰਦ ਦੁਖ ਭੰਜਨਾ ਘਟਿ ਘਟਿ ਨਾਥ ਅਨਾਥ॥*
*ਸਰਣਿ ਤੁਮਾਰੀ ਆਇਓ ਨਾਨਕ ਕੇ ਪ੍ਰਭ ਸਾਥ॥ ਅੰਗ - ੨੬੩*

*ਪ੍ਰਭ ਜੀਉ ਖਸਮਾਨਾ ਕਰਿ ਪਿਆਰੇ॥*
*ਬੁਰੇ ਭਲੇ ਹਮ ਥਾਰੇ॥ ਅੰਗ- ੬੩੧*

********

# ਪੂਰਨ ਤੰਦਰੁਸਤੀ ਲਈ ਅਨੁਭਵੀ ਮਾਰਗ
## (A Practical Guide To Holistic Health)

*ਡਾ. ਸਵਾਮੀ ਰਾਮ ਜੀ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਨਵੰਬਰ ਅੰਕ, ਪੰਨਾ -57)*

ਮੰਦ ਭਾਗ ਨਾਲ ਸਾਡੇ ਅੱਜ ਦੇ ਅਰੋਗਤਾ ਦੇ ਨਮੂਨੇ ਚਿਕਿਤਸਾ ਜਿਵੇਂ ਕਿ ਮਨੋਵਿਗਿਆਨਕ ਚਕਿਤਸਾ ਆਦਿ ਇਨ੍ਹਾਂ ਦੇ ਅੰਦਰ ਪੂਰਨਤਾ ਨਹੀਂ ਹੈ। ਪੂਰਨ ਰੂਪ ਵਿਚ ਅੰਦਰ ਸਿਖਿਆ ਇਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ ਜਿਹੜੀ ਤੁਹਾਡੀ ਸਰੀਰਕ ਤੇ ਸੰਵੇਗਕ ਸਥਿਤੀ ਨੂੰ ਠੀਕ ਕਰੇ। ਪੂਰਨ ਚਕਿਤਸਾ ਹਰ ਇਕ ਮਨੁੱਖ ਲਈ ਹੋਣੀ ਚਾਹੀਦੀ ਹੈ, ਏਨਾ ਹੀ ਨਹੀਂ ਉਹ ਤੁਹਾਨੂੰ ਵਿਸਤ੍ਰਿਤ ਰੂਪ ਦੇ ਕੇ ਤੁਹਾਡੀ ਚੇਤਨਾ ਨੂੰ ਵਧਾ ਕੇ ਐਨੀ ਸ਼ਕਤੀ ਦੇਵੇ ਕਿ ਤੁਸੀਂ ਆਪਣੀਆਂ ਪੁਰਾਣੀਆਂ ਆਦਤਾਂ ਵਲ ਮੁੜ ਕੇ ਨਾ ਜਾ ਸਕੋ।

ਇਹ ਸਾਰੀ ਨਿਪੁੰਨਤਾ, ਸੁਚੱਜਤਾ ਤੁਹਾਨੂੰ ਆਪ ਸਿੱਖਣੀ ਪਵੇਗੀ, ਆਪ ਅਭਿਆਸ ਕਰਨਾ ਪਵੇਗਾ, ਤੁਹਾਨੂੰ ਚਕਿਤਸਕ ਤੇ ਨਿਰਭਰ ਹੋਣਾ ਨਾ ਪਵੇ, ਪ੍ਰੇਰਨਾ ਲਈ ਵੀ ਚਿਕਿਤਸਕ ਦੀ ਲੋੜ ਨਾ ਪਵੇ। ਇਹ ਸਭ ਕੁਝ ਤੁਹਾਡੇ ਅੰਦਰੋਂ ਆਉਣਾ ਚਾਹੀਦਾ ਹੈ, ਜਿਵੇਂ ਤੁਸੀਂ ਆਤਮ ਨਰੀਖਣ, ਆਮ ਵਿਸ਼ਲੇਸ਼ਨ, ਸਵੈ ਕੰਟਰੋਲ ਆਤਮ ਚੇਤਨਾ ਵਿਚ ਪਰਪੱਕ ਹੁੰਦੇ ਹੋ, ਤੁਸੀਂ ਸੁਤੰਤਰ ਹੋ ਜਾਂਦੇ ਹੋ, ਰੋਜ਼ ਦੀਆਂ ਸਮੱਸਿਆ ਨੂੰ ਵਧੇਰੇ ਚੰਗੀ ਤਰ੍ਹਾਂ ਨਾਲ ਨਿਭਾ ਸਕਦੇ ਹੋ। ਸਭ ਤੋਂ ਮਹੱਤਵਪੂਰਨ ਗੱਲ ਹੈ ਕਿ ਤੁਸੀਂ ਆਪਣੇ ਅੰਦਰ ਦੇ ਵਿਅਕਤਤਿਤਵ ਦਾ ਰੂਪ ਪਰੀਵਰਤਨ ਕਰ ਸਕਦੇ ਹੋ, ਇਸ ਤਰ੍ਹਾਂ ਕਰਨ ਨਾਲ ਤੁਸੀਂ ਦੁਖ, ਦਰਦ ਸੰਤਾਪ ਤੋਂ ਛੁਟਕਾਰਾ ਪਾ ਲੈਂਦੇ ਹੋ।

ਪ੍ਰਸ਼ਨ ਉਠਦਾ ਹੈ ਤੁਸੀਂ ਇਹ ਅਵਸਥਾ ਕਿਵੇਂ ਪ੍ਰਾਪਤ ਕਰੋ? ਸਭ ਤੋਂ ਪਹਿਲਾਂ ਉਹ ਪ੍ਰਵਾਨ ਕਰੋ ਜਿਹੜਾ ਤੁਹਾਨੂੰ ਦੁਖੀ ਕਰਦਾ ਹੈ, ਉਦਾਸ ਕਰਦਾ ਹੈ। ਇਸ ਤੋਂ ਬਾਅਦ ਹੀ ਤੁਸੀਂ ਸਕਾਰਾਤਮਕ ਬਿਰਤੀ ਵਿਸਤ੍ਰਿਤ ਕਰ ਸਕਦੇ ਹੋ। ਵਿਅਕਤੀਤਿਵ ਦਾ ਉਹ ਪਾਸਾ ਜਿਹੜਾ ਤੁਹਾਨੂੰ ਨਾ ਖੁਸ਼ ਕਰਦਾ ਹੈ, ਉਸ ਨੂੰ ਜਾਣ ਕੇ ਸਮਝ ਕੇ ਤੁਹਾਨੂੰ ਦੁਖ ਸੰਤਾਪ ਦਾ ਸਰੋਤ ਪਤਾ ਲਗ ਜਾਵੇਗਾ। ਇਹ ਸਮਝਣ ਤੋਂ ਬਾਅਦ ਹੀ, ਇਸ ਨੂੰ ਮੰਨਣ ਤੋਂ ਬਾਅਦ ਹੀ ਤੁਸੀਂ ਚੇਤਨ ਹੋ ਕੇ ਆਪਣੀਆਂ ਆਦਤਾਂ ਬਦਲ ਸਕਦੇ ਹੋ।

ਅਗਲੀ ਪਉੜੀ ਹੈ ਦੁਖ ਸੰਤਾਪ ਤੋਂ ਛੁਟਕਾਰਾ ਪਾਉਣ ਦੀ, ਸਮਾਚਿਤ ਮਨ ਦੀ ਅਵਸਥਾ ਪ੍ਰਾਪਤ ਕਰਨ ਦੀ, ਉਸ ਲਈ ਸਭ ਤੋਂ ਵੱਡੀ ਲੋੜ ਹੈ ਕਦੀ ਵੀ ਆਪਣੇ ਆਪ ਲਈ ਦ੍ਰਿੜ੍ਹ ਤੇ ਕਰੜੇ ਅਸੂਲ ਨਾ ਬਣਾਓ, ਪਹਿਲਾਂ ਆਪਣੀ ਸਰੀਰਕ ਅਵਸਥਾ, ਮਾਨਸਿਕ ਅਵਸਥਾ ਨੂੰ ਸਮਝੋ, ਜਾਣੋ। ਮਿਸਾਲ ਵਜੋਂ ਤੁਸੀਂ ਫੈਸਲਾ ਕਰਦੇ ਹੋ ਕੇ ਤੁਸੀਂ ਰਾਤ ਨੂੰ ਕੁਝ ਨਹੀਂ ਖਾਓਗੇ। ਪਰ ਰਾਤ ਨੂੰ ਤੁਹਾਨੂੰ ਬਹੁਤ ਭੁੱਖ ਲਗਦੀ ਹੈ, ਤੁਸੀਂ ਕੋਸ਼ਿਸ਼ ਕਰਦੇ ਹੋ ਕੇ ਤੁਸੀਂ ਨਾ ਖਾਓ ਕਿਉਂਕਿ ਤੁਸੀਂ ਆਪਣੇ ਆਪ ਨਾਲ ਵਾਅਦਾ ਕੀਤਾ ਹੈ, ਪਰ ਐਨੀ ਭੁੱਖ ਹੈ, ਐਨੀ ਉਤੇਜਨਾ ਹੈ ਕਿ ਤੁਸੀਂ ਖਾ ਲੈਂਦੇ ਹੋ, ਤੁਸੀਂ ਫਰਿਜ਼ ਕੋਲ ਜਾਂਦੇ ਹੋ, ਖੋਲ੍ਹ ਕੇ ਖਾਣਾ ਸ਼ੁਰੂ ਕਰ ਦਿੰਦੇ ਹੋ। ਫੇਰ ਤੁਹਾਨੂੰ ਬੁਰਾ ਲਗਦਾ ਹੈ ਤੁਸੀਂ ਆਪਣੇ ਆਪ ਨੂੰ ਦੋਸ਼ੀ ਅਪਰਾਧੀ, ਮਹਿਸੂਸ ਕਰਦੇ ਹੋ। ਆਪਣੇ ਆਪ ਨੂੰ ਕੋਸਦੇ ਹੋ ਤੇ ਕਮਜ਼ੋਰ ਇੱਛਾ ਸ਼ਕਤੀ ਦੇ ਹੋਣ ਦਾ ਦੋਸ਼ ਦਿੰਦੇ ਹੋ, ਇਸ ਤਰ੍ਹਾਂ ਕਰਨ ਨਾਲ ਤੁਹਾਡੀ ਭੁੱਖ ਹੋਰ ਵਧਦੀ ਹੈ। ਦੂਸਰੇ ਦਿਨ ਸਵੇਰੇ ਤੁਸੀਂ ਉਠਦੇ, ਆਪਣੇ ਆਪ ਨਾਲ ਉਚਾਟ ਹੋ, ਬੁਰਾ ਮਹਿਸੂਸ ਕਰ ਰਹੇ ਹੋ ਤੁਸੀਂ ਸੋਚਦੇ ਹੋ, ਤੁਸੀਂ ਕਦੀ ਵੀ ਆਪਣੀ ਚਾਹ ਨੂੰ ਰੋਕ ਨਹੀਂ ਸਕਦੇ, ਤੁਹਾਡੇ ਅੰਦਰ ਹਿੰਮਤ ਹੀ ਨਹੀਂ। ਸੋ ਤੁਸੀਂ ਛੱਡ ਦਿੰਦੇ ਹੋ।

ਆਪਣੇ ਆਪ ਨੂੰ ਅਪਰਾਧੀ ਮੰਨਣ ਦੀ ਥਾਂ ਆਪਣੀ ਹਾਰ ਮੰਨਣ ਦੀ ਥਾਂ ਤੁਹਾਨੂੰ ਆਪਣੇ ਆਪ ਲਈ ਆਪਣੀ ਹਿੰਮਤ ਤੋਂ ਵਧ ਆਸ ਉਮੀਦ ਨਹੀਂ ਰੱਖਣੀ ਚਾਹੀਦੀ, ਨਾ ਹੀ ਦੂਸਰਿਆਂ ਕੋਲੋਂ ਰੱਖਣੀ ਚਾਹੀਦੀ ਹੈ। ਜੇਕਰ ਤੁਸੀਂ ਆਪਣੇ ਪ੍ਰੋਗਰਾਮ ਠੀਕ ਆਪਣੀ ਵਿਤ ਅਨੁਸਰ ਆਪਣੀ ਸਮਰਥਾ ਅਨੁਸਾਰ ਬਣਾਓਗੇ, ਫੇਰ ਤੁਹਾਨੂੰ ਸਫਲਤਾ ਮਿਲੇਗੀ, ਤੁਹਾਨੂੰ ਹੌਂਸਲਾ ਮਿਲੇਗਾ। ਤੁਹਾਡੀ ਇੱਛਾ ਸ਼ਕਤੀ ਵੀ ਖੇਰੂੰ-ਖੇਰੂੰ ਨਹੀਂ ਹੋਵੇਗੀ। ਤੁਸੀਂ ਆਪਣੀ ਸਫਲਤਾ ਵੀ ਦੇਖ ਸਕਦੇ ਹੋ। ਇੱਛਾ ਸ਼ਕਤੀ ਦਾ ਖੇਰੂੰ-ਖੇਰੂੰ ਹੋਣਾ ਬਹੁਤ ਹੀ ਹਾਨੀਕਾਰਕ ਹੋ ਸਕਦਾ ਹੈ। ਜਿੰਨਾ ਮਨ ਖਿਝਿਆ ਹੋਵੇਗਾ ਓਨੀਂ ਹੀ ਇਛਾ ਸ਼ਕਤੀ ਕਮਜ਼ੋਰ ਹੋਵੇਗੀ। ਇਕਾਗਰ ਮਨ ਦੀ ਇੱਛਾ ਸ਼ਕਤੀ ਗਤੀਸ਼ੀਲ ਹੋਵੇਗੀ। ਆਪਣੀ ਸਮਰੱਥਾ ਨੂੰ ਸਮਝੇ ਬਿਨਾਂ ਤੁਸੀਂ ਆਪਣੇ ਕੋਲੋਂ ਤੇ ਦੂਸਰਿਆਂ ਕੋਲੋਂ ਵਧੇਰੇ ਆਸ ਉਮੀਦ ਰੱਖਣ ਲਗ ਪੈਂਦੇ ਹੋ। ਲੋੜ ਹੈ ਆਪਣੇ ਆਪ ਨੂੰ ਦੇਖਣ ਦੀ, ਘੋਖਣ ਦੀ, ਐਨੀ

ਸਮਰੱਥਾ ਰੱਖਣੀ ਕਿ ਆਪਣੇ ਆਪ ਨੂੰ ਜਾਣੀਏ, ਸਮਝੀਏ ਉਸ ਤੋਂ ਬਾਅਦ ਹੀ ਤੁਸੀਂ ਆਪਣੀ ਸਮਰੱਥਾ ਜਾਣ ਸਕਦੇ ਹੋ, ਸਮਝ ਸਕਦੇ ਹੋ।

ਅਗਲੀ ਗੱਲ ਹੈ ਕਿ ਤੁਹਾਡੇ ਆਪਣੇ ਵਿਚਾਰ ਹੋਣੇ ਚਾਹੀਦੇ ਹਨ, ਆਪਣੀ ਸੋਚ ਜਿਹੜੀ ਕਿਸੇ ਸੰਸਕ੍ਰਿਤੀ ਤੋਂ ਧਰਮ ਤੋਂ ਪ੍ਰਭਾਵਿਤ ਨਾ ਹੋਵੇ, ਫੇਰ ਉਸ ਸੁਤੰਤਰ ਵਿਚਾਰ ਤੋਂ ਤੁਸੀਂ ਆਪਣੀ ਜੀਵਨ ਫਿਲੌਸਫੀ ਬਣਾਓ, ਜਿਹੜੀ ਬਿਲਕੁਲ ਸਾਦੀ, ਸਰਲ ਤੇ ਸਿਧੀ ਹੋਵੇ। ਤੁਹਾਨੂੰ ਕੋਮਲ ਹੋਣਾ ਚਾਹੀਦਾ ਹੈ, ਨਮਰ ਹੋਣਾ ਚਾਹੀਦਾ ਹੈ, ਆਪਣੇ ਆਪ ਨੂੰ ਢਾਲਣ ਦਾ ਗੁਣ ਹੋਣ ਚਾਹੀਦਾ ਹੈ, ਜਿਹੋ ਜਿਹਾ ਸਮਾਂ ਹੋਵੇ ਉਸ ਦੇ ਅਨੁਸਾਰ ਆਪਣੇ ਆਪ ਨੂੰ ਢਾਲਣਾ ਆਉਣਾ ਚਾਹੀਦਾ ਹੈ। ਤੁਹਾਨੂੰ ਕੱਟੜ ਨਹੀਂ ਹੋਣਾ ਚਾਹੀਦਾ, ਸਖਤ ਨਹੀਂ ਹੋਣਾ ਚਾਹੀਦਾ। ਕੱਟੜਤਾ ਨਾਲ ਆਪ-ਮੁਹਾਰੀ ਯਾਦਦਾਸ਼ਤ ਦਾ ਬਹਾਅ ਜਾਂਦਾ ਰਹਿੰਦਾ ਹੈ। ਜੋ ਤੁਸੀਂ ਜਾਣਦੇ ਹੋ ਉਹ ਅੱਗੇ ਨਹੀਂ ਆ ਸਕਦਾ। ਵਾਸਤਵ ਵਿਚ ਜੋ ਤੁਸੀਂ ਜਾਣਦੇ ਹੋਵੋ ਉਸ ਨੂੰ ਦੁਬਾਰਾ ਜਾਨਣ ਵਿਚ ਕੋਈ ਸਮਾਂ ਨਹੀਂ ਲਗਦਾ। ਜੋ ਤੁਸੀਂ ਜਾਨਣਾ ਚਾਹੁੰਦੇ ਹੋ ਉਹ ਤੁਸੀਂ ਜਾਣ ਲੈਂਦੇ ਹੋ, ਜੇਕਰ ਤੁਸੀਂ ਰੁਕਾਵਟ ਨਾ ਪਾਓ, ਤੁਸੀਂ ਜਾਣ ਲਵੋਗੇ। ਵਾਸਤਵ ਵਿਚ ਅੜਚਣਾਂ ਤੇ ਰੁਕਾਵਟਾਂ ਹੀ ਜਾਨਣ ਦੀ ਪ੍ਰਾਪਤੀ ਵਿਚ ਆ ਖੜ੍ਹੀਆਂ ਹੁੰਦੀਆਂ ਹਨ।

ਵਾਸਤਵ ਵਿਚ ਮਨੁੱਖਾਂ ਨੂੰ ਗਿਆਨ ਪ੍ਰਕਾਸ਼ ਦੀ ਕੋਈ ਲੋੜ ਨਹੀਂ। ਹਰ ਕੋਈ ਕਹਿੰਦਾ ਹੈ ਕਿ ਮੈਨੂੰ ਗਿਆਨ ਦੀ ਲੋੜ ਹੈ ਪਰ ਸਿਆਣੇ ਲੋਕ ਕਹਿੰਦੇ ਹਨ, ਤੁਸੀਂ ਕਹਿੰਦੇ ਹੋ ਤੁਹਾਨੂੰ ਗਿਆਨ ਦੀ ਲੋੜ ਹੈ ਪਰ ਤੁਹਾਡੇ ਵਿਚਾਰ, ਤੁਹਾਡੇ ਕੰਮ, ਤੁਹਾਡੀ ਕ੍ਰਿਆ ਤੁਹਾਡੇ ਮਾਰਗ ਦੇ ਬਾਧਕ ਹਨ। ਆਪਣੇ ਮੋਹ, ਆਪਣੇ ਆਕਰਸ਼ਣ, ਸਨੇਹ ਖਤਮ ਕਰੋ, ਤੁਹਾਨੂੰ ਹੁਣੇ ਹੀ ਗਿਆਨ ਪ੍ਰਾਪਤੀ ਹੈ। ਤੁਹਾਡੇ ਤੇ ਸਤਿ ਦੇ ਦਰਮਿਆਨ ਇਕ ਦੀਵਾਰ ਖੜ੍ਹੀ ਹੈ। ਜਦੋਂ ਤੁਸੀਂ ਉਸ ਨੂੰ ਦੇਖਣ ਲਗੋ, ਤੁਸੀਂ ਮਹਿਸੂਸ ਕਰੋਗੇ ਕਿ ਉਸ ਦੀ ਨੀਂਹ ਭੈ ਹੈ, ਭੈ ਜਿਹੜਾ ਤੁਹਾਡੇ ਅੰਦਰ ਡੂੰਘਾ ਰਚਿਆ ਪਿਆ ਹੈ। ਲੋੜ ਹੈ ਇਹ ਸਿੱਖਣ ਦੀ ਕਿ ਤੁਸੀਂ ਭੈ ਰਹਿਤ ਹੋ ਜਾਓ, ਪਰ ਇਹ ਕਰਨ ਲਈ ਭਾਵ ਕਿ ਭੈ ਰਹਿਤ ਹੋਣ ਲਈ ਕੋਈ ਕਰੜੇ ਸਖਤ ਨਿਯਮ ਨਾ ਬਣਾਓ।

ਅਨੇਕਾਂ ਗੁਰ ਹਨ ਜਿਹੜੇ ਸਾਡੇ ਜੀਵਨ ਦੇ ਸੰਚਾਲਕ ਹਨ ਪਰ ਬਹੁਤ ਸਾਰਿਆਂ ਦਾ ਪਤਾ ਵੀ ਨਹੀਂ, ਮਿਸਾਲ ਵਜੋਂ ਤੁਸੀਂ ਕਿਸੇ ਭੌਤਿਕ ਵਿਗਿਆਨੀ ਨੂੰ ਪੁਛੋ ਕਿ ਇਲੈਕਟ੍ਰੋਨ, ਪ੍ਰੋਟੋਨ ਕਿਉਂ ਅਕਰਸ਼ਕ ਹੋ ਕੇ ਓਧਰ ਵਲ ਜਾਂਦੇ ਹਨ ਪਰ ਪ੍ਰੋਟੋਨ ਕੇਂਦਰ ਵਿਚ ਜਾਂਦੇ ਹਨ। ਭੌਤਿਕ ਵਿਗਿਆਨੀ ਇਸ ਗੱਲ ਦਾ ਉਤਰ ਨਹੀਂ ਦੇ ਸਕਦਾ, ਉਸਨੂੰ ਪਤਾ ਹੀ ਨਹੀਂ ਪਰ ਜਦੋਂ ਤੁਸੀਂ ਅੰਤਰ ਖੋਜਣ ਲਗਦੇ ਹੋ, ਦੇਖਣ ਲਗਦੇ ਹੋ, ਅਨੁਭਵ ਕਰਨ ਲਗਦੇ ਹੋ ਫੇਰ ਹੌਲੀ-ਹੌਲੀ ਕੁਦਰਤ ਦੇ ਨਿਯਮ ਸਮਝਣ ਲਗਦੇ ਹੋ। ਆਪਾ ਚੀਨਣ ਤੋਂ ਬਾਅਦ ਤੁਸੀਂ ਦੇਖੋਗੇ ਕਿ ਸੂਖਮ ਨਿਯਮ ਵੀ ਤੁਹਾਡੇ ਸਾਮ੍ਹਣੇ ਆ ਜਾਂਦੇ ਹਨ। ਉਸ ਤੋਂ ਪਿਛੋਂ ਕੁਝ ਵੀ ਅਸੰਭਵ ਨਹੀਂ ਰਹਿੰਦਾ ਵੱਡੇ-ਵੱਡੇ ਰਿਸ਼ੀ ਮੁਨੀ ਬ੍ਰਹਮਗਿਆਨੀ, ਜਿਨ੍ਹਾਂ ਕੋਲ ਖਾਸ ਸ਼ਕਤੀਆਂ ਹੁੰਦੀਆਂ ਹਨ ਸਭ ਤੋਂ ਸਿੱਧਾ ਕਾਰਣ ਉਸ ਦਾ ਸੂਖਮ ਨਿਯਮਾਂ ਨੂੰ ਸਮਝ ਲੈਣਾ ਜਾਣ ਲੈਣਾ ਹੀ ਹੁੰਦਾ ਹੈ। ਉਨ੍ਹਾਂ ਦੀਆਂ ਯੋਗਤਾਵਾਂ ਕੇਵਲ ਬਖਸ਼ਿਸ਼ ਨਹੀਂ ਹੁੰਦੀ। ਬਖਸ਼ਿਸ਼ ਤਾਂ ਕੇਵਲ ਇਹ ਜੀਵਨ ਨਹੀਂ ਹੈ, ਬ੍ਰਹਮਗਿਆਨੀਆਂ ਨੇ ਕੇਵਲ ਗਿਆਨ ਪ੍ਰਗਟ ਕੀਤਾ ਆਪਣੇ ਆਪ ਤੇ ਕੰਟਰੋਲ ਕਰਕੇ ਸੂਖਮ ਨਿਯਮਾਂ ਨੂੰ ਪ੍ਰਾਪਤ ਕਰ ਲਿਆ।

ਹਰ ਮਨੁੱਖ ਨੂੰ ਆਪਣੇ ਲਈ ਪਲੈਨ ਬਣਾ ਲੈਣਾ ਚਾਹੀਦਾ ਹੈ, ਬਹੁਤ ਸਾਰੇ ਲੋਕ ਕੋਈ ਪਲੈਨ ਨਹੀਂ ਬਣਾਉਂਦੇ, ਨਾ ਪਲੈਨ ਬਣਾਉਣ ਕਰਕੇ ਉਹ ਕੁਝ ਵੀ ਪ੍ਰਾਪਤ ਨਹੀਂ ਕਰ ਸਕਦੇ, ਉਹ ਆਪਣੀ ਇੱਛਾ ਸ਼ਕਤੀ ਵੀ ਵਿਕਸਿਤ ਨਹੀਂ ਕਰ ਸਕਦੇ। ਆਪਣਾ ਪ੍ਰੋਗਰਾਮ ਹੋਣਾ ਚਾਹੀਦਾ ਹੈ, ਉਸ ਪ੍ਰੋਗਰਾਮ ਦੇ ਅਨੁਸਰ ਕੰਮ ਕਰਨਾ ਚਾਹੀਦਾ ਹੈ। ਇਹੋ ਹੀ ਇਕ ਸਾਧਨ ਹੈ ਕੁਝ ਬਣਾਉਣ ਦਾ ਕੁਝ ਪ੍ਰਾਪਤ ਕਰਨ ਦਾ। ਕਿਸੇ ਨਿਸ਼ਾਨੇ ਤੋਂ ਬਿਨਾਂ ਕਿਵੇਂ ਪ੍ਰੋਗਰਾਮ ਬਣਾ ਕੇ ਕੰਮ ਕਰੋਗੇ, ਫੇਰ ਜੀਵਨ ਇਕ ਸੋਹਣੀ ਕਵਿਤਾ ਦੀ ਤਰ੍ਹਾਂ ਬਣ ਜਾਂਦਾ ਹੈ।

ਤੁਹਾਡੇ ਕੋਲ ਬਹੁਤ ਯੋਗਤਾ ਹੈ ਜਿਨ੍ਹਾਂ ਨੂੰ ਤੁਸੀਂ ਸੁਚੇਤ ਹੋ ਕੇ ਵਿਕਸਿਤ ਕਰ ਸਕਦੇ ਹੋ, ਜਿਸ ਨਾਲ ਤੁਸੀਂ ਦੁਖ ਸੰਤਾਪ ਤੋਂ ਸੁਤੰਤਰ ਹੋ ਸਕਦੇ ਹੋ, ਹਰ ਰੋਗ ਤੋਂ ਹਰ ਗੜਬੜ ਤੋਂ ਬੇਤਰਤੀਬੀ ਤੋਂ ਛੁਟ ਸਕਦੇ ਹੋ। ਇਹ ਸਭ ਪੁਰਾਤਨ ਗ੍ਰੰਥਾਂ ਵਿਚ ਲਿਖਿਆ ਹੈ। ਸੰਪੂਰਨ ਤੰਦਰੁਸਤੀ ਦੀ ਗੱਲ ਕੇਵਲ ਪੁਸਤਕਾਂ ਵਿਚ ਹੀ ਨਹੀਂ ਪਈ ਰਹਿ ਜਾਣੀ ਚਾਹੀਦੀ। ਲੋੜ ਹੈ ਇਸ ਵਿਚਾਰ ਨੂੰ, ਇਸ ਅਨੁਭਵ ਨੂੰ ਪ੍ਰੈਕਟੀਕਲ ਵਰਤੋਂ ਵਿਚ ਲਿਆ ਕੇ ਇਸ ਤੰਦਰੁਸਤ ਸਮਾਜ ਦਾ ਨਿਰਮਾਣ ਕਰਨਾ। ਇਹ ਬਿਲਕੁਲ ਸੰਭਵ ਹੈ, ਤੇ ਕੀਤਾ ਜਾ ਸਕਦਾ ਹੈ। ਲੋੜ ਹੈ ਇਨ੍ਹਾਂ ਸਚਾਈਆਂ ਨੂੰ ਤਰੀਕੇ ਨਾਲ ਵਿਧੀਪੂਰਵਕ ਲਾਗੂ ਕਰਨ ਦੀ। ਇਸ ਤਰੀਕੇ ਦੀ ਸ਼ੁਰੂਆਤ ਸਰੀਰ ਦੇ ਨਿਯਮਾਂ ਨੂੰ ਕੰਟਰੋਲ ਕਰਕੇ ਹੀ ਹੋ ਸਕਦੀ ਹੈ। ਇਹ ਇਸ ਗਿਆਨ ਦੀ ਪਹਿਲੀ ਪੌੜੀ ਹੈ।

********

'ਚਲਦਾ...............'

# ਸਿਹਤ ਵਿਗਿਆਨ

*ਵੈਦ ਚਰਨ ਕਮਲ ਨਾਥ, ਸਪੁੱਤਰ ਵੈਦ ਮੇਘ ਨਾਥ ਜੀ ਸਿੱਧ, ਧੂਰੀ*
*ਫੋਨ ਨੰ. 98153-04390, 98156-07803*

ਗੁਰਦਿਆਂ ਦੀ ਸਮੱਸਿਆ ਵਿਚ ਆਯੁਰਵੈਦਿਕ ਚਿਕਿਤਸਾ ਹੁੰਦੀ ਹੈ ਚਮਤਕਾਰੀ ਸਾਬਿਤ। ਗੁਰਦਿਆਂ (ਕਿਡਨੀ) ਦੀ ਕਿਰਿਆ ਘਟ ਜਾਣਾ ਜਾਂ ਗੁਰਦੇ ਫੇਲ ਹੋਣਾ।

ਹਰ ਇਕ ਮਨੁੱਖ ਨੂੰ ਆਸਾ ਰਹਿੰਦੀ ਹੈ ਕਿ ਉਹ ਨਿਰੋਗ ਅਤੇ ਸੁਖੀ ਰਹੇ ਕਿਉਂਕਿ ਤੰਦਰੁਸਤ (ਨਿਰੋਗੀ) ਵਿਅਕਤੀ ਹੀ ਸੰਸਾਰ ਤੇ ਸੁੱਖਾਂ ਦੀ ਪ੍ਰਾਪਤੀ ਕਰ ਸਕਦਾ ਹੈ। ਅਰੋਗਤਾ ਹੀ ਜੀਵਨ ਦਾ ਮੂਲਾਧਾਰ ਹੈ ਜਿਸ ਲਈ ਮਨੁੱਖ ਸਭ ਕੁਛ ਲੁਟਾਉਣ ਲਈ ਤਿਆਰ ਰਹਿੰਦਾ ਹੈ। ਅਰੋਗਤਾ ਵਿਚ ਆਹਾਰ ਵਿਹਾਰ (ਖਾਣ-ਪਾਣ, ਵਿਭਚਰਿਆ, ਰਿਤੂ ਚਰਿਆ) ਦਾ ਵਿਸ਼ੇਸ਼ ਮਹੱਤਵ ਹੈ। ਤਕਰੀਬਨ ਹਰ ਵਿਅਕਤੀ ਇਸ ਮਾਡਰਨ ਮਸ਼ੀਨੀ ਯੁੱਗ ਵਿਚ ਆਪ ਹੀ ਮਸ਼ੀਨ ਹੋ ਗਿਆ ਹੈ, ਜ਼ਿਆਦਾ ਧਨ ਦੀ ਲਾਲਸਾ ਨਾਲ ਦਿਨ ਦੇ ਕੰਮ ਰਾਤ ਨੂੰ ਅਤੇ ਰਾਤ ਦੇ ਕੰਮ ਦਿਨੇ, ਬੇ ਟਾਈਮ ਹੋ ਗਏ ਹਨ ਅਤੇ ਤੇਜ਼ ਮਿਰਚ ਮਸਾਲੇ, ਜੰਕ ਫੂਡ, ਫਾਸਟ ਫੂਡ, ਜ਼ਿਆਦਾ ਪ੍ਰੋਟੀਨ ਯੁਕਤ ਭੋਜਨ, ਪਾਣੀ ਘੱਟ ਪੀਣਾ, ਖਾਲੀ ਪੇਟ ਚਾਹ-ਕਾਫੀ, ਸ਼ਰਾਬ, ਜ਼ਿਆਦਾ ਤੇਜ਼ ਦਵਾਈਆਂ ਅਤੇ ਸਟੀਰਾਈਡ ਦੇ ਸੇਵਨ ਨਾਲ ਸਰੀਰ ਨੂੰ ਲਾਭ ਦੀ ਜਗ੍ਹਾ ਹਾਨੀ ਹੋ ਰਹੀ ਹੈ। ਜਿਸ ਕਾਰਨ ਸਰੀਰ ਦੇ ਦੋ ਮਹੱਤਵਪੂਰਨ ਅੰਗ ਜ਼ਿਆਦਾ ਪ੍ਰਭਾਵਿਤ ਹੁੰਦੇ ਹਨ ਉਹ ਹਨ ਲੀਵਰ ਅਤੇ ਕਿਡਨੀ। ਪਹਿਲਾਂ ਲੀਵਰ ਪ੍ਰਭਾਵਿਤ ਹੋਣ ਕਾਰਨ ਅਨੇਕ ਪ੍ਰਕਾਰ ਦੇ ਰੋਗ ਜਿਵੇਂ ਕਿ ਅਮਲਪਿੱਤ (ਤੇਜਾਬੀ ਮਾਦਾ) ਗੈਸ, ਬੁਖਾਰ, ਪੀਲੀਆ, ਖੂਨ ਦੀ ਕਮੀ, ਸ਼ੂਗਰ, ਲੀਵਰ ਦੀ ਸੋਜ, ਟਾਈਫਾਈਡ ਆਦਿ ਜਿਹੇ ਰੋਗ ਉਤਪੰਨ ਹੁੰਦੇ ਹਨ। ਲੀਵਰ ਪ੍ਰਭਾਵਿਤ ਹੁੰਦੇ ਹੀ ਇਕ ਦਮ ਸਿੱਧਾ ਅਸਰ ਗੁਰਦਿਆਂ ਤੇ ਪੈਂਦਾ ਹੈ। ਗੁਰਦੇ ਸਰੀਰ ਦਾ ਉਹ ਅੰਗ ਹਨ ਜੋ ਸਰੀਰ ਦੀਆਂ ਵੱਖ-ਵੱਖ ਕ੍ਰਿਆਵਾਂ ਦੌਰਾਨ ਪੈਦਾ ਹੋਏ ਜ਼ਹਿਰੀਲੇ ਅਤੇ ਫਾਲਤੂ ਤੱਤਾਂ ਨੂੰ ਬਾਹਰ ਕੱਢਦੇ ਹਨ ਅਤੇ ਸਰੀਰ ਵਿਚ ਪਾਣੀ ਦੀ ਮਿਕਦਾਰ ਦਾ ਸੰਤੁਲਨ ਰਖਦੇ ਹਨ। ਇੰਝ ਕਹਿ ਸਕਦੇ ਹਾਂ ਕਿ ਗੁਰਦੇ ਇਕ ਪੋਣੀ ਦਾ ਕੰਮ ਕਰਦੇ ਹਨ। ਜੋ ਜ਼ਹਿਰੀਲੇ ਪਾਣੀ ਨੂੰ ਪੁਣ ਕੇ ਅਤੇ ਵਾਧੂ ਪਾਣੀ ਨੂੰ ਛਾਣ ਕੇ ਪਿਸ਼ਾਬ ਬਣਾਉਂਦੇ ਹਨ ਜੋ ਬਾਅਦ ਵਿਚ ਮਸਾਨੇ ਤਕ ਪਹੁੰਚਦਾ ਹੈ ਅਤੇ ਅਸੀਂ ਆਪਣੀ ਇੱਛਾ ਅਨੁਸਾਰ ਸਰੀਰ ਵਿਚੋਂ ਬਾਹਰ ਕੱਢਦੇ ਹਾਂ। ਗੁਰਦਿਆਂ ਦੀ ਕਿਰਿਆ ਘੱਟ ਜਾਵੇ ਜਾਂ ਗੁਰਦੇ ਫੇਲ੍ਹ ਹੋ ਜਾਣ ਤਾਂ ਸਰੀਰ ਅੰਦਰ ਫਾਲਤੂ ਅਤੇ ਜ਼ਹਿਰੀਲੇ ਪਦਾਰਥ ਤੇ ਵਾਧੂ ਪਾਣੀ ਜਮ੍ਹਾ ਹੋ ਜਾਂਦੇ ਹਨ ਜਿਸ ਨਾਲ ਸੋਜਾਂ ਆ ਜਾਂਦੀਆਂ ਹਨ। ਇਹ ਸੋਜਾਂ ਚਿਹਰੇ ਤੇ ਅੱਖਾਂ ਦੁਆਲੇ ਸ਼ੁਰੂ ਹੁੰਦੀਆਂ ਹਨ ਜੋ ਬਾਅਦ ਵਿਚ ਲੱਤਾਂ-ਬਾਹਾਂ ਅਤੇ ਪੇਟ ਵਿਚ ਪਾਣੀ ਜਮ੍ਹਾਂ ਹੋਣ ਦੇ ਰੂਪ ਵਿਚ ਦਿਖਾਈ ਦਿੰਦੀਆਂ ਹਨ। ਦੋਵਾਂ ਗੁਰਦਿਆਂ ਦਾ 20% ਹਿੱਸਾ ਵੀ ਠੀਕ ਕੰਮ ਕਰਦਾ ਰਹੇ ਤਾਂ ਵੀ ਆਦਮੀ ਸਹੀ ਸਲਾਮਤ ਰਹਿੰਦਾ ਹੈ। ਗੁਰਦਿਆਂ ਦੀ ਕਿਰਿਆ ਘਟਣ ਨਾਲ ਖੂਨ ਵਿਚ ਯੂਰੀਆ ਦੀ ਵੀ ਮਾਤਰਾ ਵਧ ਜਾਂਦੀ ਹੈ ਅਤੇ ਗੁਰਦਿਆਂ ਦੀ ਕਿਰਿਆ ਬੰਦ ਹੋਣ ਨਾਲ ਪਿਸ਼ਾਬ ਵਿਚ ਕੈਲਸ਼ੀਅਮ ਸਟੀਰਾਈਡ, ਮੈਗਨੀਸ਼ੀਅਮ, ਅਮੋਨੀਅਮ ਫਾਸਫੇਟ ਅਤੇ ਨਮਕ ਦੀ ਮਾਤਰਾ ਵਧ ਹੋਣ ਨਾਲ ਇਹ ਛੋਟੇ-ਛੋਟੇ ਕਣ ਗੁਰਦਿਆਂ ਦੇ ਛੇਦਾਂ (ਪੋਣੀ) ਨੂੰ ਬੰਦ ਕਰ ਦਿੰਦੇ ਹਨ ਜਿਸ ਨੂੰ ਕਰੀਏਟਨ ਵਧਿਆ ਵੀ ਕਿਹਾ ਜਾ ਸਕਦਾ ਹੈ। ਇਸ ਦੌਰਾਨ ਭੁੱਖ ਘੱਟ ਲਗਦੀ ਹੈ, ਥਕਾਵਟ ਅਤੇ ਕਮਜ਼ੋਰੀ ਰਹਿੰਦੀ ਹੈ।

ਜਦ ਗੁਰਦੇ ਬਿਲਕੁਲ ਹੀ ਕੰਮ ਕਰਨਾ ਬੰਦ ਕਰ ਦੇਣ ਤਾਂ ਇਸ ਨੂੰ ਆਖਰੀ ਸਟੇਜ ਕਹਿ ਸਕਦੇ ਹਾਂ, ਇਸ ਦੇ ਕਈ ਕਾਰਨ ਹੋ ਸਕਦੇ ਹਨ ਜਿਵੇਂ ਪੁਰਾਣੀ ਸ਼ੂਗਰ, ਲੰਮੇ ਸਮੇਂ ਤੋਂ ਹਾਈ ਬਲੱਡ ਪਰੈਸ਼ਰ ਆਦਿ। ਗੁਰਦੇ ਫੇਲ੍ਹ ਹੋ ਜਾਣ ਤੇ ਆਧੁਨਿਕ ਚਿਕਿਤਸਾ ਪ੍ਰਣਾਲੀ ਵਿਚ ਇਸ ਦਾ ਹੱਲ ਹਾਲੇ ਤਕ ਗੁਰਦਾ ਬਦਲੀ ਕਰਵਾਉਣਾ ਹੈ। ਗੁਰਦਾ ਬਦਲੀ ਕਰਵਾਉਣ ਤਕ ਡਾਇਲੇਸਿਸ ਦਾ ਸਹਾਰਾ ਲੈਣਾ ਪੈਂਦਾ ਹੈ।

ਪਰ ਆਯੁਰਵੈਦਿਕ ਚਿਕਿਤਸਾ ਲਾਭਕਾਰੀ ਸਿੱਧ ਹੁੰਦੀ ਹੈ। ਆਯੁਰਵੇਦ ਅਨੁਸਾਰ ਜੜ੍ਹੀਆਂ-ਬੂਟੀਆਂ ਦੇ ਯੋਗਾਂ ਦੀ ਵਰਤੋਂ ਅਤੇ ਆਹਾਰ ਵਿਹਾਰ ਠੀਕ ਕਰਨ ਨਾਲ ਗੁਰਦਾ ਬਦਲੀ ਕਰਵਾਉਣ ਅਤੇ ਡਾਇਲੇਸਿਸ ਤੋਂ ਬਚਿਆ ਜਾ ਸਕਦਾ ਹੈ। ਡਾਇਲੇਸਿਸ ਕਰਵਾ ਰਹੇ ਨੂੰ ਵੀ ਸਿੱਧ ਅਜਮਾਇਸੀ ਫਾਰਮੂਲਿਆਂ ਦੀ ਵਰਤੋਂ ਨਾਲ ਚਮਤਕਾਰੀ ਲਾਭ ਪ੍ਰਾਪਤ ਹੁੰਦਾ ਹੈ।

ਗੁਰਦਿਆਂ ਦੇ ਮਰੀਜ਼ਾਂ ਲਈ ਹਿਤਕਾਰ ਖਾਣ-ਪਾਣ - ਹਲਕਾ ਜਲਦੀ ਹਜ਼ਮ ਹੋਣ ਵਾਲਾ ਭੋਜਨ, ਭੁੰਨਿਆ ਦਲੀਆ, ਤੋਰੀ, ਲੋਕੀ, ਬਾਥੂ, ਮਕੋ, ਫਲਾਂ ਵਿਚ ਪਪੀਤਾ, ਅਨਾਰ ਦਾਣਾ, ਮਕੋ ਫਲ ਲਾਭਕਾਰੀ ਹੈ।

ਅਹਿੱਤਕਰ (ਪ੍ਰਹੇਜ਼) ਦਹੀ, ਛਾਛ, ਬੈਂਗਣ, ਕੜੀ, ਤੇਜ਼ ਮਿਰਚ ਮਸਾਲੇ, ਗਰਮ ਮਸਾਲੇ, ਨਮਕ, ਪ੍ਰੋਟੀਨ ਯੁਕਤ ਭੋਜਨ, ਸ਼ਰਾਬ, ਮਾਸ ਅਤੇ ਹੋਰ ਨਸ਼ੀਲੇ ਪਦਾਰਥ ਹਾਨੀਕਾਰਕ ਹਨ।

**ਚਿਕਿਤਸਾ -** ਪੇਟ ਫੁੱਲਣ ਦੀ ਸਥਿਤੀ ਵਿਚ ਜ਼ਿਆਦਾ ਕਬਜ਼ ਹੋਣ ਤੇ 50 ਤੋਂ 100 ਐਮ.ਐਲ. ਅਰਿੰਡ ਤੇਲ ਸੋਣ ਤੋਂ ਪਹਿਲਾਂ ਦੁੱਧ ਵਿਚ ਪਾ ਕੇ ਲੈਣਾ ਲਾਭਕਾਰੀ ਹੈ। ਮਧੂਮੇਹ (ਸ਼ੂਗਰ) ਅਤੇ ਪ੍ਰਮੇਹ ਦੇ ਰੋਗੀ ਨੂੰ ਜ਼ਿਆਦਾ ਕਠਿਨਾਈ ਦਾ ਸਾਮ੍ਹਣਾ ਕਰਨਾ ਪੈਂਦਾ ਹੈ। ਅਜਿਹੀ ਸਥਿਤੀ ਵਿਚ ਜੰਗ ਹਰੜ (ਛੋਟੀ ਹਰੜ) ਅਰਿੰਡ ਤੇਲ ਵਿਚ ਭੁੰਨ ਕੇ ਚੂਰਨ ਕਰ ਕੇ ਹੋਰ ਦਵਾਈਆਂ ਦੇ ਨਾਲ-ਨਾਲ 10 ਗ੍ਰਾਮ ਰੋਜ਼ ਲੈਣਾ ਚਾਹੀਦਾ ਹੈ।

ਪੁਨਰਨਵਾ ਅਰਕ 30 ਮਿ.ਲੀ ਅਤੇ ਮਕੋ ਅਰਕ 30 ਮਿ.ਲੀ. ਦਿਨ ਵਿਚ ਤਿੰਨ ਵਾਰ ਅਨੁਪਾਣ ਰੂਪ ਨਾਲ ਸੇਵਨ ਕਰਨਾ ਲਾਭਕਾਰੀ ਹੈ। ਗੋਖਰੂ ਆਦਿ ਗੂਗਲ ਦੋ-ਦੋ ਵੱਟੀਆਂ ਸਵੇਰੇ-ਸ਼ਾਮ ਲੈਣੀਆਂ ਲਾਭਕਾਰੀ ਹਨ। ਕਿਸੇ ਵੀ ਦਵਾਈ ਦੀ ਵਰਤੋਂ ਚਿਕਿਤਸਕ ਦੀ ਦੇਖ-ਰੇਖ ਵਿਚ ਕਰਨੀ ਚਾਹੀਦੀ ਹੈ।

ਵੈਦ ਮੇਘਨਾਥ ਆਯੁਰਵੇਦਾਂ ਵਲੋਂ ਚਾਹ ਦੇ ਮਾੜੇ ਅਸਰਾਂ ਨੂੰ ਮੁੱਖ ਰਖਦੇ ਹੋਏ ਜੜ੍ਹੀਆਂ-ਬੂਟੀਆਂ ਦੇ ਮੇਲ ਚਾਹ ਤਿਆਰ ਕੀਤੀ ਗਈ ਹੈ ਜੋ ਕਿ 100% ਸ਼ੁੱਧ ਆਯੁਰਵੈਦਿਕ ਹੈ ਅਤੇ ਹਾਨੀ ਰਹਿਤ ਹੈ।

ਮੇਘ ਹਰਬਲ - ਸਵਾਦਿਸ਼ਟ ਸੁੰਗਧਿਤ, ਚੁਸਤੀ ਫੁਰਤੀਦਾਇਕ, ਬੱਚਿਆਂ ਲਈ ਚਾਹ।

ਲਾਹੇਵੰਦ, ਜ਼ੁਕਾਮ, ਨਜ਼ਲਾ, ਪੇਟ ਗੈਸ, ਜਲਣ, ਬਲੱਡ ਪਰੈਸਰ, ਸ਼ੂਗਰ ਅਤੇ ਦਿਲ ਦਿਮਾਗ ਲਈ ਅਤਿਅੰਤ ਲਾਭਕਾਰੀ ਹੈ। ਸਰੀਰ ਵਿਚ ਰੋਗ ਪ੍ਰਤੀਰੋਧਕ ਸ਼ਕਤੀ ਵਧਾਵੇ, ਹਰ ਮੌਸਮ ਹਰ ਉਮਰ ਵਿਚ ਸੇਵਨ ਕਰੋ। ਸਿਹਤ ਗਿਆਨ ਲਈ ਆਯੁਰਵੈਦਿਕ ਗਿਆਨ ਭੰਡਾਰ ਪੁਸਤਕ ਪੜ੍ਹੋ ਅਤੇ ਤੰਦਰੁਸਤੀ ਲਈ ਵਰਦਾਨ ਮੇਘ ਹਰਬਲ ਚਾਹ ਪੀਓ। ਗੁਰਦਿਆਂ ਦੇ ਜਟਿਲ-ਵਿਗੜੇ ਰੋਗਾਂ ਦੇ ਇਲਾਜ ਮਸ਼ਵਰੇ ਲਈ ਜਾਂ ਮੇਘ ਹਰਬਲ ਚਾਹ ਆਦਿ ਰਿਸਰਚ ਸੈਂਟਰ ਦੀਆਂ ਦਵਾਈਆਂ ਪ੍ਰਾਪਤ ਕਰਨ ਲਈ, ਆਪ ਜੀ ਫੋਨ ਅਤੇ ਸੰਪਰਕ ਕਰਕੇ ਨਿਮਨਲਿਖਤ ਪਤੇ ਤੇ ਮਿਲ ਸਕਦੇ ਹੋ।

ਹਰ ਬੁੱਧਵਾਰ, ਸ਼ਾਮ 4 ਵਜੇ ਤੋਂ 6 ਵਜੇ ਤਕ

ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਡਾਇਗੋਸਟਿਕ ਸੈਂਟਰ (ਪਹਿਲੀ ਮੰਜ਼ਿਲ) ਫੇਜ਼ 3ਬੀ1, ਮੋਹਾਲੀ।

ਵੈਦ ਮੇਘਨਾਥ ਚਿਕਿਤਸਾਲਯ ਅਤੇ ਪੰਚਕਰਮਾ ਸੈਂਟਰ) ਹਰ ਸੋਮਵਾਰ ਅਤੇ ਸ਼ੁਕਰਵਾਰ ਧੂਰੀ ਸੰਗਰੂਰ

********

(ਪੰਨਾ 43 ਦੀ ਬਾਕੀ)

ਦੀ ਸ਼ਹਾਦਤ ਦਿੰਦਾ ਹੈ। ਉਹ ਆਤਮਦਰਸ਼ੀ ਜਿਸਨੇ ਅੰਦਰਲੇ ਦੁਸ਼ਮਣਾਂ 'ਤੇ ਫਤਹਿ ਪਾ ਲਈ। ਅਸਲ ਸੂਰਮਤਾਈ ਓਹੀ ਬਾਹਰ ਵਿਖਾ ਸਕਦਾ ਹੈ, ਨਹੀਂ ਤਾਂ ਜਰ, ਜੋਰੂ, ਜ਼ਮੀਨ ਦੀ ਲੜਾਈ ਇਹ ਕੋਈ ਸੂਰਮਤਾਈ ਨਹੀਂ। ਇਥੇ ਤਾਂ ਜਿਥੇ ਮਨੋਨਾਸ਼, ਵਾਸ਼ਨਾ ਖ੍ਰੈ, ਤੱਤ ਗਿਆਨ ਹੈ। ਮੌਤ ਦਾ ਡਰ ਕਿਨ੍ਹਾਂ ਨੂੰ ਹੈ। ਉਹ ਪਾਪੀ -

*ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ ॥ ਅੰਗ - ੮੪*

ਪਰ ਜੋ ਧਰਮੀ ਹਨ ਉਹ ਡਰਦੇ ਨਹੀਂ।

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥ ਅੰਗ - ੧੩੬੫*

ਐਸਾ ਅਨੰਦ ਜਦੋਂ ਹਉਂ ਮਰਦੀ ਹੈ, ਇਹਦੇ ਮਾਰਨ ਦਾ ਢੰਗ -

*ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ।*

ਐਸਾ ਉਪਦੇਸ਼ ਗੁਰੂ ਜੀ ਦਾ ਹੈ।

ਐਸਾ ਮੰਤ੍ਰ ਜੋ ਧੰਨ ਗੁਰੂ ਨਾਨਕ ਪਾਤਸ਼ਾਹ ਮਹਾਰਾਜ 36 ਜੁਗ ਦੀ ਕਮਾਈ ਕਰਕੇ ਲੈ ਕੇ ਆਏ। ਐਸਾ ਇਹ ਮੰਤ੍ਰ ਹੈ ਕਿ - ***'ਨਿਰਭਉ ਜਪੈ ਸਗਲ ਭਉ ਮਿਟੈ ॥ ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ ॥'*** ਕਿਉਂਕਿ ਅਸੀਂ ਪ੍ਰਾਣੀ ਹਾਂ, ਪ੍ਰਾਣਧਾਰੀ ਹਾਂ। ਸਾਡੇ ਸਵਾਸ ਚਲਦੇ ਹਾਂ ਤੇ ਸਵਾਸ ਦੀ ਰਫਤਾਰ ਵਧਦੀ ਹੈ, ਤੇਜ਼ ਹੁੰਦੀ ਹੈ। ਜਦੋਂ ਗੁੱਸੇ 'ਚ 32, ਵਿਸ਼ੇ ਵਿਕਾਰ 'ਚ 64, ਚਲਤ 18, ਬੈਸਤ 12, ਸੋਵਤ 24; ਇਨਸਾਨ ਘਬਰਾਹਟ 'ਚ ਕਦੋਂ ਆਉਂਦਾ ਹੈ ਜਦੋਂ ਇਹ ਨਾਮ ਨੂੰ ਭੁੱਲਿਆ ਹੋਇਆ ਹੈ। ਨਾਮ ਨਾਲ ਜੁੜੇ ਹਾਂ ਫੇਰ ਤਾਂ ਐਸੀ ਸ਼ਾਂਤੀ, ਐਸਾ ਅਨੰਦ ਹੈ। ਬੈਖਰੀ 'ਚ ਬੋਲ ਕੇ, ਮਧਮਾ, ਪਸੰਤੀ, ਪਰਾ ਬਾਣੀ 'ਚ ਜਾ ਕੇ, ਇਹਦਾ ਫਲ ਕਿੰਨਾ ਹੀ ਵਧ ਜਾਂਦਾ ਹੈ। ਇਹ ਪ੍ਰਾਣੀ ਜਦੋਂ ਪ੍ਰਾਣ ਦੀ ਮਦਦ ਲੈ ਕੇ ਜਦੋਂ ਸੁਰਤ ਨੂੰ ਸ਼ਬਦ ਦੇ ਨਾਲ ਜੋੜਦਾ ਹੈ, ਸ਼ਬਦ ਦੀ ਅਵਾਜ਼ ਵਲ ਨੂੰ ਸੁਰਤ ਜਾਂਦੀ ਹੈ, ਮੰਜ਼ਲ-ਦਰ-ਮੰਜ਼ਲ ਜਾਂਦੀ ਹੈ। ਇਹ ਮੰਜ਼ਲਾਂ ਤਹਿ ਕਿਵੇਂ ਹੁੰਦੀਆਂ ਹਨ? ਕਰਮ, ਉਪਾਸਨਾ, ਗਿਆਨ, ਵਿਗਿਆਨ ਅਵਸਥਾਵਾਂ ਹਨ। ਕਰਮ ਯੋਗੀ ਕਰਮ ਤੋਂ ਨਹੀਂ ਭੱਜਦਾ, ਜ਼ਿੰਮੇਵਾਰੀ ਨਿਭਾਉਂਦਾ ਹੈ, ਉਹ ਸੂਰਮਾ ਹੈ, ਉਹਦੀ ਪਹਿਚਾਣ ਹੈ - 'ਸੂਰਾ ਸੋ ਪਹਿਚਾਨੀਐ, ਜੁ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ, ਕਬਹੂ ਨ ਛਾਡੈ ਖੇਤੁ॥' ਹੁਣ ਇਸ ਤਰ੍ਹਾਂ ਦੇ ਨਾਲ ਸੂਬੇ ਦੀ ਕਚਹਿਰੀ ਦੇ ਵਿਚ, ਸਾਹਿਬਜ਼ਾਦਿਆਂ ਦੇ ਗਿਆਨ ਦੇ ਅੱਗੇ, ਕਿਉਂਕਿ ਸੱਚ ਦੇ ਅੱਗੇ ਝੂਠ ਕਦੇ ਟਿਕ ਨਹੀਂ ਸਕਦਾ, ਨਿਰਉਤਰ ਹੋ ਜਾਂਦੇ ਨੇ। ਕਚਹਿਰੀ ਮਨਸੂਖ ਕਰ ਦਿਤੀ ਜਾਂਦੀ ਹੈ, ਉਠਾ ਦਿਤੀ ਜਾਂਦੀ ਹੈ ਅਗਲੇ ਦਿਨ ਵਾਸਤੇ। ਸੋ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤੀ ਹੈ। ਅਗਲੀ ਵਿਚਾਰ ਇਥੋਂ ਹੀ ਸ਼ੁਰੂ ਹੋਵੇਗੀ।

ਵਾਹਿਗੁਰੂ ਜੀ ਕਾ ਖਾਲਸਾ,
ਵਾਹਿਗੁਰੂ ਜੀ ਕੀ ਫਤਹਿ।

********

(ਪੰਨਾ 8 ਦੀ ਬਾਕੀ)

*ਕਹਾ ਨਾਮ ਤਾਕੋ ਕਹਾ ਕੈ ਕਹਾਵੈ॥*
*ਕਹਾ ਕੈ ਬਖਾਨੋ ਕਹੈ ਮੈ ਨ ਆਵੈ॥*
***(ਅਕਾਲ ਉਸਤਤਿ)***

ਜਿਹੜੇ ਵਾਹਿਗੁਰੂ ਜੀ ਦੇ ਦਰ ਆਣ ਢੱਠੇ, ਸਭ ਆਸਰੇ ਜਿਨ੍ਹਾਂ ਨੇ ਛੱਡ ਕੇ ਇਸ ਮਹਾਨ ਏਕੰਕਾਰ ਨਾਲ ਪਿਆਰ ਪੀਘਾਂ ਪਾ ਲਈਆਂ, ਉਹ ਨਰਾਇਣ ਦਾ ਰੂਪ ਹੋ ਕੇ ਹੀ ਨਿਬੜਦੇ ਹਨ ਇਹ ਉਸ ਪ੍ਰਭੂ ਦਾ ਹੀ ਬਿਰਧ ਹੈ। ਇਹ ਜੀਵਨ ਜੋ ਪ੍ਰਭੂ ਦੇ ਨਾਲ ਸਦੀਵੀ ਪਿਆਰ ਵਿਚ ਪਿਓਂਦਿਆ ਹੋਇਆ ਹੈ ਉਸ ਨੂੰ ਬੁਰੇ ਸਮੇਂ ਪੋਹ ਨਹੀਂ ਸਕਿਆ ਕਰਦੇ। ਉਹ ਪ੍ਰਭੂ ਦੀ ਬਖਸ਼ਿਸ਼ ਦੇ ਪਾਤਰ ਹੋ ਕੇ ਉਸ ਦੇ ਹੀ ਹੋ ਚੁਕਿਆ ਕਰਦੇ ਹਨ –

*ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ॥*
*ਪੋਖੁ ਸੁੋਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ॥*
***ਅੰਗ – 135***

ਵਾਹਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਹੈ, ਅਸੀਂ ਤੇਰਾ ਪਿਆਰ ਛੱਡ ਕੇ ਮਾਇਆ ਨਾਲ ਪਿਆਰ ਪਾਇਆ ਜਿਸਦੀ ਹੋਂਦ ਛਿੰਨ ਭੰਗਰ ਹੈ। ਅਸੀਂ ਨਹੀਂ ਮੰਨਦੇ ਕਿ ਤੂੰ ਸਦੀਵੀ ਹੈਂ, ਸਦਾ ਅਸਾਨੂੰ ਪਾਲਦਾ ਹੈਂ, ਵੇਖਦਾ ਹੈਂ, ਹਰ ਸਮੇਂ ਨਾਲ ਰਹਿੰਦਾ ਹੈਂ। ਤੂੰ ਸਦੀਵ ਸੁਖਾਂ ਦਾ ਭੰਡਾਰ ਹੈਂ, ਜਿਸ ਦੇ ਬਿਪ੍ਰੀਤ ਮਾਇਆ ਸਦਾ ਹੀ ਦੁਖਾਂ ਦਾ ਘਰ ਹੈ। ਕੀ ਹੋ ਗਿਆ ਅਸਾਡੀ ਬੁੱਧੀ ਨੂੰ, ਤੈਨੂੰ ਭੁੱਲ ਕੇ ਮਾਇਆ ਦੇ ਅਨੇਕ ਰੂਪਾਂ ਵਿਚ ਪਰਚੇ ਰਹਿੰਦੇ ਹਾਂ। ਕਿਤੇ ਮਾਇਆ ਦੇ ਰੂਪ ਘਰ ਮੰਦਰ ਹਨ, ਨਾਮਣੇ ਹਨ, ਸਬੰਧੀ ਪੁਤ੍ਰ ਧੀਆਂ ਹਨ। ਹੇ ਪ੍ਰਭੂ! ਕ੍ਰਿਪਾ ਕਰ, ਆਪਣੇ ਨਾਲ ਜੋੜ ਲੈ, ਅਸੀਂ ਭੀ ਤੱਤਿਆਂ ਝੋਲਿਆਂ ਤੋਂ ਬਚ ਕੇ ਤੇਰੇ ਪਿਆਰ ਦਾ ਅਨੰਦ ਮਾਣ ਸਕੀਏ।

********

(ਪੰਨਾ 46 ਦੀ ਬਾਕੀ)

ਕੋਈ ਬਦਲਾ ਲੈਣਾ ਵੀ ਹੈ, ਤਾਂ ਇਨ੍ਹਾਂ ਦੇ ਪਿਤਾ (ਗੁਰੂ ਜੀ) ਤੋਂ ਲਵਾਂਗੇ। ਇਹ ਤਾਂ ਬਹੁਤ ਵੱਡਾ ਪਾਪ ਹੋਵੇਗਾ। ਹੇ ਖੁਦਾ! ਇਹ ਕਿੱਡਾ ਵੱਡਾ ਜ਼ੁਲਮ ਹੈ। ਨਵਾਬ ਮਲੇਰਕੋਟਲਾ ਨੇ ਹਾਅ ਦਾ ਨਾਹਰਾ ਮਾਰਿਆ। ਸਿੱਖ ਸੰਗਤ ਵੀ ਤਾਹੀਓਂ ਸਦਾ ਮਲੇਰਕੋਟਲਾ ਦੇ ਨਵਾਬਾਂ ਦਾ ਸਤਿਕਾਰ ਕਰਦੀ ਆਈ ਹੈ। ਬੱਚਿਆਂ ਨੂੰ ਨੀਹਾਂ ਵਿਚ ਚਿਣ ਦਿਤਾ ਗਿਆ। ਨਿੱਕੀਆਂ ਜਿੰਦਾਂ ਜਪੁਜੀ ਦੇ ਪਾਠ ਉਚਾਰਦੀਆਂ ਚੜ੍ਹਦੀ ਕਲਾ ਦਾ ਦ੍ਰਿਸ਼ ਪੇਸ਼ ਕਰਦੀਆਂ ਰਹੀਆਂ। ਬੱਚੇ ਪ੍ਰੀਖਿਆ ਵਿਚ ਪਾਸ ਹੋਏ। ਮਾਤਾ ਗੁਜਰੀ ਜੀ ਵੀ ਬੱਚਿਆਂ ਤੋਂ ਸੁਰਖਰੂ ਹੋ ਕੇ ਬ੍ਰਹਮਲੀਨ ਹੋ ਗਏ।

ਗੁਰੂ ਜੀ ਨੇ ਸਾਰੀ ਵਾਰਤਾ ਸੁਣ ਕੇ ਇਕ ਬੂਟਾ ਪੁੱਟਿਆ ਤੇ ਫੁਰਮਾਨ ਕੀਤਾ, ਹੁਣ ਮੁਗਲ ਰਾਜ ਦੀ ਜੜ੍ਹ ਪੁੱਟੀ ਗਈ ਹੈ। ਇਹ ਵਾਕ ਸੱਚੇ ਸਿੱਧ ਹੋਏ। ਗੁਰੂ ਪਾਤਸ਼ਾਹ ਦੇ ਸਿਰਜੇ ਖਾਲਸੇ ਨੇ ਸਦੀਆਂ ਤੋਂ ਲਿਤਾੜੇ, ਲੁੱਟੇ ਤੇ ਮਾਰੇ ਜਾ ਰਹੇ ਹਿੰਦੁਸਤਾਨ ਦੇ ਵਾਸੀਆਂ ਨੂੰ ਮੁਗਲ ਹਕੂਮਤ ਤੋਂ ਨਿਜਾਤ ਦਿਵਾਈ। ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਵਿਰੁੱਧ ਪੰਜਾਬ ਵਿਚ ਐਸੀ ਜਾਗਰਤੀ ਆਈ ਕਿ ਨਿਮਾਣੀ-ਨਿਤਾਣੀ ਜਨਤਾ ਗੁਰੂ ਕੇ ਅੰਮ੍ਰਿਤ ਦੀ ਦਾਤ ਲੈ ਕੇ ਮੁਗਲਾਂ ਨਾਲ ਜੂਝਣ ਵਾਲੇ ਜੱਥਿਆਂ ਵਿਚ ਸ਼ਾਮਲ ਹੋਣ ਲੱਗ ਪਈ ਅਤੇ ਕੁਝ ਸਾਲਾਂ ਵਿਚ ਹੀ ਮੁਗਲ ਹਕੂਮਤ ਦੇ ਪੈਰ ਉਖੜ ਗਏ। ਪੰਜਾਬ ਵਿਚ ਪੰਜਾਬੀਆਂ ਦਾ ਆਪਣਾ ਰਾਜ ਸਥਾਪਤ ਹੋ ਗਿਆ। ਅਸੀਂ ਬਾਰ-ਬਾਰ ਨਮਸ਼ਕਾਰ ਕਰਦੇ ਹਾਂ, ਸਾਹਿਬਜ਼ਾਦਿਆਂ ਦੀ ਮਹਾਨ ਕਰਣੀ ਨੂੰ ਅਤੇ ਉਨ੍ਹਾਂ ਸੰਗ ਸ਼ਹੀਦ ਹੋਏ ਗੁਰੂ ਜੀ ਦੇ ਸਭ ਸੰਗੀਆਂ-ਸਾਥੀਆਂ ਨੂੰ ਜਿਨ੍ਹਾਂ ਨੇ ਸੱਚ ਦੀ, ਅਮਨ ਦੀ, ਆਜ਼ਾਦੀ ਦੀ ਲੜਾਈ ਲਈ ਸ਼ਹੀਦੀਆਂ ਪ੍ਰਾਪਤ ਕੀਤੀਆਂ। ਮਨੁੱਖਤਾ ਦੇ ਇਤਿਹਾਸ ਵਿਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਬੇਮਿਸਾਲ ਹੈ।

********

# ਅਸਥਾਨ ਦੇ ਪ੍ਰੋਗਰਾਮ

**ਮਹੀਨੇ ਦਾ ਪਹਿਲਾ ਐਤਵਾਰ ਬਲੌਂਗੀ ਤੇ ਬਾਕੀ ਤਿੰਨ ਐਤਵਾਰ ਰਤਵਾੜਾ ਸਾਹਿਬ।**

**ਸਮਾਂ – 12.00 ਵਜੇ ਤੋਂ 4.00 ਵਜੇ ਤੱਕ ।**

**ਸੰਗਰਾਂਦ – 16 ਦਸੰਬਰ, ਦਿਨ ਬੁੱਧਵਾਰ**

**(ਸਮਾਂ ਸਵੇਰੇ 5.30 ਵਜੇ ਤੋਂ 7.30 ਵਜੇ ਤੱਕ)**

**ਪੂਰਨਮਾਸ਼ੀ – 25 ਦਸੰਬਰ, ਦਿਨ ਸ਼ੁੱਕਰਵਾਰ**

**(ਸਮਾਂ – ਦੁਪਹਿਰ 12.00 ਤੋਂ 4.00 ਵਜੇ ਤੱਕ)**

**ਅੰਮ੍ਰਿਤ ਸੰਚਾਰ – ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਹੁੰਦਾ ਹੈ।**

**ਰਾਤ ਦੀ ਪੂਰਨਮਾਸ਼ੀ – ਨਿਰਮਲ ਡੇਰਾ ਹਿਰਦਾਪੁਰ ਖੇੜੀ (ਨੇੜੇ ਬਿੰਦਰਖ)**

**(ਸਮਾਂ - ਸ਼ਾਮ 6.00 ਤੋਂ ਰਾਤ 12.00 ਵਜੇ ਤੱਕ)**

# ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜੀ ਜਾਵੇ –

## ਭਾਰਤ (INDIA)

**ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ**

**Vishav Gurmat Roohani Mission Charitable Trust (Atam Marg Magazine)**

**S/B A/C No. 12861000000003 RTGS/IFSC Code - PSIB0021286**

**Branch Code - C1286**

ਦਸਵੰਧ ਭੇਜਣ ਲਈ –

**Vishav Gurmat Roohani Mission Charitable Trust**

**SB A/C No. 12861000000001 RTGS/IFSC Code - PSIB0021286**

**Branch Code - C1286**

## ਵਿਦੇਸ਼ (Abroad)

**Vishav Gurmat Roohani Mission Charitable Trust**

**Punjab National Bank SB A/C No. 0779000100179603**

**RTGS/IFSC Code - PUNB0077900 Branch Code - 077900**

ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ **Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901** ਨੂੰ ਭੇਜਿਆ ਜਾਵੇ ਜੀ।

**********

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋਂ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ।

**ਕਿਰਪਾ ਕਰਕੇ ਚੈਕ ਜਾਂ ਬੈਂਕ ਡਰਾਫਟ** "VGRMCT/ATAM MARG MAGAZINE" **ਦੇ ਨਾਂ ਤੇ ਭੇਜਿਆ ਜਾਵੇ ਜੀ।**

✓ ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

**within India**

| Subscription Period | By Ordinary Post/Cheque | By Registered Post/Cheque |
|---|---|---|
| 1 Year | Rs. 300/320 | |
| 3 Year | Rs. 750/770 | |
| 5 Year | Rs. 1200/1220 | |
| Life | Rs 3000/3020 | |

***Foreign Membership***

| | Annual | Life |
|---|---|---|
| U.S.A. | 60 US$ | 600 US$ |
| U.K. | 40 £ | 400 £ |
| Euro | 50 • | 500 • |

ਪੁਰਾਣੇ ਅੰਕ ਮੰਗਵਾਉਣ ਲਈ ਟਿਕ ਕਰੋ ਜੀ

| ਜਨਵਰੀ | ਫਰਵਰੀ | ਮਾਰਚ | ਅਪ੍ਰੈਲ | ਮਈ | ਜੂਨ | ਜੁਲਾਈ | ਅਗਸਤ | ਸਤੰਬਰ | ਅਕਤੂਬਰ | ਨਵੰਬਰ | ਦਸੰਬਰ |
|---|---|---|---|---|---|---|---|---|---|---|---|
| ☐ | ☐ | ☐ | ☐ | ☐ | ☐ | ☐ | ☐ | ☐ | ☐ | ☐ | ☐ |

ਨਾਮ/Name ਅਤੇ ਪਤਾ/Address........................................................................................

........................................................................................................................

........................................Pin Code........................................Phone.................................. E-mail :..................................

ਮੈਂ.......................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ...........................ਮਿਤੀ................................ਰਾਹੀਂ ਭੇਜ ਰਿਹਾ ਹਾਂ।

ਦਸਖਤ................................

# ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ, ਰਤਵਾੜਾ ਸਾਹਿਬ

**ਸਮਾਂ : ਸਵੇਰੇ 9.30 ਤੋਂ 2.00 ਤੱਕ (ਸੋਮਵਾਰ ਤੋਂ ਸ਼ਨਿੱਚਰਵਾਰ)**

**ਫੋਨ ਨੰ: 098148-01860, Email : swscharitablehospital@gmail.com**

| | ਡਾਕਟਰ ਦਾ ਨਾਮ | ਸਪੈਸ਼ਲਿਸਟ | ਦਿਨ |
|---|---|---|---|
| 1. | ਡਾ. ਸੁਖਦੇਵ ਕੌਰ ਗਰੇਵਾਲ | ਔਰਤਾਂ ਸਬੰਧੀ ਰੋਗਾਂ ਦੇ ਮਾਹਿਰ | ਸੋਮਵਾਰ |
| 2. | ਡਾ. ਜਸਬੀਰ ਕੌਰ | ਜਨਰਲ ਮੈਡੀਸਨ | ਸੋਮਵਾਰ |
| 3. | ਡਾ. ਹਰਬੰਸ ਸਿੰਘ | ਹੱਡੀਆਂ ਅਤੇ ਜੋੜਾਂ ਲਈ | ਮੰਗਲਵਾਰ |
| 4. | ਡਾ. ਤੇਜਿੰਦਰ ਸਿੰਘ | ਜਨਰਲ ਮੈਡੀਸਨ (ਐਮ.ਬੀ.ਬੀ.ਐਸ.) | ਮੰਗਲਵਾਰ |
| 5. | ਡਾ. ਐਮ. ਐਲ. ਕਟਾਰੀਆ | ਜਨਰਲ ਮੈਡੀਸਨ/ਸਰਜਨ, ਐਮ.ਐਸ, ਡੀ.ਐਨ.ਬੀ., ਡੀ.ਓ.ਐਮ.ਐਸ, ਡੀ.ਐਮ.ਆਰ.ਈ, ਫੈਲੋ ਇੰਡੀਅਨ ਅਕੈਡਮੀ ਆਫ ਮੈਡੀਕਲ ਸਪੈਸ਼ਲਿਟੀਜ਼) | ਬੁੱਧਵਾਰ |
| 6. | ਡਾ. ਭਗਤ ਸਿੰਘ ਮੱਕੜ | ਜਨਰਲ ਮੈਡੀਸਨ/ਈ.ਐਨ.ਟੀ/ਬਲੱਡ ਸ਼ੂਗਰ ਆਦਿਕ | ਬੁੱਧਵਾਰ |
| 7. | ਡਾ. ਜੇ. ਐਸ. ਗੁਜਰਾਲ | ਜਨਰਲ ਮੈਡੀਸਨ/ਬੱਚਿਆਂ ਦੇ ਸਪੈਸ਼ਲਿਸਟ | ਬੁੱਧਵਾਰ |
| 8. | ਡਾ. ਆਰ.ਐਸ ਸੰਧੂ | ਹੱਡੀਆਂ ਅਤੇ ਜੋੜਾਂ ਦੇ ਸਪੈਸ਼ਲਿਸਟ | ਵੀਰਵਾਰ |
| 9. | ਡਾ. ਸੰਤੋਸ਼ ਅਨੇਜਾ | ਜਨਰਲ ਮੈਡੀਸਨ | ਵੀਰਵਾਰ |
| 10. | ਡਾ. ਐਸ.ਮਲਹੋਤਰਾ | ਔਰਤਾਂ ਸਬੰਧੀ ਰੋਗਾਂ ਦੇ ਮਾਹਿਰ | ਵੀਰਵਾਰ |
| 11. | ਡਾ. ਐਸ.ਕੇ ਬਾਂਸਲ | ਜਨਰਲ ਮੈਡੀਸਨ | ਸ਼ੁਕਰਵਾਰ |
| 12. | ਡਾ. ਵਰਿੰਦਰ ਸਿੰਘ | ਜਨਰਲ ਮੈਡੀਸਨ ਅਤੇ ਚਮੜੀ ਰੋਗਾਂ ਲਈ, ਏਅਰੋ ਸਪੇਸ ਮੈਡੀਸਨ | ਸ਼ੁਕਰਵਾਰ |
| 13. | ਡਾ. ਬਲਜੀਤ ਸਿੰਘ | ਦਿਲ ਦੇ ਰੋਗਾਂ ਦੇ ਮਾਹਿਰ | ਸ਼ਨੀਵਾਰ |
| 14. | ਡਾ. ਜਸਬੀਰ ਕੌਰ | ਜਨਰਲ ਮੈਡੀਸਨ | ਸ਼ਨੀਵਾਰ |

*** ਹਸਪਤਾਲ ਵਿਖੇ ਫੀਜ਼ੀਓਥੈਰੇਪੀ ਸੈਂਟਰ ਚਾਲੂ ਹੈ। ਡਾ. ਸਵੇਤਾ ਫੀਜ਼ੀਓਥਰੈਪਿਸਟ ਸੋਮਵਾਰ ਤੋਂ ਸ਼ੁਕਰਵਾਰ ਆਉਂਦੇ ਹਨ।**

*** ਹੋਮਿਉਪੈਥਿਕ ਡਾ. ਗੁਰਪ੍ਰੀਤ ਕੌਰ ਸੰਧੂ, ਹੋਮਿਉਪੈਥਿਕ ਮੈਡੀਕਲ ਕਾਲਜ ਸੈ: 26, ਚੰਡੀਗੜ੍ਹ ਤੋਂ ਹਰ ਬੁੱਧਵਾਰ ਸਮਾਂ - 10 ਤੋਂ 12 ਵਜੇ ਤੱਕ ਪਹੁੰਚਦੇ ਹਨ।**

*** ਐਕਊਪਰੈਸ਼ਰ ਲਈ ਡਾ. ਭਗਵੰਤ ਰਾਏ (ਧਮੋਟ ਵਾਲੇ) ਹਰ ਵੀਰਵਾਰ ਮਰੀਜ਼ਾਂ ਦੀ ਸੇਵਾ ਲਈ ਹਸਪਤਾਲ ਵਿਖੇ ਆਉਂਦੇ ਹਨ। ਸਮਾਂ - 10 ਤੋਂ 12.30**

# ਲੈਬੋਰੇਟਰੀ ਟੈਸਟ ਅਤੇ ਹੋਰ ਸਹੂਲਤਾਂ

**1. ਬਲੱਡ ਟੈਸਟ, 2. ਸਾਰੇ ਬਲੱਡ ਸੈੱਲ ਕਾਊਂਟ ਟੈਸਟ 3. ਬਲੱਡ ਸ਼ੂਗਰ ਟੈਸਟ 4. ਕਿਡਨੀ ਟੈਸਟ 5. ਲਿਵਰ ਟੈਸਟ 6.ਲਿਪਿਡ ਪਰੋਫਾਈਲ ਟੈਸਟ 7. ਥਾਇਰਾਇਡ ਟੈਸਟ, 8. ਹਿਮਿਓਗਲੋਬਿਨ ਟੈਸਟ 9. ਪੇਸ਼ਾਬ ਟੈਸਟ (ਰੁਟੀਨ ਅਤੇ ਕਲਚਰ) 10. ਸਟੂਲ ਟੈਸਟ, 11. ਈ.ਸੀ.ਜੀ , 12. ਐਕਸਰੇ**

*** ਸਾਰੇ ਲੈਬੋਰੇਟਰੀ ਟੈਸਟ ਅੱਧੀ ਕੀਮਤ ਤੇ ਕੀਤੇ ਜਾਂਦੇ ਹਨ ਅਤੇ ਮਰੀਜ਼ਾਂ ਨੂੰ ਦਵਾਈਆਂ ਬਿਨਾਂ ਮੋਖ (ਫਰੀ) ਦਿਤੀਆਂ ਜਾਂਦੀਆਂ ਹਨ।**

# ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

**ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲੱਬਧ ਹਨ।**

| | ਪੁਸਤਕ ਦਾ ਨਾਮ | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 120/- | 70/- |
| 2. | ਕਿਵ ਕੂੜੈ ਤੁਟੈ ਪਾਲਿ | | 35/- |
| 3. | ਬਾਤ ਅਗੰਮ ਕੀ (ਸੱਤ ਭਾਗਾਂ ਦਾ ਸੰਗ੍ਰਹਿ) | 400/- | 235/- |
| 4. | ਕਿਵ ਸਚਿਆਰਾ ਹੋਈਐ - (ਤਿੰਨ ਭਾਗਾਂ ਦਾ ਸੰਗ੍ਰਹਿ) | 400/- | |
| 5. | ਹੋਵੈ ਅਨੰਦੁ ਘਣਾ | | 30/- |
| 6. | ਚਉਥੈ ਪਹਰਿ ਸਬਾਹ ਕੈ | 55/- | 60/- |
| 7. | ਸੁਰਤਿਆਂ ਉਪਜੈ ਚਾਉ | 55/- | 60/- |
| 8. | ਬਾਬਾਣੀਆਂ ਕਹਾਣੀਆਂ | 50/- | 50/- |
| 9. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 10. | ਅੰਮ੍ਰਿਤ ਫੁਹਾਰ | 10/- | 10/- |
| 11. | ਅਗੰਮ ਅਗੋਚਰ ਦਾ ਮਾਰਗ | 60/- | 70/- |
| 12. | ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- |
| 13. | ਅਮਰ ਜੋਤਾਂ | 20/- | 15/- |
| 14. | ਹਿਮਾਲਿਆ ਦੇ ਸੰਤਾਂ ਦੇ ਸੰਗ ਨਿਵਾਸ | 100/- | |
| 15. | ਅਮਰ ਗਾਥਾ | 200/- | 100/- |
| 16. | ਧਰਮ ਯੁਧ ਕੇ ਚਾਇ | 50/- | |
| 17. | ਪਵਿੱਤਰ ਪੈਂਡਾ | 25/- | |
| 18. | ਭਗਤ ਪ੍ਰਹਿਲਾਦ | 10/- | 10/- |
| 19. | ਵੈਸਾਖੀ | 10/- | 10/- |
| 20. | ਰਾਜ ਯੋਗ | | |
| 21. | ਸਾਜਨ ਚਲੇ ਪਿਆਰਿਆ | 10/- | 10/- |
| 22. | ਅਬਿਨਾਸੀ ਜੋਤ ਭਾਗ - 1 | 90/- | 90/- |
| 23. | ਅਬਿਨਾਸੀ ਜੋਤ ਭਾਗ - 2 | 90/- | 90/- |
| 24. | ਰੂਹਾਨੀ ਗੁਲਦਸਤਾ ਭਾਗ - 1 | 60/- | 60/- |
| 25. | ਰੂਹਾਨੀ ਗੁਲਦਸਤਾ ਭਾਗ - 2 | 60/- | 60/- |
| 26. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 27. | ਅੰਮ੍ਰਿਤ ਬਚਨ ਸਾਧ ਕੀ ਬਾਣੀ | | |
| 28. | ਗੁਰੂ ਅਮਰਦਾਸ ਪਰਸੀਐ | 120/- | |
| 29. | ਭਗਵਤ ਗੀਤਾ.............। | 100/- | |
| 30. | ਅਨੰਦਮਈ ਜੀਵਨ ਜਾਚ | 50/- | |
| 31. | ਪੱਤਰਕਾਰ ਦੇ ਪ੍ਰਸ਼ਨ ਮਹਾਂਪੁਰਸ਼ਾਂ ਵਲੋਂ ਉੱਤਰ | 60/- | |
| 32. | ਅਨੁਭਵੀ ਪ੍ਰਵਚਨ | | |
| 33. | ਰਿਸ਼ੀਆ ਮੁਨੀਆਂ ਦਾ ਬ੍ਰਹਮਗਿਆਨ | 35/- | |
| 34. | ਅੰਦਰਲੀ ਖੋਜ | 300/- | |
| 35. | ਸਿਮਰਤ ਕਹਾਂ ਨਹੀਂ | | |
| 36. | ਰੂਹਾਨੀ ਪ੍ਰਵਚਨ | 35/- | |
| 37. | 'ਸੇਵਾ ਸਿਮਰਨ ਜੁਗਤੀਆਂ | 250/- | |
| 38. | 'ਮਾਨੁਖ ਤਨ ਦਾ ਪ੍ਰਯੋਜਨ' | | |
| 39. | 'ਯੋਗਾ ਉਪਰ ਲੈਕਚਰ' | | |
| 40. | 'ਕਰਮ ਬੰਧਨ ਤੋਂ ਮੁਕਤੀ' | | |
| 41. | ਜੀਵਨ ਜੁਗਤਿ | | |
| 42. | ਮਾਰਗ ਚੋਣ | 60/- | |
| 43. | ਮਨੋਭਾਵਾਂ ਦੀ ਰਚਨਾਤਮਕ ਵਰਤੋਂ | 50/- | |
| 44. | ਆਤਮ ਗਿਆਨ | 120/- | |
| 45. | ਜਨਮ ਪਦਾਰਥੁ ਸਫਲੁ ਹੋਇ | 120/- | |

| | ਪੁਸਤਕ ਦਾ ਨਾਮ | ਪੰਜਾਬੀ |
|---|---|---|
| 46. | ਜਨ ਪਰਉਪਕਾਰੀ ਆਏ (ਭਾਗ -1) | 65/- |
| 47. | ਜਨ ਪਰਉਪਕਾਰੀ ਆਏ (ਭਾਗ -2) | 65/- |
| 48. | ਗੁਰ ਅੰਗਦ ਅਮਰ ਨਿਧਾਨ | 10/- |
| 49. | ਕਲਜੁਗਿ ਜਹਾਜ ਅਰਜੁਨ ਗੁਰ | 100/- |
| 50. | ਧਰਮ ਹੇਤਿ ਸਾਕਾ | 20/- |
| 51. | ਮੰਝ ਗੁਰੂ ਕਾ ਬੋਹਿਥਾ | 30/- |
| 52. | ਜਾ ਕੈ ਮਨਿ ਗੁਰ ਕੀ ਪਰਤੀਤ | 30/- |
| 53. | ਗੁਰੂ ਗ੍ਰੰਥ ਜੀ ਮਾਨਿਉ | 10/- |
| 54. | ਬਾਬਾ ਬੰਦਾ ਸਿੰਘ ਬਹਾਦਰ | 10/- |
| 55. | ਤ੍ਰੈ ਸ਼ਤਾਬਦੀ | 20/- |

| | English Version | Price |
|---|---|---|
| 1. | Baisakhi (ਵੈਸਾਖੀ) | . 5/- |
| 2. | How Rend The Veil of Untruth (ਕਿਵ ਕੂੜੈ ਤੁਟੈ ਪਾਲਿ) | . 70/- |
| 3. | Discourses on the Beyond-1 (ਬਾਤ ਅਗੰਮ ਕੀ ਭਾਗ ੧) | 50/- |
| 4. | Discourses on the Beyond -2 (ਬਾਤ ਅਗੰਮ ਕੀ ਭਾਗ ੨) | 50/- |
| 5. | Discourses on the Beyond -3 (ਬਾਤ ਅਗੰਮ ਕੀ ਭਾਗ ੩) | 50/- |
| 6. | Discourses on the Beyond -4 (ਬਾਤ ਅਗੰਮ ਕੀ ਭਾਗ ੪) | 60/- |
| 7. | Discourses on the Beyond -5 (ਬਾਤ ਅਗੰਮ ਕੀ ਭਾਗ ੫) | 60/- |
| 8. | The way to the imperceptible (ਅਗੰਮ ਅਗੋਚਰ ਦਾ ਮਾਰਗ) | 80/- |
| 9. | The Lights Immortal (ਅਮਰ ਜੋਤਾਂ) | 20/- |
| 10. | Transcendental Bliss (ਚਉਥੈ ਪਹਿਰ ਸਬਾਹ ਕੈ) | 70/- |
| 11. | How to Know Thy Real Self-(Vol-1) (ਕਿਵ ਸਚਿਆਰਾ ਹੋਈਐ) | 80/- |
| 12. | How to Know Thy Real Self-(Vol-2) (ਕਿਵ ਸਚਿਆਰਾ ਹੋਈਐ) | 80/- |
| 13. | How to Know Thy Real Self-(Vol-3) (ਕਿਵ ਸਚਿਆਰਾ ਹੋਈਐ) | 110/- |
| 14. | The Dawn of Khalsa Ideals | . 10/- |
| 15. | A Glimpse of His Holiness - Baba ji | . 5/- |
| 16. | Divine Word Contemplation Path', (ਸੁਰਤਿ ਸਬਦਿ ਮਾਰਗ) | 150/- |
| 17. | The Story of Immortality (ਅਮਰ ਗਾਥਾ) | 260/- |
| 18. | Why not thy contemplate the Lord? (ਸਿਮਰਤ ਕਹਾ ਨਹੀਂ ?) | 200/- |

**ਉਪਰੋਕਤ ਪੁਸਤਕਾਂ ਆਪ ਜੀ ਮਨੀਆਰਡਰ,ਚੈਕ ਜਾਂ ਬੈਂਕ ਡਰਾਫਟ ਰਾਹੀਂ ਰਤਵਾੜਾ ਸਾਹਿਬ ਤੋਂ ਮੰਗਵਾ ਸਕਦੇ ਹੋ ਜਾਂ ਟਰਸਟ ਦੇ ਅਕਾਊਂਟ ਵਿੱਚ ਸਿੱਧੀ ਮਾਇਆ ਜਮਾਂ ਕਰਵਾ ਕੇ ਮੋਬਾਇਲ ਨੰਬਰ 9417214391, 9417214379, 95922009106 ਤੇ ਸੂਚਿਤ ਕਰ ਸਕਦੇ ਹੋ।**

**A/c Name : Vishav Gurmat Roohani Mission Charitable Trust (Atam Marg Magazine)**

Punjab & Sind Bank - **S/B A/C No. 12861000000003**

**RTGS/IFSC Code - PSIB0021286\ Branch Code - C1286**

**Our Address: VGRMCT, Gurdwara Ishar Parkash, Ratwara Sahib, (Near Chandigarh) P.o. Mullanpur Garibdas, Teh. Kharar, Distt. S.A.S Nagar (Mohali) 140901, Pb. India**

# How to Serve The Lord and Meditate on Him ?

*Sant Waryam Singh Ji*
*English Translation: Prof. Beant Singh*

*(Continued from P. 79, issue November, 2015)*

***Refrain:*** ***Wealth, youth and beds of flowers, bloom not forever.***

**ਧਾਰਨਾ – ਧੰਨ ਜੋਬਨ ਫੁੱਲਾਂ ਦੀਆਂ ਵਾੜੀਆਂ**
**ਖਿੜੀਆਂ ਨਾ ਸਦਾ ਰਹਿੰਦੀਆਂ – 2.**

Listening to the *'kirtan'* (singing of *Gurbani*), prominent Sikhs in the congregation got up and went away. They went to Baba Lal Singh Ji who was incharge of the *'langar'* (community kitchen). If he made any request, Baba Ji never turned it down. They said to him, "Baba Ji! Sant Maharaj has really decided to leave us. What will the devotes do when he is gone?"

On that occasion, as the head of all the devotees, putting an apron round his neck, he came to Baba Karam Singh Ji, paid obeisance to him. Baba Ji said, "Lal Singh! What is the matter?"

He said, "Sovereign! I cannot bear the sorrow of the congregation over your leaving the world. It is difficult to bear separation from you." Baba Ji became quiet. After considerable time, he said, "Lal Singh Ji! two years, two months and two days of your life are still remaining. Well! let us do like this. You leave the world at 4.30 p.m. today in my place, and I shall come in your place for this period."

He said, "Go! take bath, including head bath. Put on clothes and come back."

It was 2 o'clock, but he (Baba Lal Singh) was still serving food in the *'langar'* (community kitchen). Baba Ji's command came again. He took bath, including head bath, put on very nice clothes and reached the congregation at 4 p.m. At that moment, all became silent. He recited Jap Ji Sahib with perfect concentration of mind. Many Englishmen had come there because Hoti Mardan was a cantonment. They all sat there to see how the Sikhs left the world of their own accord.

When only five minutes were left, it was 4.25 p.m., he stood up, prayed and fell at Baba Ji's feet.

He said, "Sovereign! I have spent my life here. I do not know how many disobediences of your orders I might have committed. Be merciful to me."

Baba Ji blessed him, and he lay in the coffin. When five minutes passed, Baba Ji said, "Brothers! see him."

When the *Sewadars* (attendants) examined the coffin, they said, "Sir! he has passed away. He has left the mortal frame."

These are not difficult and impossible things. Let me narrate a small incident. When I used to perform *'Kirtan'* (*Gurbani* singing) in Uttar Pradesh, a woman used to come. Her name was Gurmit Kaur, but she

was affectionately called Mito. She said, "Don't marry me off because I am going to leave the world at the age of 24 years. She even started telling the date of her death – 15th Haar (Indian month corresponding to June-July). Since then, people started calling her insane.' Even while sitting in the village, she started predicting where I was performing *kirtan* at a particular time – "Baba Ji is now performing *'kirtan'* at such and such place."

People started saying that she had gone mad. She said, "I can perform *'kirtan'* (*Gurbani* singing) also, if a harmonium is given to me." She used to come to the holy congregation. Once her relatives ,who lived near us, went to her house.

She said, "Bhaiya Ji! (Sister's husband) don't go now. Only fifteen days of my life are left. Berths are difficult to get in trains. Moreover, it is summer month. You will be put to inconvenience. I am going to give up my mortal body fifteen days from now."

He said, "You are always talking of this thing."

A day before her death, she met everybody. In the evening, she recited *'Rehras Sahib'* by touching the walls of her house.

Her mother said, "Mito! today, you have started another thing."

She said, "Mother! I am purifying the house. When I am gone, who is going to read or recite *'Rehras Sahib'*! I am consecrating the house." Thereafter; she said, "Mother! come here. You do not know about the locks and their keys. Let me tell you about them."

She entrusted everything to her mother, and explained everything about the locks and their keys. In the morning came a holy man from Sadhugarh. She said, "Holyman! I am going to die tomorrow. You are to do the *'path'* (reading or recitation) of *'Kirtan Sohla'*. Twice, you will do it wrongly. In the third try will you do it correctly." He asked, "Is it?"

She said, "Yes sir! I have partaken of *'amrit'* for the second time, in case I may have made some mistake for which I may be forgiven." At that moment, she said to her mother," Give me provisions for *'prasad'* (sweet pudding)." She took the provisions, cleaned the pan, plastered the hearth with clay and said, "I am going to leave at noon. Prepare the *'prasad'* yourself when I am gone." She further said, "Don't be frightened. I will vomit only once. Nothing else will happen to me, and I will pass away."

In the morning, her father set out for Rajpura with a cartload of wheat. She said, "Father! Don't go. Today, I am going to pass away."

He said, "You are always talking foolishly. I am not going ruin my crop by listening to you. I have to bring manure also." At this, she said, "In that case, come soon."

At noon, she spread a cot. When her mother asked her about it, she said, "Today, Singhs are coming to take me away. Baba Ji will also come. He will sit on this cot. Surely, some place is needed for him to sit." When the time came, and her father did not return, she started raising Sikh salutations. Her mother said, "Why are you raising salutations."

She said, "Those who have come to take me away raised the salutation. I have only responded to them." Nobody could understand because the visitors were not visible.

She said, "Baba Ji! please sit here on the cot, but I am not going as yet. My father is away to Rajpura. I do not know when he will come. Therefore, come at 10 o'clock at night."

He said, "All right! we will come at 10 p.m. be ready."

She said, "I am perfectly ready. You should come at 10 p.m. let my father come, otherwise, he will continue repenting that he did not meet me before my death." So, in the evening, he returned with the manure.

She said, "Father! You took so long to return. Baba Ji had come; I had to send her back. Now, he will come at 10 p.m." Then she said, "He will sit here and will take me away quickly. Don't cry. Prepare prasad." I had put the provisions aside in the morning."

When Baba Ji came, she said, "Baba Ji! have you come alone?" He said, "The Singhs are standing outside."

She said, "Please be seated."

He said, "Daughter! there is no time."

She said, "Let me go through the process by which I have to depart."

She brought a tray full of ash. Immediately, she vomited. She herself threw the ash outside. She rinsed her mouth. The villagers assembled when they learnt that she was actually passing away. She greeted all the villagers. She belonged to Bipur. You can go there and inquire yourself about this happening. In this connection, Guru Sahib says –

***'By contemplation of the Lord is annulled death.'*** ***P. 262***

***ਪ੍ਰਭ ਕੈ ਸਿਮਰਨਿ ਕਾਲੁ ਪਰਹਰੈ॥***

None in the world can prevent death, but he who meditates on God can do so. He can say, "Don't come yet. Come after two years."

Baba Ji said, "Two years, two months and two days from now, we will depart from the world in your place."

On that day, Tenth Guru Sahib was at Nanded. At noon, the congregation partook of food, and Guru Sahib got seated in his tent. At that very moment, sound of hymn-singing started coming. On listening attentively, the devotees found it like this–

***Refrain: At whose gates stood tethered elephants,***
***Gone are they Ravana-like.***

***ਧਾਰਨਾ – ਜਿਹਦੇ ਦਰ ਤੇ ਝੂਲਦੇ ਹਾਥੀ,***
***ਲਦ ਗਏ ਨੇ ਰਾਉਣ ਵਰਗੇ ਪਿਆਰਿਓ –2.***

***'There were great ones like Ravana, master of Lanka, all of gold.***
***What happened to his elephants tied at his gate?***
***In an instant all passed into strange hands.'*** ***P. 693***

***ਸਰਬ ਸੋੁਇਨ ਕੀ ਲੰਕਾ ਹੋਤੀ***
***ਰਾਵਨ ਸੇ ਅਧਿਕਾਈ॥***
***ਕਹਾ ਭਇਓ ਦਰਿ ਬਾਂਧੇ ਖਿਨ ਮਹਿ ਭਈ ਪਰਾਈ॥***

Guru Sahib said, "Why are such hymns being sung?"

Folding both his hands and bowing his head, the attendant said, "O Sovereign! Bhai Daya Singh Ji has passed away."

Guru Sahib said, "How has he gone without meeting me? Go, ask him to see me before departing. I have to convey a

message to him."

At that very instant, the Gursikh went to the place where Bhai Daya Singh was lying. He said, "Bhai Sahib! Tenth Guru Sahib commands you to see him before leaving."

At once, uttering '*Waheguru*! *Waheguru*!' he got up and coming into Guru Sahib's presence expressed great grief over parting from him.

Guru Sahib said, "Bhai Sahib! how did you leave without seeing me?"

He (Bhai Daya Singh) replied, "Sovereign! here is your command, and there too, it is your command. That command was so strict that I was asked to leave at once. So, sir! I left."

Guru Sahib asked, "How far had you reached?"

He said, "Sir! I had crossed four regions and was about to enter *'Sachkhand'* (Realm of Eternity), when your voice reached me. So, O Sovereign! I returned from that very point. Now, shower your joys and blessings on me."

Guru Sahib said, "Bhai Daya Singh Ji! we have been together in all the battles. We have fought all wars jointly. Big tasks you accomplished together with me, but now while departing from this world, you went away alone. You did not even consult me before leaving."

He said, "O Sovereign! your command was such."

Guru Sahib then said, "All right! you may go now. We have to leave twenty days later. When I was lying alone in the jungle of *Machhiwara*, I had sent a message to the Transcendent Lord. On my behalf, convey this message at the Divine Portal. Recite lovingly –

***Refrain: Tell the Dear Friend the state of His disciple.***

***ਧਾਰਨਾ – ਹਾਲ ਮੁਰੀਦਾਂ ਦਾ ਕਹਣਾ –2, 2.***
***ਮਿਤ੍ਰ ਪਿਆਰੇ ਨੂੰ ਕਹਿਣਾ –2, 2.***

***'Separated from Thee, the cosy bed hurts,***
***And the high mansions sting like a snake!***
***The goblet pierces like a lance,***
***The cup strikes like a dagger,***
***And the meats tantalize like a butcher's knife.***
***With Thee, O Love, I would prefer to sleep on the bare hard ground,***
***But, cursed is living with those whom one loveth not.'***

***ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ,***
***ਨਾਗ ਨਿਵਾਸਾਂ ਦੇ ਰਹਣਾ॥***
***ਸੂਲ ਸੁਰਾਹੀ ਖੰਜਰ ਪਿਆਲਾ,***
***ਬਿੰਗ ਕਸਾਈਆਂ ਦਾ ਸਹਣਾ॥***
***ਯਾਰੜੇ ਦਾ ਸਾਨੂੰ ਸਥਰ ਚੰਗਾ***
***ਭਠ ਖੇੜਿਆਂ ਦਾ ਰਹਣਾ॥***

Guru Sahib Said, "Bhai Daya Singh Ji! our blessings on you; you can go."

At that time, Bhai Daya Singh Ji paid obeisance to him, sought his permission, made a bed of dry grass and lay on it. After a short while, sentience left his body and he passed away.

What Guru Sahib says is that death is for the self-oriented or apostates, while the Guruwards or God-directed return to their own home and wait for it.

***'Kabir, death, of which the world is terrified, is pleasing unto my mind.'***
***It is in death alone that one is blessed with the perfect supreme bliss.' P. 1365***

***ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥***

So, they experience no difficulty in coming into the world and departing from here –

*'One who is God-directed, is born and dies from fear of Yama free.'* ***P. 932***

**ਗੁਰਮੁਖਿ ਆਵੈ ਜਾਇ ਨਿਸੰਗੁ ॥**

He can come and go at will. Death is for the world. Those, who while living meditate on God's Name reach the Pool of Nectar. They are not afraid of death. Death has no meaning or significance for them. They return to their own Home.

So, things like these that Guru Sahib had tethered he-goats in the tent which he slaughtered instead of the Sikhs are a figment of the imagination. These things introduced in history are the work of weak persons. They are below Guru Sahib's dignity.

The *Khalsa* has been born out of the sword's edge. First, heads have been sacrificed, and then the dead have been brought back to life. A mere glance of the Guru is enough. Guru Sahib had brought about a great revolution. He was to create the *Khalsa* (the Pure) in the world. He had to create such men, who, while living, would be God-like, who would enter the realm of the spirit. Such would be their status and position –

***'The true Khalsa is one who experiences the ecstasy of self-realization.***
***There is no difference among God, I and him.'***
***Sarab Loh Granth***

**ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ ॥**
**ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ ॥**

There is absolutely no difference among them. Guru Sahib was to fashion such perfect human beings with this *'amrit'* (baptismal nectar). Now too, they are being fashioned. This is not to say that there is an acute dearth of them, but the dealers in *'amrit'* have become very few. People do not experience intense desire for partaking of *'amrit'*. They just partake of it on being asked as a formality. What is its use if life has not blossomed?

Earlier also I had narrated that once Bapu Ji (my wife's father) was administering *'amrit'* (baptismal nectar) with Bhai Randhir Singh Ji's group at Ludhiana's Khalsa School. When Bapu Ji had finished the entire task and nectar was to be sprinkled only on the eyes, a child happened to look into his eyes. His gaze was powerful that he was immediately thrown into a trance.

Bhai Sahib noticed it and said to Bapu Ji, "Hira Singh Ji, what will happen now?"

He said, "Nothing is going to happen. I happened to look into his eyes with majesty."

***'Nectar rains from the glance of the God-enlightened.' P. 273***

**ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥**

Nectar rains from the gaze of those persons who have realized God. A magnetic power comes in the eyes of those who practise Divine Name meditation. With a single glance, the God-enlightened can draw a person towards himself and bewitch him. This is called magnetic glance. That is why, the exalted ones and God-enlightened are requested, "Sir, cast your glance." What can the glance of the dead do? He alone can do it in whose eyes there is magnetic or spiritual power.

So, in this way, that child went into a spiritual trance for 56 hours. He was a student of tenth class. At that time, it was decided – 'All of us have magnetic spiritual power, but we should use it in very small measures. We should administer *'amrit'* (nectar) with full force. We should use it as

much as the children can bear."

It is an incident relating to the Head of *Namdhari* Sect. The English rulers ordered, "Don't let the people become *'Singhs'* or embrace Sikhism by partaking of *'amrit'* (baptismal nectar)." As a result, in the census of 1861, the Sikhs population fell from 78 lakhs to 13,45000. When the English conquered the Punjab, in just thirteen years, the Sikh population declined so much – from 78 lakhs, it became a mere 13,45000. Even under these statistics, a note was given: Although we have recorded these persons as Sikhs, yet nine lakh are not Sikhs in the true sense of the word because they drink alcohol and eat meat. If true Sikhs are to be marked out of them, their number will be 4,45,000 only. The danger is from them, because people start following them. Once they recite a *'shabad'* (hymn), people start following them. They are thrown into excitement and ecstasy.

Holy congregation! Aurangzeb was dead against Divine ecstasy, i.e. dancing in spiritual joy and euphoria. *Sufis* (*Muslim* mystics; a monastic sect of Muslims) were holding a religious programme. He commanded that nobody should be permitted to dance in spiritual joy and ecstasy. In Sikhism too, we are advised not to be thrown into Divine ecstasy. But this is not within man's power. When he is moved with Divine rapture, he cannot control it because it is very powerful.

When Saint Ramanand said to Kabir Sahib, "Thou belonging to 'Rama' (God), get up and utter 'Rama'."

What happened was that he forgot him. He was thrown out of senses. Springs of nectar started flowing. He could not bear it. Guru Sahib says, 'In the very first utterance of God's Name, he was aligned with God, because he had already practised it –

***'The same word Rama, everyone uses for Dashrath's son and the same word for the wondrous Lord.'* P. 1374**

**ਸੋਈ ਰਾਮੁ ਸਭੈ ਕਹਹਿ ਸੋਈ ਕਉਤਕਹਾਰ॥**

So the English rulers had prohibited the assembly of five *Sikhs*. When five *namdharis* assembled, they were arrested. The English had purchased many people because we are always ready to be slaves; we don't want freedom. People seldom think of freedom. How big Sikh kingdom was, but we lost it!

The *Namdharis* refused to submit to the dictates of the British government. The English thought only if they could destroy the *Namdharis*! But they very firm and determined in their faith. Mr. Kevin sent a secret report to the government: "The *Namdharis* ran ahead of one another to face the cannons. They said to one another – you wait; first I will go in front of the cannons. Those who have so much spirit of sacrifice, can oust us any time. Beware of them. Enforce restrictions on them, so that nobody may be able to approach them." So, Police force was posted at *Bhaini* Sahib. Nobody went there. Anybody who tried to go was intimidated by the Police. They kept patrolling the villages to harass any *Namdhari,* if there happened to be one. On the other hand, the English government gave immense wealth to the weak Sikh sects to declare that the *Namdharis* were not Sikhs. In those days, there used to be priests in *Sikh* places of worship. Baba Ji (Head of the *Namdhari* Sect) was not allowed to go the *Takhat*. They said, "Come only if

you pay a fine of two lakh rupees." Baba Ji said, "I am a poor blacksmith. I make my both ends by selling sickles and chains. All the money belongs to the devotees. It is not mine. I wear coarse cotton cloth." It was a clever move of the English.

When Baba Ji set out for *Kesgarh Sahib*, 50000 *Singhs* accompanied him. On the other side, the English instigated the *Nihang Singhs* not to permit him to enter *Kesgarh Sahib*, saying, "He is an apostate; he is an aberrant. He is not a Sikh." It is the will of the ruler. He can get allegations levelled against anyone he wishes. The English rulers used all their power to suppress the *Namdharis*. Besides, they issued prohibitory orders banning the assembly of five *Namdharis*. Now if five persons could into assemble, who would prepare *'amrit'* (baptismal nectar) and administer it? Except the *Namdharis*, there was none else here to administer '*amrit'* (baptismal nectar).

So, the *Namdharis* dug basements in the fields. There, they secretly prepared *'amrit'*, which was carried in buckets in different directions, where *Singhs* were waiting to partake of it. They were instructed to disperse immediately after *'amrit'* was administered to them. How difficult it was to profess and follow *Sikhism* at the time! Sometimes, you should read this litrature. Such were the sacrifices which the Sikhs had to make. They were not afraid of death. They had vanquished the fear of death with the power of the Name. That is why, they came running in front of cannons to embrace martyrdom.

It is preposterous to say that when Sovereign Tenth Guru demanded heads, nobody got up in the assembly, that people were frightened, that a second call was made, and then did Daya Singh stand up. God knows who are the people who say such things! These persons are ignorant about *Sikhism*. The Sikhs are like moths who go running where there is even a little light.

